ਸ਼ਨੀਵਾਰ, 2 ਅਗਸਤ, 2025
18 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 62

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 2 AUGUST, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਟਰੰਪ ਵੱਲੋਂ ਪਾਕਿਸਤਾਨ ਨਾਲ ਲਿਹਾਜ਼

### ਪਾਕਿਸਤਾਨ 'ਤੇ 19 ਫੀਸਦੀ ਤੇ ਭਾਰਤ 'ਤੇ 25 ਫੀਸਦੀ ਟੈਰਿਫ

**ਵਾਸ਼ਿੰਗਟਨ** : ਅਮਰੀਕਾ ਨੇ ਦੁਨੀਆ-ਭਰ ਦੇ ਦੇਸ਼ਾਂ ਤੋਂ ਆਉਣ ਵਾਲੇ ਮਾਲ 'ਤੇ ਲਗਾਏ ਜਾ ਰਹੇ ਟੈਕਸਾਂ ਦੀ ਇੱਕ ਵਿਸਤ੍ਰਿਤ ਸੂਚੀ ਜਾਰੀ ਕੀਤੀ ਹੈ, ਜਿਸ ਵਿੱਚ ਭਾਰਤ 'ਤੇ 25 ਫੀਸਦੀ ਟੈਕਸ ਲਗਾਉਣ ਦਾ ਐਲਾਨ ਕੀਤਾ ਹੈ।ਖਾਸ ਗੱਲ ਇਹ ਹੈ ਕਿ ਗੁਆਂਢੀ ਦੇਸ਼ ਪਾਕਿਸਤਾਨ ਅਤੇ ਸ੍ਰੀਲੰਕਾ ਦੇ ਮੁਕਾਬਲੇ ਭਾਰਤ 'ਤੇ ਜ਼ਿਆਦਾ ਟੈਕਸ ਲਗਾਇਆ ਗਿਆ ਹੈ। ਆਪਸੀ ਟੈਕਸ ਦਰਾਂ ਵਿੱਚ ਹੋਰ ਸੋਧ ਸਿਰਲੇਖ ਵਾਲੇ ਇੱਕ ਸਰਕਾਰੀ ਹੁਕਮ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੁਨੀਆ-ਭਰ ਦੇ ਲੱਗਭੱਗ 70 ਦੇਸ਼ਾਂ ਲਈ ਟੈਕਸ ਦਰਾਂ ਦਾ ਐਲਾਨ ਕੀਤਾ।ਟੈਕਸ ਲਾਗੂ ਕਰਨ ਦੀ ਆਖਰੀ ਮਿਤੀ 1 ਅਗਸਤ ਸੀ, ਪਰ ਨਵੀਆਂ ਟੈਕਸ ਦਰਾਂ 7 ਅਗਸਤ ਤੋਂ ਲਾਗੂ ਹੋਣਗੀਆਂ।ਟਰੰਪ ਨੇ ਇੱਕ ਸਰਕਾਰੀ ਹੁਕਮ ਵਿੱਚ ਕਿਹਾ ਕਿ ਕੁਝ ਵਪਾਰਕ ਭਾਈਵਾਲ ਅਮਰੀਕਾ ਨਾਲ



ਸਾਰਥਕ ਵਪਾਰ ਅਤੇ ਸੁਰੱਖਿਆ ਪ੍ਰਤੀਬੱਧਤਾਵਾਂ 'ਤੇ ਸਹਿਮਤ ਹੋ ਗਏ ਹਨ ਜਾਂ ਸਹਿਮਤ ਹੋਣ ਦੇ ਨੇੜੇ ਹਨ, ਜੋ ਵਪਾਰਕ ਰੁਕਾਵਟਾਂ ਨੂੰ ਸਥਾਈ ਤੌਰ 'ਤੇ ਦੂਰ ਕਰਨ ਅਤੇ ਆਰਥਕ ਤੇ ਕੌਮੀ ਸੁਰੱਖਿਆ ਮਾਮਲਿਆਂ 'ਤੇ ਅਮਰੀਕਾ ਨਾਲ ਤਾਲਮੇਲ ਬਿਠਾਉਣ ਦੇ ਉਨ੍ਹਾਂ ਦੇ ਇਮਾਨਦਾਰ ਇਰਾਦੇ ਨੂੰ ਦਰਸਾਉਂਦਾ ਹੈ।

ਉਨ੍ਹਾ ਕਿਹਾ, "ਹੋਰ ਵਪਾਰਕ ਭਾਈਵਾਲਾਂ ਨੇ ਗੱਲਬਾਤ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਅਜਿਹੀਆਂ ਸ਼ਰਤਾਂ ਪੇਸ਼ ਕੀਤੀਆਂ ਹਨ, ਜੋ ਮੇਰੇ ਵਿਚਾਰ ਵਿੱਚ ਸਾਡੇ ਵਪਾਰਕ ਸੰਬੰਧਾਂ ਵਿੱਚ ਅਸੰਤੁਲਨ ਨੂੰ ਢੁਕਵੇਂ ਰੂਪ ਵਿੱਚ ਹੱਲ ਨਹੀਂ ਕਰਦੀਆਂ ਜਾਂ ਆਰਥਿਕ ਤੇ ਕੌਮੀ ਸੁਰੱਖਿਆ ਦੇ ਮਾਮਲਿਆਂ ਵਿੱਚ ਅਮਰੀਕਾ ਨਾਲ ਤਾਲਮੇਲ ਕਰਨ ਵਿੱਚ ਅਸਫਲ ਰਹੀਆਂ ਹਨ।"

ਅਮਰੀਕਾ ਵੱਲੋਂ ਜਾਰੀ ਕੀਤੀ ਗਈ ਸੂਚੀ ਵਿੱਚ ਟੈਕਸ ਦੀ ਦਰ 10 ਫੀਸਦੀ ਤੋਂ ਲੈ ਕੇ 40 ਫੀਸਦੀ ਤੱਕ ਹੈ, ਜਿਸ ਵਿੱਚ ਜਾਪਾਨ 'ਤੇ 15 ਫੀਸਦੀ, ਲਾਓਸ ਅਤੇ ਮਿਆਂਮਾਰ 'ਤੇ 40 ਫੀਸਦੀ, ਪਾਕਿਸਤਾਨ 'ਤੇ 19 ਫੀਸਦੀ, ਸ੍ਰੀਲੰਕਾ 'ਤੇ 20 ਫੀਸਦੀ ਅਤੇ ਬ੍ਰਿਟੇਨ 'ਤੇ 10 ਫੀਸਦੀ ਟੈਕਸ ਲਗਾਇਆ ਗਿਆ ਹੈ।ਅਮਰੀਕਾ ਵੱਲੋਂ ਪਾਕਿਸਤਾਨ 'ਤੇ ਪਹਿਲਾਂ 29 ਫੀਸਦੀ ਟੈਕਸ ਲਾਇਆ ਗਿਆ ਸੀ, ਪਰ ਬਾਅਦ ਵਿੱਚ ਇਸ ਨੂੰ ਘਟਾ ਕੇ 19 ਫੀਸਦੀ ਕਰ ਦਿੱਤਾ ਗਿਆ ਹੈ।

## ਦੇਵਗੌੜਾ ਦਾ ਪੋਤਾ ਪ੍ਰਜਵਲ ਰੇਵੰਨਾ ਜਬਰ-ਜ਼ਨਾਹ ਦਾ ਦੋਸ਼ੀ ਕਰਾਰ

**ਬੇਂਗਲੁਰੂ** : ਸਾਬਕਾ ਸੰਸਦ ਮੈਂਬਰ ਅਤੇ ਜਨਤਾ ਦਲ (ਸੈਕੂਲਰ) ਦੇ ਮੁਅੱਤਲ ਆਗੂ ਪ੍ਰਜਵਲ ਰੇਵੰਨਾ ਨੂੰ ਸ਼ੁੱਕਰਵਾਰ ਇੱਥੋਂ ਦੀ ਵਿਸ਼ੇਸ਼ ਅਦਾਲਤ ਨੇ ਜਿਨਸੀ ਸ਼ੋਸ਼ਣ ਅਤੇ ਜਬਰ-ਜ਼ਨਾਹ ਦੇ ਚਾਰ ਮਾਮਲਿਆਂ ਵਿੱਚੋਂ ਇੱਕ ਵਿੱਚ ਦੋਸ਼ੀ ਕਰਾਰ ਦਿੱਤਾ।ਵਿਸ਼ੇਸ਼ ਅਦਾਲਤ ਦੇ ਜੱਜ ਸੰਤੋਸ਼ ਗਜਾਨਨ ਭੱਟ ਸ਼ਨਿਚਰਵਾਰ ਨੂੰ ਸਜ਼ਾ ਦਾ ਐਲਾਨ ਕਰਨਗੇ।ਇਹ ਮਾਮਲਾ ਹਾਸਨ ਜ਼ਿਲ੍ਹੇ ਦੇ ਹੋਲੇਨਰਸੀਪੁਰਾ ਵਿੱਚ ਪਰਵਾਰ ਦੇ ਗੰਨੀਕਾਡਾ ਫਾਰਮ ਹਾਊਸ ਵਿੱਚ ਕੰਮ ਕਰਨ ਵਾਲੀ 48 ਸਾਲਾ ਔਰਤ ਨਾਲ ਸੰਬੰਧਤ ਹੈ। ਦੋਸ਼ ਹੈ ਕਿ ਉਸ ਨਾਲ 2021 ਵਿੱਚ ਦੋ ਵਾਰ ਜਬਰ-ਜ਼ਨਾਹ ਕੀਤਾ ਗਿਆ ਅਤੇ ਮੁਲਜ਼ਮ ਨੇ ਇਸ ਘਟਨਾ ਨੂੰ ਆਪਣੇ ਮੋਬਾਈਲ ਫੋਨ 'ਤੇ ਰਿਕਾਰਡ ਕਰ ਲਿਆ ਸੀ। ਬਲਾਤਕਾਰ ਅਤੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪ੍ਰਜਵਲ ਰੇਵੰਨਾ ਵਿਰੁੱਧ ਚਾਰ ਵੱਖ-



ਵੱਖ ਮਾਮਲੇ ਦਰਜ ਕਰਕੇ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਸੀ।ਪ੍ਰਜਵਲ ਰੇਵੰਨਾ ਸਾਬਕਾ ਪ੍ਰਧਾਨ ਮੰਤਰੀ ਅਤੇ ਪਾਰਟੀ ਦੇ ਮੁਖੀ ਐੱਚ ਡੀ ਦੇਵਗੌੜਾ ਦਾ ਪੋਤਰਾ ਹੈ। ਇਹ ਮਾਮਲੇ 26 ਅਪ੍ਰੈਲ 2024 ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਹਾਸਨ ਵਿੱਚ ਕਥਿਤ ਤੌਰ 'ਤੇ ਪ੍ਰਜਵਲ ਰੇਵੰਨਾ ਨਾਲ ਸੰਬੰਧਤ ਅਸ਼ਲੀਲ ਵੀਡੀਓਜ਼ ਵਾਲੀਆਂ ਪੈਨ-ਡਰਾਈਵਾਂ ਦੇ ਵਾਇਰਲ ਹੋਣ ਤੋਂ ਬਾਅਦ ਸਾਹਮਣੇ ਆਏ ਸਨ।

ਹੋਲੇਨਰਸੀਪੁਰਾ ਟਾਊਨ ਪੁਲਸ ਸਟੇਸ਼ਨ ਵਿੱਚ ਦਰਜ ਇੱਕ ਮਾਮਲੇ ਦੇ ਸੰਬੰਧ ਵਿੱਚ ਉਸ ਨੂੰ ਪਿਛਲੇ ਸਾਲ 31 ਮਈ ਨੂੰ ਜਰਮਨੀ ਤੋਂ ਬੇਂਗਲੁਰੂ ਹਵਾਈ ਅੱਡੇ 'ਤੇ ਪਹੁੰਚਣ 'ਤੇ ਐੱਸ ਆਈ ਟੀ ਨੇ ਗ੍ਰਿਫਤਾਰ ਕਰ ਲਿਆ ਸੀ। ਉਸ ਵਿਰੁੱਧ ਮਾਮਲੇ ਦਰਜ ਹੋਣ ਤੋਂ ਬਾਅਦ ਉਸ ਨੂੰ ਪਾਰਟੀ ਵਿੱਚੋਂ ਮੁਅੱਤਲ ਕਰ ਦਿੱਤਾ ਗਿਆ ਸੀ।

## ਜਦੋਂ 'ਐਟਮ ਬੰਬ' ਫਟਿਆ, ਚੋਣ ਕਮਿਸ਼ਨ ਨੂੰ ਲੁਕਣ ਲਈ ਥਾਂ ਨਹੀਂ ਲੱਭਣੀ : ਰਾਹੁਲ

**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਸ਼ੁੱਕਰਵਾਰ ਦਾਅਵਾ ਕੀਤਾ ਕਿ ਚੋਣ ਕਮਿਸ਼ਨ ਭਾਜਪਾ ਲਈ 'ਵੋਟ ਚੋਰੀ' ਵਿੱਚ ਸ਼ਾਮਲ ਹੈ ਤੇ ਉਨ੍ਹਾਂ ਦੀ ਪਾਰਟੀ ਕੋਲ ਇਸ ਬਾਰੇ 'ਐਟਮ ਬੰਬ' ਵਾਂਗ ਪੱਕੇ ਸਬੂਤ ਹਨ।ਰਾਹੁਲ ਨੇ ਕਿਹਾ ਕਿ 'ਜਿਸ ਦਿਨ ਇਹ ਬੰਬ ਫਟਿਆ' ਉਸ ਦਿਨ ਚੋਣ ਕਮਿਸ਼ਨ ਨੂੰ ਮੂੰਹ ਲੁਕਾਉਣ ਲਈ ਕੋਈ ਥਾਂ ਨਹੀਂ ਲੱਭਣੀ।ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਨੇ ਇੱਥੇ ਸੰਸਦੀ ਕੰਪਲੈਕਸ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਮੈਂ ਕਿਹਾ ਸੀ ਕਿ 'ਵੋਟ ਚੋਰੀ' ਹੋ ਰਹੀ ਹੈ ਤੇ ਹੁਣ ਸਾਡੇ ਕੋਲ ਇਸ ਬਾਰੇ ਪੱਕੇ ਸਬੂਤ ਹਨ ਕਿ ਚੋਣ ਕਮਿਸ਼ਨ 'ਵੋਟ ਚੋਰੀ' ਵਿੱਚ ਸ਼ਾਮਲ ਹੈ।ਮੈਂ ਇਹ ਮਜ਼ਾਕ ਵਿੱਚ ਨਹੀਂ ਕਹਿ ਰਿਹਾ। ਮੈਂ 100 ਫੀਸਦ ਸਬੂਤ ਨਾਲ ਇਹ ਗੱਲ ਕਹਿ ਰਿਹਾ ਹਾਂ। ਜਿਵੇਂ ਹੀ ਅਸੀਂ ਇਹ ਸਬੂਤ ਨਸ਼ਰ ਕੀਤੇ, ਪੂਰੇ ਦੇਸ਼ ਨੂੰ ਪਤਾ ਲੱਗ ਜਾਵੇਗਾ ਕਿ ਚੋਣ ਕਮਿਸ਼ਨ 'ਵੋਟ ਚੋਰੀ' ਵਿੱਚ ਸ਼ਾਮਲ ਹੈ। ਉਹ ਭਾਜਪਾ ਲਈ ਇਹ ਕਰ ਰਿਹਾ ਹੈ।"



ਉਨ੍ਹਾ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਪਿਛਲੇ ਸਾਲ ਮੱਧ ਪ੍ਰਦੇਸ਼ ਅਸੈਂਬਲੀ ਚੋਣਾਂ ਵਿੱਚ ਚੋਣ ਬੇਨਿਯਮੀਆਂ ਦਾ ਸ਼ੱਕ ਹੋਇਆ ਸੀ, ਫਿਰ ਲੋਕ ਸਭਾ ਚੋਣਾਂ ਤੇ ਮਹਾਰਾਸ਼ਟਰ ਚੋਣਾਂ ਵਿੱਚ ਇਹ ਹੋਰ ਵਧ ਗਿਆ।ਉਨ੍ਹਾ ਕਿਹਾ, "ਸਾਡਾ ਮੰਨਣਾ ਹੈ ਕਿ ਵੋਟ ਚੋਰੀ ਸੂਬਾਈ ਪੱਧਰ 'ਤੇ (ਮਹਾਰਾਸ਼ਟਰ ਵਿੱਚ) ਹੋਈ ਹੈ। ਵੋਟਰਾਂ ਦੀ ਸੋਧ ਹੋਈ ਸੀ ਅਤੇ ਕਰੋੜਾਂ ਵੋਟਰ ਸ਼ਾਮਲ ਕੀਤੇ ਗਏ ਸਨ। ਚੋਣ ਕਮਿਸ਼ਨ ਨੇ ਕੋਈ ਹੱਥ-ਪੱਲਾ ਨਹੀਂ ਫੜਾਇਆ ਤਾਂ ਅਸੀਂ ਆਪਣੇ ਪੱਧਰ 'ਤੇ ਜਾਂਚ ਕੀਤੀ ਤੇ ਇਸ ਦੀ ਹੋਰ ਡੂੰਘਾਈ ਨਾਲ ਜਾਂਚ ਕਰਨ ਦਾ ਫੈਸਲਾ ਕੀਤਾ। ਅਸੀਂ ਆਪਣੀ ਜਾਂਚ ਖੁਦ ਕਰਵਾਈ, ਇਸ ਵਿੱਚ ਛੇ ਮਹੀਨੇ ਲੱਗੇ ਅਤੇ ਜੋ ਸਾਨੂੰ ਮਿਲਿਆ ਹੈ ਉਹ ਇੱਕ ਐਟਮ ਬੰਬ ਹੈ। ਜਦੋਂ ਇਹ ਫਟਿਆ ਤਾਂ ਚੋਣ ਕਮਿਸ਼ਨ ਕੋਲ ਦੇਸ਼ ਵਿੱਚ ਸਿਰ ਲੁਕਾਉਣ ਲਈ ਕੋਈ ਥਾਂ ਨਹੀਂ ਹੋਵੇਗੀ।" ਕਾਂਗਰਸ ਆਗੂ ਨੇ ਚੇਤਾਵਨੀ ਦਿੱਤੀ ਕਿ ਚੋਣ ਕਮਿਸ਼ਨ ਦੇ ਉਪਰ ਤੋਂ ਲੈ ਕੇ ਹੇਠਾਂ ਤੱਕ ਜਿਹੜੇ ਵੀ ਲੋਕ ਇਸ ਵਿੱਚ ਸ਼ਾਮਲ ਹਨ, ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ, ਕਿਉਂਕਿ ਉਹ ਭਾਰਤ ਵਿਰੁੱਧ ਕੰਮ ਕਰ ਰਹੇ ਹਨ।ਉਨ੍ਹਾ ਕਿਹਾ, "ਇਹ ਦੇਸ਼ਧ੍ਰੋਹ ਹੈ, ਇਸ ਤੋਂ ਘੱਟ ਕੁਝ ਨਹੀਂ। ਤੁਸੀਂ ਸੇਵਾਮੁਕਤ ਹੋ ਸਕਦੇ ਹੋ, ਤੁਸੀਂ ਕਿਤੇ ਵੀ ਹੋ ਸਕਦੇ ਹੋ, ਅਸੀਂ ਤੁਹਾਨੂੰ ਲੱਭ ਲਵਾਂਗੇ।

## ਕੰਗਨਾ ਰਣੌਤ ਦੀ ਪਟੀਸ਼ਨ ਰੱਦ ਹੋਣ ਤੋਂ ਬਾਅਦ ਮਾਣਹਾਨੀ ਕੇਸ ਚੱਲਣ ਲਈ ਰਾਹ ਪੱਧਰਾ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸ਼ੁੱਕਰਵਾਰ ਮਾਣਹਾਨੀ ਮਾਮਲੇ ਨੂੰ ਚੁਣੌਤੀ ਦੇਣ ਵਾਲੀ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ। ਪਟੀਸ਼ਨ ਖਾਰਜ ਹੋਣ ਨਾਲ ਕੰਗਨਾ ਰਣੌਤ ਵਿਰੁੱਧ ਬਠਿੰਡਾ ਦੀ ਅਦਾਲਤ ਵਿੱਚ ਚੱਲ ਰਹੇ ਮਾਣਹਾਨੀ ਕੇਸ ਲਈ ਰਾਹ ਪੱਧਰਾ ਹੋ ਗਿਆ ਹੈ।ਜਦੋਂ ਕੇਂਦਰ ਸਰਕਾਰ ਵਿਰੁੱਧ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਦਿੱਲੀ ਦੀਆਂ ਬਰੂਹਾਂ 'ਤੇ ਅੰਦੋਲਨ ਚੱਲ ਰਿਹਾ ਸੀ ਤਾਂ ਉਸ ਵੇਲੇ ਕੰਗਨਾ ਰਣੌਤ ਨੇ ਇੱਕ ਬਜ਼ੁਰਗ ਮਾਈ 'ਤੇ ਟਿੱਪਣੀ ਕਰਦਿਆਂ ਉਸ ਨੂੰ ਭਾੜੇ ਦੀ ਔਰਤ ਦੱਸਿਆ ਸੀ। ਬਠਿੰਡਾ ਜ਼ਿਲ੍ਹੇ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਬਜ਼ੁਰਗ ਮਾਈ ਮਹਿੰਦਰ



ਕੌਰ ਨੇ 5 ਜਨਵਰੀ 2021 ਨੂੰ ਬਠਿੰਡਾ ਦੀ ਅਦਾਲਤ ਵਿੱਚ ਧਾਰਾ 499,500 ਤਹਿਤ ਕੰਗਨਾ ਰਣੌਤ ਵਿਰੁੱਧ ਮਾਣਹਾਨੀ ਦੇ ਕੇਸ ਨੂੰ ਲੈ ਕੇ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਕੰਗਨਾ ਰਣੌਤ ਨੇ ਹਾਈਕੋਰਟ ਵਿੱਚ ਚੁਣੌਤੀ ਦੇ ਦਿੱਤੀ ਸੀ। ਹਾਈਕੋਰਟ ਨੇ ਬਠਿੰਡਾ ਅਦਾਲਤ ਵਿੱਚ ਚੱਲ ਰਿਹਾ ਇਹ ਕੇਸ ਸਟੇਅ ਕਰ ਦਿੱਤਾ ਸੀ।ਹੁਣ ਹਾਈਕੋਰਟ ਨੇ ਕੰਗਨਾ ਰਣੌਤ ਦੀ ਪਟੀਸ਼ਨ ਨੂੰ ਰੱਦ ਕਰਕੇ ਬਠਿੰਡਾ ਅਦਾਲਤ ਦੇ ਕੇਸ ਲਈ ਰਾਹ ਪੱਧਰਾ ਕਰ ਦਿੱਤਾ ਹੈ।ਇਸ ਮਾਮਲੇ ਦੀ ਅਗਲੀ ਸੁਣਵਾਈ ਬਠਿੰਡਾ ਅਦਾਲਤ ਦੀ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਦੀ ਅਦਾਲਤ ਵਿੱਚ 11 ਅਗਸਤ ਨੂੰ ਹੋਵੇਗੀ।

## ਪਾਰਟੀ ਕਾਂਗਰਸ ਨੂੰ ਸਮਰਪਤ ਗੋਸ਼ਟੀ ਅੱਜ

**ਮੋਗਾ** : ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ ਸੰਮੇਲਨ ਨੂੰ ਸਮਰਪਤ ਵਿਚਾਰ ਗੋਸ਼ਟੀ ਬੇਰੁਜ਼ਗਾਰੀ, ਸਮੱਸਿਆ ਅਤੇ ਹੱਲ ਵਿਸ਼ੇ 'ਤੇ 2 ਅਗਸਤ ਨੂੰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਕੀਤੀ ਜਾ ਰਹੀ ਹੈ, ਜਿਸ 'ਚ ਮੁੱਖ ਬੁਲਾਰੇ ਪ੍ਰੋਫੈਸਰ ਅਰੁਣ ਕੁਮਾਰ ਪ੍ਰਸਿੱਧ ਅਰਥਸ਼ਾਸ਼ਤਰੀ ਹੋਣਗੇ। ਇਸ ਮੌਕੇ ਕਾਮਰੇਡ ਜਗਰੂਪ ਸੀ ਪੀ ਆਈ ਕੌਮੀ ਕੌਂਸਲ ਮੈਂਬਰ ਅਤੇ ਨਰਿੰਦਰ ਕੌਰ ਸੋਹਲ ਸੀ ਪੀ ਆਈ ਕੌਮੀ ਕੌਂਸਲ ਮੈਂਬਰ ਵੀ ਆਪਣੇ ਵਿਚਾਰ ਪੇਸ਼ ਕਰਨਗੇ।

## ਰਾਜ ਸਭਾ ਨਹੀਂ ਚੱਲੀ

**ਨਵੀਂ ਦਿੱਲੀ** : ਵਿਰੋਧੀ ਧਿਰਾਂ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਦੇ ਅਮਲ ਉੱਤੇ ਚਰਚਾ ਦੀ ਮੰਗ ਨੂੰ ਲੈ ਕੇ ਸ਼ੁੱਕਰਵਾਰ ਵੀ ਬਜ਼ਿੱਦ ਰਹੀਆਂ। ਸਦਨ ਦੀ ਕਾਰਵਾਈ ਪਹਿਲਾਂ 12 ਵਜੇ ਤੱਕ ਤੇ ਮੁੜ ਕੇ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ ਗਈ। ਸਦਨ ਹੁਣ ਸੋਮਵਾਰ ਨੂੰ ਸਵੇਰੇ 11 ਵਜੇ ਮੁੜ ਜੁੜੇਗਾ।

## ਬਿਹਾਰ ਦੇ ਵੋਟਰਾਂ ਦੀ ਡਰਾਫਟ ਸੂਚੀ ਜਾਰੀ

**ਨਵੀਂ ਦਿੱਲੀ** : ਭਾਰਤੀ ਚੋਣ ਕਮਿਸ਼ਨ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਿਹਾਰ ਵਿੱਚ ਇੱਕ ਮਹੀਨੇ ਤੱਕ ਚੱਲੀ ਵਿਸ਼ੇਸ਼ ਵਿਆਪਕ ਸੁਧਾਈ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਡਰਾਫਟ ਸੂਚੀ ਜਾਰੀ ਕਰ ਦਿੱਤੀ ਹੈ।ਇਕੱਠੀ ਸੂਚੀ ਉਪਲੱਬਧ ਨਹੀਂ ਕਰਵਾਈ ਗਈ, ਪਰ ਵੋਟਰ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਆਪਣੇ ਨਾਂਅ ਦੇਖ ਸਕਦੇ ਹਨ।ਡਰਾਫਟ ਸੂਚੀਆਂ ਦੇ ਪ੍ਰਕਾਸ਼ਤ ਹੋਣ ਦੇ ਨਾਲ ਦਾਅਵਿਆਂ ਅਤੇ ਇਤਰਾਜ਼ਾਂ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਗਈ ਹੈ ਅਤੇ ਇਹ ਪ੍ਰਕਿਰਿਆ 1 ਸਤੰਬਰ ਤੱਕ ਜਾਰੀ ਰਹੇਗੀ।

## ਅਮਰਨਾਥ ਯਾਤਰਾ ਭਲਕ ਤੱਕ ਮੁਅੱਤਲ

**ਸ੍ਰੀਨਗਰ** : ਭਾਰੀ ਮੀਂਹ ਤੋਂ ਬਾਅਦ ਯਾਤਰਾ ਦੇ ਦੋਵਾਂ ਰਸਤਿਆਂ 'ਤੇ ਜ਼ਰੂਰੀ ਮੁਰੰਮਤ ਅਤੇ ਰੱਖ-ਰਖਾਅ ਦੇ ਕੰਮ ਕੀਤੇ ਜਾਣ ਕਾਰਨ ਅਮਰਨਾਥ ਯਾਤਰਾ ਨੂੰ 3 ਅਗਸਤ ਤੱਕ ਮੁਅੱਤਲ ਕਰ ਦਿੱਤਾ ਗਿਆ ਹੈ। ਸ਼ੁੱਕਰਵਾਰ ਸਵੇਰੇ ਪਹਿਲਗਾਮ ਰੂਟ ਤੋਂ ਯਾਤਰਾ ਮੁਅੱਤਲ ਰਹੀ ਅਤੇ ਸ਼ਰਧਾਲੂਆਂ ਦੇ ਕਿਸੇ ਵੀ ਨਵੇਂ ਜਥੇ ਨੂੰ ਗੁਫਾ ਵੱਲ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ, ਜਦਕਿ ਬਾਲਟਾਲ ਰੂਟ ਤੋਂ ਯਾਤਰਾ ਦੀ ਇਜਾਜ਼ਤ ਦਿੱਤੀ ਗਈ ਸੀ। ਹਾਲਾਂਕਿ ਭਾਰੀ ਮੀਂਹ ਕਾਰਨ ਬਾਅਦ ਵਿੱਚ ਬਾਲਟਾਲ ਰੂਟ ਤੋਂ ਵੀ ਯਾਤਰਾ ਮੁਅੱਤਲ ਕਰ ਦਿੱਤੀ ਗਈ।

## ਕੀਰਤਪੁਰ-ਮਨਾਲੀ ਰਾਹ ਬੰਦ

**ਸ਼ਿਮਲਾ** : ਮੰਡੀ ਜ਼ਿਲ੍ਹੇ ਦੇ ਪੰਡੋਹ ਖੇਤਰ ਵਿੱਚ ਕੈਂਚੀ ਮੋੜ ਨੇੜੇ ਮੰਡੀ-ਕੁੱਲੂ ਦਰਮਿਆਨ ਕੀਰਤਪੁਰ-ਮਨਾਲੀ ਕੌਮੀ ਸ਼ਾਹਰਾਹ 'ਤੇ ਸ਼ੁੱਕਰਵਾਰ ਜ਼ਮੀਨ ਦਾ ਇੱਕ ਵੱਡਾ ਹਿੱਸਾ ਖਿਸਕਣ ਕਾਰਨ ਸ਼ਾਹਰਾਹ ਆਵਾਜਾਈ ਲਈ ਪੂਰੀ ਤਰ੍ਹਾਂ ਬੰਦ ਹੋ ਗਿਆ।ਮੰਡੀ ਪੁਲਸ ਮੁਤਾਬਕ ਮੁਰੰਮਤ ਦਾ ਕੰਮ ਜਾਰੀ ਹੈ, ਪਰ ਨੁਕਸਾਨ ਜ਼ਿਆਦਾ ਹੋਣ ਕਰਕੇ ਕਾਫੀ ਸਮਾਂ ਲੱਗ ਸਕਦਾ ਹੈ।

## ਅੱਜ-ਨਾਮਾ

ਕੁੜਿੱਕੀ ਕਾਨੂੰਨ ਦੀ ਦਿੱਸਦੀ ਪਈ ਡਾਢੀ,
ਲੱਗਦੀ ਘੇਰੇ ਵਿੱਚ ਕੰਗਨਾ ਆਈ ਮੀਆਂ।
ਛੁਟਕਾਰਾ ਕੇਸ ਦਾ ਗਈ ਉਹ ਪਾਵਣੇ ਨੂੰ,
ਸਹਿਮਤੀ ਜੱਜਾਂ ਨੇ ਨਹੀਂ ਦਿਖਾਈ ਮੀਆਂ।
ਮਹਿੰਦਰ ਕੌਰ ਲਈ ਆਖੀ ਸੀ ਗੱਲ ਜਿੱਡੀ,
ਉਸ ਨੇ ਕੁੜੀ ਆ ਬੜੀ ਉਲਝਾਈ ਮੀਆਂ।
ਕਿਸਾਨ ਬੀਬੀ ਅਦਾਲਤ ਤੱਕ ਆਣ ਪੁੱਜੀ,
ਕੰਗਨਾ ਰਣੌਤ ਫਸਾਈ ਉਸ ਮਾਈ ਮੀਆਂ।
ਨਸ਼ਾ ਸੱਤਾ ਦਾ ਪਹਿਲਾਂ ਸੀ ਬੜਾ ਚੜ੍ਹਿਆ,
ਕਰਦੀ ਖਰੂਦ ਉਹ ਰਹੀ ਸੀ ਬੜਾ ਮੀਆਂ।
ਬਦਲਦੇ ਵਕਤ ਨਹੀਂ ਲੱਗਦਾ ਪਤਾ ਹੁੰਦਾ,
ਭਰਦਾ ਆਖਰ ਨੂੰ ਪਾਪਾਂ ਦਾ ਘੜਾ ਮੀਆਂ।

-ਤੀਸ ਮਾਰ ਖਾਂ



2-AUG-PAGE-1.qxd 8/1/2025 9:31 PM Page 2



## ਜੇ ਈ ਸਵਰਨ ਸਿੰਘ ਨੂੰ ਸੇਵਾਮੁਕਤੀ 'ਤੇ ਵਿਦਾਇਗੀ ਪਾਰਟੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਸਾਹਿਬ ਬਿਜਲੀ ਦਫ਼ਤਰ ਵਿਖੇ ਤਾਇਨਾਤ ਜੇ. ਈ. ਸਵਰਨ ਸਿੰਘ ਨੂੰ ਬੀਤੇ ਦਿਨ ਸੇਵਾਮੁਕਤ ਹੋਣ 'ਤੇ ਵਿਦਾਇਗੀ ਪਾਰਟੀ ਦਿੱਤੀ ਗਈ ਅਤੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਵਿਭਾਗ ਦੇ ਐੱਸ.ਡੀ.ਓ. ਪ੍ਰੀਤ ਸਿੰਘ ਤੇ ਹੋਰ ਸਟਾਫ ਨੇ ਜੇ. ਈ. ਸਵਰਨ ਸਿੰਘ ਨੂੰ ਸਨਮਾਨਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਈਮਾਨਦਾਰੀ ਨਾਲ ਨਿਭਾਈ। ਇਸ ਮੌਕੇ ਗੁਰਚਰਨ ਸਿੰਘ, ਜਰਨੈਲ ਸਿੰਘ (ਦੋਵੇਂ ਜੇ.ਈ.), ਗੁਰਪ੍ਰੀਤ ਗੋਪੀ, ਅਰਵਿੰਦਰ ਕੁਮਾਰ, ਜਤਿੰਦਰ ਕੁਮਾਰ, ਰਾਜ ਕੁਮਾਰ, ਹਰਸਿਮਰਨਜੀਤ ਸਿੰਘ, ਪਰਵੇਸ਼ ਜੈਨ ਆਦਿ ਹਾਜ਼ਰ ਸਨ।

## ਝਾੜ ਸਾਹਿਬ ਕਾਲਜ ਦੀ ਤਰੱਕੀ ਸੰਬੰਧੀ ਮੈਨੇਜਿੰਗ ਕਮੇਟੀ 'ਚ ਵਿਚਾਰਾਂ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ ਦੀ ਬਿਹਤਰੀ ਤੇ ਤਰੱਕੀ ਲਈ ਲੋਕਲ ਮੈਨੇਜਮੈਂਟ ਕਮੇਟੀ ਦੀ ਮੀਟਿੰਗ ਵਿੱਚ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਦੀ ਮੌਜੂਦਗੀ ਵਿੱਚ ਵੱਖ ਵੱਖ ਪਹਿਲੂਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੰਤਵ ਲਈ ਇੰਜੀ. ਸੁਖਮਿੰਦਰ ਸਿੰਘ (ਸਕੱਤਰ ਵਿੱਦਿਆ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਸ਼ੇਸ਼ ਤੌਰ 'ਤੇ ਪੁੱਜੇ।ਕਾਲਜ ਲੋਕਲ ਮੈਨੇਜਮੈਂਟ ਕਮੇਟੀ ਨੇ ਮੌਜੂਦਾ ਵਿੱਦਿਅਕ ਸੈਸ਼ਨ ਦੀ ਪਲੇਠੀ ਮੀਟਿੰਗ ਕਰਕੇ ਕਾਲਜ ਵਿੱਚ ਹੋ ਰਹੇ ਉਸਾਰੂ ਕੰਮਾਂ ਦਾ ਜਾਇਜ਼ਾ ਲਿਆ, ਜਿਸ ਵਿੱਚ ਕਾਲਜ ਵਿਖੇ ਕਾਰ ਸੇਵਾ ਵਾਲੇ ਬਾਬਾ ਸੁਰਿੰਦਰ ਸਿੰਘ ਦਿੱਲੀ ਵਾਲਿਆਂ ਦੇ ਸਹਿਯੋਗ ਨਾਲ ਵਿਦਿਆਰਥਣਾਂ ਲਈ ਉਸਾਰੇ ਜਾ ਰਹੇ ਹੋਸਟਲ ਦੀ ਸੇਵਾ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਕਾਲਜ ਵਿਖੇ ਬਣਾਏ ਗਏ ਮੀਟਿੰਗ ਹਾਲ ਪ੍ਰਤੀ ਨਗਰ ਨਿਵਾਸੀਆਂ, ਐੱਨ.ਆਰ.ਆਈ. ਸੱਜਣਾਂ ਤੇ ਬਾਬਾ ਜੀ ਝਾੜ ਸਾਹਿਬ ਦਾ ਧੰਨਵਾਦ ਕੀਤਾ ਗਿਆ। ਕਾਲਜ ਵਿੱਚ ਇਸ ਵਰ੍ਹੇ ਤੀਆਂ ਦਾ ਤਿਉਹਾਰ ਮਨਾਉਣ ਸਬੰਧੀ ਵਿਚਾਰ ਚਰਚਾ ਕੀਤੀ ਗਈ ਤੇ ਸੱਭਿਆਚਾਰਕ ਮੇਲਾ ਅਗਸਤ ਮਹੀਨੇ ਦੇ ਦੂਸਰੇ ਹਫ਼ਤੇ ਕਾਲਜ ਵਿਖੇ ਕਰਵਾਉਣ ਦਾ ਫੈਸਲਾ ਕੀਤਾ ਗਿਆ।ਕਾਲਜ ਵਿਖੇ ਉਸਾਰੀ ਅਧੀਨ ਵਿਰਾਸਤੀ ਘਰ ਦੇ ਨਿਰਮਾਣ ਕਾਰਜਾਂ ਦੀ ਸਮੀਖਿਆ ਕੀਤੀ ਗਈ।ਕਾਲਜ ਦੀ ਤਰੱਕੀ ਸਬੰਧੀ ਵੱਖ ਵੱਖ ਪਹਿਲੂਆਂ ਨੂੰ ਵਿਚਾਰਦੇ ਹੋਏ ਫੈਸਲੇ ਲਏ ਗਏ।ਇਸ ਮੌਕੇ ਹਰਦੀਪ ਸਿੰਘ ਬਹਿਲੋਲਪੁਰ (ਮੀਤ ਪ੍ਰਧਾਨ), ਹਰਜਤਿੰਦਰ ਸਿੰਘ ਬਾਜਵਾ (ਐਡੀ. ਆਨਰੇਰੀ ਸਕੱਤਰ), ਅਮਰੀਕ ਸਿੰਘ ਹੇੜੀਆਂ, ਜਸਪਾਲ ਸਿੰਘ ਜੱਜ, ਚਰਨਜੀਤ ਸਿੰਘ ਲੱਖੋਵਾਲ, ਗੁਰਚਰਨ ਸਿੰਘ ਟੋਡਰਪੁਰ, ਰਾਜਿੰਦਰ ਸਿੰਘ ਗਿੱਲ ਸਰਪੰਚ ਝਾੜ ਸਾਹਿਬ, ਕੁਲਵੀਰ ਸਿੰਘ ਝਾੜ ਸਾਹਿਬ, ਡਾ. ਮਹੀਪਿੰਦਰ ਕੌਰ, ਸ੍ਰੀ ਮੁਕੇਸ਼ ਸ਼ਰਮਾ ਸਟਾਫ਼ ਨੁਮਾਇੰਦੇ ਹਾਜ਼ਰ ਸਨ।

## ਮਾਤਾ ਚਿੰਤਪੁਰਨੀ ਟਰੱਸਟ ਬਾਘਾ ਪੁਰਾਣਾ ਵੱਲੋਂ ਚਿੰਤਪੁਰਨੀ ਵਿਖੇ ਲੰਗਰ ਦੀ ਸੇਵਾ ਜਾਰੀ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਾਵਨ ਦੇ ਪਵਿੱਤਰ ਮਹੀਨੇ ਧਾਰਮਿਕ ਸੰਸਥਾਵਾਂ ਅਤੇ ਭਗਤ ਜਨਾਂ ਵੱਲੋਂ ਮਹਾਂਮਾਈ ਦੇ ਦਰਸ਼ਨ ਕਰਨ ਜਾਣ ਵਾਲੇ ਭਗਤਾਂ ਦੇ ਲਈ ਵਿਸ਼ਾਲ ਭੰਡਾਰੇ ਲਗਾਏ ਜਾਂਦੇ ਹਨ।ਇਸੇ ਕੜੀ ਤਹਿਤ ਮਾਤਾ ਚਿੰਤਪੁਰਨੀ ਲੰਗਰ ਟਰੱਸਟ ਬਾਘਾ ਪੁਰਾਣਾ ਵੱਲੋਂ ਸ਼ਹਿਰ ਵਾਸੀਆਂ, ਐੱਨ.ਆਰ.ਆਈ. ਵੀਰਾਂ, ਦਾਨੀਆਂ ਦੇ ਸਹਿਯੋਗ ਨਾਲ ਸਾਲਾਨਾ ਦੇਸੀ ਘਿਓ ਦਾ ਲੰਗਰ ਬਾਘਾ ਪੁਰਾਣਾ ਦੀ ਧਰਮਸ਼ਾਲਾ, ਚਿੰਤਪੁਰਨੀ ਵਿਖੇ ਸ਼ਰਧਾ ਪੂਰਵਕ ਲਗਾਇਆ ਗਿਆ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਪ੍ਰਧਾਨ ਅਸ਼ੋਕ ਗਰਗ ਨੇ ਕਿਹਾ ਕਿ ਲੰਗਰ ਦੌਰਾਨ ਸਮੂਹ ਸ਼ਰਧਾਲੂਆਂ ਤੇ ਸੇਵਾਦਾਰਾਂ ਵੱਲੋਂ ਜ਼ੋਰਾਂ ਸ਼ੋਰਾਂ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ ਤੇ ਮਾਤਾ ਦੇ ਮੇਲਿਆਂ ਨੂੰ ਲੈ ਕੇ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਹੈ।ਉਨ੍ਹਾਂ ਕਿਹਾ ਕਿ ਜੋ ਵੀ ਸ਼ਰਧਾਲੂ ਸ਼ਰਧਾ ਭਾਵਨਾ ਤੇ ਸੱਚੇ ਮਨ ਨਾਲ ਮਾਤਾ ਚਿੰਤਪੂਰਨੀ ਜੀ ਦੇ ਦਰਬਾਰ 'ਤੇ ਅਰਦਾਸ ਕਰਦਾ ਹੈ, ਮਾਤਾ ਜੀ ਉਨ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ।ਉਨ੍ਹਾਂ ਕਿਹਾ ਕਿ ਲੰਗਰ ਵਿੱਚ ਸ਼ਰਧਾਲੂਆਂ ਲਈ ਚਾਹ, ਪਾਣੀ, ਨਾਸ਼ਤਾ, ਲੰਗਰ ਵੈਗੇਰਾ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਲੰਗਰ ਦੀ ਸੇਵਾ 'ਚ ਚਿੰਤਪੁਰਨੀ ਪ੍ਰਸ਼ਾਸਨ ਦੀਆਂ ਹਦਾਇਤਾਂ ਦੇ ਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ।ਇਸ ਮੌਕੇ ਪ੍ਰਧਾਨ ਅਸ਼ੋਕ ਗਰਗ ਦੇ ਨਾਲ ਸੈਕਟਰੀ ਦੀਪਕ ਬਾਂਸਲ, ਕੈਸ਼ੀਅਰ ਵਿਕਾਸ ਕਟਾਰੀਆ, ਦੀਪਕ ਜਿੰਦਲ, ਮਹੇਸ਼ ਮਿੱਤਲ, ਪ੍ਰਦੀਪ ਅਰੋੜਾ, ਤੀਰਥ ਬਾਂਸਲ, ਮਿੰਕਾ ਜਿੰਦਲ, ਬਿੱਟਾ ਜਿੰਦਲ ਤੇ ਹੋਰ ਸ਼ਰਧਾਲੂ ਵੀ ਹਾਜ਼ਰ ਸਨ।

## ਵਿਧਾਇਕ ਪਰਾਸ਼ਰ ਵੱਲੋਂ ਇਸਲਾਮ ਗੰਜ ਇਲਾਕੇ 'ਚ ਗਲੀਆਂ ਦੇ ਨਿਰਮਾਣ ਦਾ ਉਦਘਾਟਨ



**ਲੁਧਿਆਣਾ (ਰਾਜ ਸਿੰਗਲਾ)**-ਗੁਣਵੱਤਾ ਵਾਲੇ ਸੜਕੀ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਦੇ ਉਦੇਸ਼ ਨਾਲ ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਵਾਰਡ ਨੰਬਰ 75 ਦੇ ਇਸਲਾਮ ਗੰਜ ਇਲਾਕੇ ਵਿੱਚ ਗਲੀਆਂ ਬਣਾਉਣ ਲਈ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ।ਇਹ ਪ੍ਰੋਜੈਕਟ ਲਗਭਗ 42 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ ਤੇ ਇਲਾਕੇ ਵਿੱਚ ਕੰਕਰੀਟ ਦੀਆਂ ਸੜਕਾਂ ਬਣਾਈਆਂ ਜਾਣਗੀਆਂ।ਉਦਘਾਟਨ ਸਮਾਰੋਹ ਦੌਰਾਨ ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਰਾਜੂ ਬਾਬਾ ਸਮੇਤ ਹੋਰ ਇਲਾਕਾ ਨਿਵਾਸੀ ਤੇ ਵਲੰਟੀਅਰ ਵਿਧਾਇਕ ਪਰਾਸ਼ਰ ਦੇ ਨਾਲ ਸਨ।ਵਿਧਾਇਕ ਪਰਾਸ਼ਰ ਨੇ ਕਿਹਾ ਕਿ ਇਲਾਕੇ ਦੀਆਂ ਗਲੀਆਂ ਦੀ ਹਾਲਤ ਬਹੁਤ ਮਾੜੀ ਸੀ। ਵਸਨੀਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਇਹ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਤੇ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਪ੍ਰੋਜੈਕਟ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਵਿਧਾਇਕ ਨੇ ਕਿਹਾ ਕਿ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਕੰਮ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਹੋਵੇ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਲੁਧਿਆਣਾ ਕੇਂਦਰੀ ਹਲਕੇ ਵਿੱਚ ਮਿਆਰੀ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਕਰੋੜਾਂ ਰੁਪਏ ਦੇ ਹੋਰ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ।

## ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਜ਼ਿਲ੍ਹਾ ਸੰਗਰੂਰ ਦਾ ਚੋਣ ਅਜਲਾਸ ਸੰਪੰਨ




**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਅਗਰਵਾਲ ਧਰਮਸ਼ਾਲਾ ਸੰਗਰੂਰ ਵਿਖੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਜ਼ਿਲ੍ਹਾ ਸੰਗਰੂਰ ਦਾ ਚੋਣ ਅਜਲਾਸ ਕੀਤਾ ਗਿਆ।ਇਸ ਮੌਕੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਪੰਜਾਬ ਦੇ ਜਨਰਲ ਸਕੱਤਰ ਹਰਦੀਪ ਟੋਡਰਪੁਰ ਨੇ ਸੰਬੋਧਨ ਕਰਦਿਆਂ ਸ਼ਹੀਦ ਊਧਮ ਸਿੰਘ ਦੀ ਜ਼ਿੰਦਗੀ ਦੇ ਸੰਘਰਸ਼ ਨੂੰ ਯਾਦ ਕਰਦਿਆਂ ਸਾਂਝੀ ਜਥੇਬੰਦੀ ਦੀ ਲੋੜ ਤੇ ਮੌਜੂਦਾ ਸਮੇਂ ਵਿੱਚ ਸੰਘਰਸ਼ ਦੀ ਰੂਪ ਰੇਖਾ ਸਬੰਧੀ ਆਪਣੇ ਵਿਚਾਰ ਦਿੱਤੇ।ਇਸ ਤੋਂ ਬਾਅਦ ਟੈਕਨੀਕਲ ਤੇ ਮਕੈਨੀਕਲ ਇੰਪਲਾਈਜ਼ ਯੂਨੀਅਨ ਦੇ ਸੂਬਾ ਪ੍ਰਧਾਨ ਮਹਿਮਾ ਸਿੰਘ ਧਨੌਲਾ ਨੇ ਸੰਬੋਧਨ ਕਰਦਿਆਂ ਵੱਖ ਵੱਖ ਸਰਕਾਰਾਂ ਦੁਆਰਾ ਲੋਕਾਂ 'ਤੇ ਕੀਤੇ ਜਾਂਦੇ ਤਸ਼ੱਦਦ ਬਾਰੇ ਦੱਸਦਿਆਂ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਤੋਂ ਬਾਅਦ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਹਰਜੀਤ ਵਾਲੀਆ, ਸੁਖਵਿੰਦਰ ਗਿਰਾ ਤੇ ਦਲਜੀਤ ਸਫੀਪੁਰ ਨੇ ਸੰਬੋਧਨ ਕੀਤਾ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਗਿਰ ਨੇ ਜ਼ਿਲ੍ਹਾ ਕਮੇਟੀ ਦਾ ਐਲਾਨ ਕੀਤਾ, ਜਿਸ ਵਿੱਚ ਮੇਘ ਰਾਜ ਨੂੰ ਜ਼ਿਲ੍ਹਾ ਪ੍ਰਧਾਨ, ਬੱਬਨ ਪਾਲ ਸੰਗਰੂਰ ਨੂੰ ਜਨਰਲ ਸਕੱਤਰ, ਰਮਨ ਗੋਇਲ ਨੂੰ ਖਜ਼ਾਨਚੀ, ਗੁਰਸੈਬਰ ਸਿੰਘ ਨੂੰ ਸਹਾਇਕ ਖਜ਼ਾਨਚੀ, ਉਜਾਗਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਖੁਸ਼ਦੀਪ ਸਿੰਘ ਨੂੰ ਮੀਤ ਪ੍ਰਧਾਨ, ਗੁਰਚਰਨ ਸਿੰਘ ਨੂੰ ਪ੍ਰੈੱਸ ਸਕੱਤਰ, ਕਰਮਜੀਤ ਨਦਾਮਪੁਰ ਨੂੰ ਸਹਾਇਕ ਪ੍ਰੈੱਸ ਸਕੱਤਰ, ਸੁਖਵਿੰਦਰ ਗਿਰ, ਦਲਜੀਤ ਸਫੀਪੁਰ, ਅਵਤਾਰ ਸਿੰਘ, ਗੋਲਡੀ ਮੂਨਕ, ਮਨਜੀਤ ਲਹਿਰਾ, ਅਮਨ ਵਸ਼ਿਸ਼ਟ, ਬੱਗਾ ਸਿੰਘ ਪਾਤੜਾਂ ਤੇ ਬਲਜੀਤ ਸਿੰਘ ਲੌਂਗੋਵਾਲ ਨੂੰ ਬਤੌਰ ਮੈਂਬਰ ਚੁਣਿਆ ਗਿਆ। ਉਕਤ ਤੋਂ ਇਲਾਵਾ ਇਸ ਮੌਕੇ ਡੈਮੋਕ੍ਰੇਟਿਕ ਟੀਚਰਸ ਫਰੰਟ, ਟੈਕਨੀਕਲ ਤੇ ਮਕੈਨੀਕਲ ਯੂਨੀਅਨ, ਪੀ ਐੱਸ ਪੀ ਸੀ ਐੱਲ, ਪੰਪ ਆਪ੍ਰੇਟਰ ਯੂਨੀਅਨ ਤੇ ਪੰਜਾਬ ਸਟੂਡੈਂਟ ਯੂਨੀਅਨ ਦੇ ਆਗੂ ਮੌਜੂਦ ਸਨ।

## ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ 14 ਨੂੰ ਤਿੰਨ ਜ਼ਿਲ੍ਹਿਆਂ 'ਚ 'ਕਾਲਾ ਦਿਨ' ਵਜੋਂ ਮਨਾਇਆ ਜਾਵੇਗਾ : ਟਿਵਾਣਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਲ ਖ਼ਾਲਸਾ ਤੇ ਹਮਖਿਆਲ ਸਿੱਖ ਜਥੇਬੰਦੀਆਂ ਵੱਲੋਂ, ਜੋ 15 ਅਗਸਤ ਦੇ ਦਿਹਾੜੇ ਨੂੰ ਹਰ ਸਾਲ ਬਤੌਰ ਕਾਲੇ ਦਿਨ ਵਜੋਂ ਮਨਾਇਆ ਜਾਂਦਾ ਆ ਰਿਹਾ ਹੈ, ਉਹ ਹੁਣ 14 ਅਗਸਤ ਨੂੰ ਇਹ ਦਿਨ ਤਿੰਨ ਜ਼ਿਲ੍ਹਿਆਂ ਫਿਰੋਜ਼ਪੁਰ, ਜਲੰਧਰ ਤੇ ਪਟਿਆਲਾ ਵਿਖੇ ਵੱਡੇ ਮੁਜ਼ਾਹਰੇ ਕਰਕੇ ਕਾਲੀਆਂ ਝੰਡੀਆਂ ਨਾਲ ਮਨਾਇਆ ਜਾਵੇਗਾ।ਫਿਰੋਜ਼ਪੁਰ ਜ਼ਿਲ੍ਹੇ ਦੀ ਅਗਵਾਈ ਸ੍ਰ. ਗੁਰਚਰਨ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਤੇ ਤੇਜਿੰਦਰ ਸਿੰਘ ਦਿਓਲ ਯੂਥ ਪ੍ਰਧਾਨ ਪੰਜਾਬ ਕਰਨਗੇ, ਜਲੰਧਰ ਜ਼ਿਲ੍ਹੇ ਦੀ ਅਗਵਾਈ ਦਲ ਖਾਲਸਾ ਦੇ ਆਗੂ ਸ੍ਰ. ਪਰਮਜੀਤ ਸਿੰਘ ਮੰਡ ਤੇ ਕੰਵਰਪਾਲ ਸਿੰਘ ਬਿੱਟੂ ਕਰਨਗੇ ਅਤੇ ਪਟਿਆਲਾ ਜ਼ਿਲ੍ਹੇ ਦੀ ਅਗਵਾਈ ਪ੍ਰੋ. ਮਹਿੰਦਰਪਾਲ ਸਿੰਘ ਤੇ ਹਰਭਜਨ ਸਿੰਘ ਕਸ਼ਮੀਰੀ ਕਰਨਗੇ।ਇਹ ਜਾਣਕਾਰੀ ਪਾਰਟੀ ਦਫਤਰ ਤੋਂ ਸ੍ਰ. ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈੱਸ ਰਿਲੀਜ਼ ਜਾਰੀ ਕਰਦੇ ਹੋਏ ਦਿੱਤੀ।ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ 4 ਅਗਸਤ ਨੂੰ ਜੋ ਕੌਮੀ ਇਨਸਾਫ ਮੋਰਚਾ ਕਮੇਟੀ ਵੱਲੋਂ ਪੰਜਾਬ ਦੇ ਸਮੁੱਚੇ ਜ਼ਿਲ੍ਹਿਆਂ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਨੂੰ ਮੁੱਖ ਰੱਖ ਕੇ ਧਰਨੇ ਦਿੱਤੇ ਜਾ ਰਹੇ ਹਨ ਅਤੇ 15 ਅਗਸਤ ਨੂੰ ਇਨਸਾਫ ਮੋਰਚਾ ਸਥਾਨ ਮੋਹਾਲੀ ਵਿਖੇ ਜੋ ਵੱਡੀ ਰੈਲੀ ਰੱਖੀ ਗਈ ਹੈ, ਇਸ ਵਿੱਚ ਵੀ ਪਾਰਟੀ ਸ਼ਮੂਲੀਅਤ ਕਰੇਗੀ ਅਤੇ ਇਸ ਤੋਂ ਇਲਾਵਾ 9 ਅਗਸਤ ਨੂੰ ਰੱਖੜ ਪੁੰਨਿਆ ਦੇ ਮਹਾਨ ਦਿਹਾੜੇ ਉੱਤੇ ਜੋ ਹਰ ਸਾਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਮੀਰੀ-ਪੀਰੀ ਕਾਨਫਰੰਸ ਕੀਤੀ ਜਾਂਦੀ ਹੈ, ਉਹ ਗੁਰਦੁਆਰਾ ਬਾਬਾ ਬਕਾਲਾ ਵਿਖੇ ਕੀਤੀ ਜਾਵੇਗੀ।ਇਨ੍ਹਾਂ ਸਭ ਕੌਮੀ ਪ੍ਰੋਗਰਾਮਾਂ ਵਿੱਚ ਸਮੁੱਚੇ ਅਹੁਦੇਦਾਰ ਸਾਹਿਬਾਨ ਤੇ ਮੈਂਬਰਾਂ ਨੂੰ ਆਪਣੀ ਕੌਮੀ ਜ਼ਿੰਮੇਵਾਰੀ ਸਮਝਦੇ ਹੋਏ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ।

# ਨੰਨਾਂ ਤੇ ਆਦਿਵਾਸੀਆਂ 'ਤੇ ਜ਼ੁਲਮ ਦੀ ਸੀ ਪੀ ਆਈ ਵੱਲੋਂ ਕਰੜੀ ਨਿੰਦਾ



**ਲੁਧਿਆਣਾ (ਐੱਮ ਐੱਸ ਭਾਟੀਆ)**

ਸੀ ਪੀ ਆਈ ਰਾਸ਼ਟਰੀ ਸਕੱਤਰੇਤ ਮੈਂਬਰ ਐਨੀ ਰਾਜਾ ਅਤੇ ਸੀ ਪੀ ਆਈ ਕੇਰਲਾ ਦੇ ਸਹਾਇਕ ਸਕੱਤਰ ਪੀ.ਪੀ. ਸੁਨੀਰ, ਐੱਮ.ਪੀ. ਨੇ ਨਵੀਂ ਦਿੱਲੀ ਵਿਖੇ ਪ੍ਰੈੱਸ ਕਾਨਫਰੰਸ 'ਚ ਦੱਸਿਆ ਕਿ ਉਨ੍ਹਾਂ ਨੇ ਸੀ ਪੀ ਆਈ, ਸੀ ਪੀ ਆਈ (ਐੱਮ), ਅਤੇ ਕੇ ਸੀ (ਐੱਮ) ਦੇ ਸਾਂਝੇ ਵਫ਼ਦ ਦੇ ਹਿੱਸੇ ਵਜੋਂ ਛੱਤੀਸਗੜ੍ਹ ਦੇ ਦੁਰਗ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਆਰ ਪੀ ਐੱਫ ਅਤੇ ਬਜਰੰਗ ਦਲ ਦੇ ਗੁੰਡਿਆਂ ਦੋਵੇਂ ਪੀੜਤਾਂ ਨਾਲ ਮੁਲਾਕਾਤ ਨੂੰ ਰੋਕਣ ਦੀਆਂ ਪ੍ਰਸ਼ਾਸਨ ਦੀਆਂ ਵਾਰ-ਵਾਰ ਕੋਸ਼ਿਸ਼ਾਂ ਦੇ ਬਾਵਜੂਦ ਕੇਰਲਾ ਦੀਆਂ ਦੋ ਨੰਨਾਂ ਅਤੇ ਜੇਲ੍ਹ ਵਿੱਚ ਬੰਦ ਆਦਿਵਾਸੀ ਨੌਜਵਾਨਾਂ ਨਾਲ ਮੁਲਾਕਾਤ ਕੀਤੀ। ਵਫ਼ਦ ਨੂੰ ਪਤਾ ਲੱਗਾ ਕਿ ਨੰਨਾਂ ਨਾਲ ਬੁਰੀ ਤਰ੍ਹਾਂ ਦੁਰਵਿਵਹਾਰ ਕੀਤਾ ਗਿਆ ਸੀ ਅਤੇ ਕਬਾਇਲੀ ਨੌਜਵਾਨਾਂ ਅਤੇ ਤਿੰਨ ਕੁੜੀਆਂ 'ਤੇ ਸਰੀਰਕ ਹਮਲਾ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਝੂਠੀ ਅਤੇ ਗੈਰ-ਕਾਨੂੰਨੀ ਐੱਫ ਆਈ ਆਰ ਦੇ ਆਧਾਰ 'ਤੇ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਸੀ ਅਤੇ ਬਜਰੰਗ ਦਲ ਦੇ ਗੁੰਡਿਆਂ ਦੁਆਰਾ ਉਨ੍ਹਾਂ ਨੂੰ ਇਹ ਬਿਆਨ ਦੇਣ ਲਈ ਮਜਬੂਰ ਕੀਤਾ ਗਿਆ ਸੀ ਕਿ ਉਨ੍ਹਾਂ ਦਾ ਧਰਮ ਪਰਿਵਰਤਨ ਕੀਤਾ ਜਾ ਰਿਹਾ ਹੈ ਅਤੇ ਜ਼ਬਰਦਸਤੀ ਦੂਜੇ ਰਾਜਾਂ ਵਿੱਚ ਲਿਜਾਇਆ ਜਾ ਰਿਹਾ ਹੈ।

ਐਨੀ ਰਾਜਾ ਨੇ ਕਿਹਾ, 'ਇਹ ਪੁਲਸ ਕਾਰਵਾਈ ਨਾ ਸਿਰਫ਼ ਮਨਮਾਨੀ ਹੈ, ਬਲਕਿ ਆਰ ਐੱਸ ਐੱਸ ਨਾਲ ਜੁੜੇ ਚੌਕਸੀਦਾਰਾਂ ਨਾਲ ਪ੍ਰਸ਼ਾਸਨ ਦੀ ਮਿਲੀਭੁਗਤ ਨੂੰ ਵੀ ਉਜਾਗਰ ਕਰਦੀ ਹੈ। ਇਹ ਘੱਟ ਗਿਣਤੀਆਂ ਵਿਰੁੱਧ ਵਿਤਕਰੇ ਨੂੰ ਸੰਸਥਾਗਤ ਬਣਾਉਣ ਦੀ ਇੱਕ ਵੱਡੀ ਸਾਜ਼ਿਸ਼ ਦਾ ਹਿੱਸਾ ਹੈ, ਜੋ ਕਿ ਆਰ ਐੱਸ ਐੱਸ ਦੇ ਏਜੰਡੇ ਦਾ ਮੂਲ ਹੈ। ਨੰਨਾਂ ਅਤੇ ਆਦਿਵਾਸੀ ਨੌਜਵਾਨਾਂ ਵਿਰੁੱਧ ਐੱਫ ਆਈ ਆਰ ਗੈਰ-ਕਾਨੂੰਨੀ ਹੈ ਅਤੇ ਇਸ ਨੂੰ ਤੁਰੰਤ ਰੱਦ ਕੀਤਾ ਜਾਣਾ ਚਾਹੀਦਾ ਹੈ। ਆਪਣੇ ਵਿਸ਼ਵਾਸ ਦਾ ਪਾਲਣ ਕਰਨ ਦੀ ਆਜ਼ਾਦੀ ਸਾਡੇ ਸੰਵਿਧਾਨ ਦੇ ਤਹਿਤ ਇੱਕ ਮੌਲਿਕ ਅਧਿਕਾਰ ਹੈ ਅਤੇ ਰਾਜ ਨੂੰ ਘੱਟ ਗਿਣਤੀ ਸੰਸਥਾਵਾਂ, ਜਿਸ ਵਿੱਚ ਸਿੱਖਿਆ, ਸਿਹਤ ਅਤੇ ਧਾਰਮਿਕ ਅਭਿਆਸਾਂ ਨਾਲ ਸੰਬੰਧਤ ਸੰਸਥਾਵਾਂ ਸ਼ਾਮਲ ਹਨ, ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ।' ਉਨ੍ਹਾਂ ਭਾਜਪਾ ਦੇ ਪਖੰਡ ਨੂੰ ਹੋਰ ਉਜਾਗਰ ਕਰਦੇ ਹੋਏ ਕਿਹਾ, 'ਕੇਰਲ ਵਿੱਚ, ਭਾਜਪਾ ਦੇ ਨੇਤਾ ਨੰਨਾਂ ਦੀ ਰਿਹਾਈ ਦਾ ਸਮਰਥਨ ਕਰਨ ਦਾ ਦਾਅਵਾ ਕਰਦੇ ਹਨ, ਜਦੋਂ ਕਿ ਛੱਤੀਸਗੜ੍ਹ ਵਿੱਚ ਉਨ੍ਹਾਂ ਦੀ ਆਪਣੀ ਪਾਰਟੀ ਦੀ ਸਰਕਾਰ ਨੇ ਬਜਰੰਗ ਦਲ ਨਾਲ ਜੁੜੇ ਚੌਕਸੀਦਾਰਾਂ ਨਾਲ ਮਿਲ ਕੇ ਉਨ੍ਹਾਂ ਨੂੰ ਝੂਠੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇਹ ਭਾਜਪਾ ਦੇ ਅਸਲੀ ਚਿਹਰੇ ਨੂੰ ਬੇਨਕਾਬ ਕਰਦਾ ਹੈ।'

ਸੀ ਪੀ ਆਈ ਕੇਰਲਾ ਦੇ ਸਹਾਇਕ ਸਕੱਤਰ ਅਤੇ ਸੰਸਦ ਮੈਂਬਰ ਪੀ. ਪੀ. ਸੁਨੀਰ ਨੇ ਕਿਹਾ, 'ਈਸਾਈ ਭਾਈਚਾਰਾ ਅਤੇ ਮਿਸ਼ਨਰੀ ਸਾਡੇ ਦੇਸ਼ ਦੇ ਕੁਝ ਸਭ ਤੋਂ ਪੱਛੜੇ ਅਤੇ ਦੂਰ-ਦੁਰਾਡੇ ਖੇਤਰਾਂ ਵਿੱਚ, ਖਾਸ ਕਰਕੇ ਸਿੱਖਿਆ ਅਤੇ ਸਿਹਤ ਦੇ ਖੇਤਰਾਂ ਵਿੱਚ ਸ਼ਲਾਘਾਯੋਗ ਕੰਮ ਕਰ ਰਹੇ ਹਨ। ਇਹ ਸ਼ਰਮਨਾਕ ਹੈ ਕਿ ਭਾਜਪਾ ਭਾਈਚਾਰੇ ਅਤੇ ਇਸ ਦੇ ਧਾਰਮਿਕ ਅਭਿਆਸਾਂ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖਦੀ ਹੈ। ਹਾਲ ਹੀ ਦੇ ਸਾਲਾਂ ਵਿੱਚ, ਸੰਘ ਪਰਵਾਰ ਦੇ ਗੁੰਡਿਆਂ ਵੱਲੋਂ ਕਈ ਚਰਚਾਂ, ਸਕੂਲਾਂ ਅਤੇ ਹਸਪਤਾਲਾਂ 'ਤੇ ਹਮਲੇ ਕੀਤੇ ਗਏ ਹਨ, ਖਾਸ ਕਰਕੇ ਮਨੀਪੁਰ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਰਗੇ ਭਾਜਪਾ ਸ਼ਾਸਤ ਰਾਜਾਂ ਵਿੱਚ। ਸਾਰੇ ਭਾਈਚਾਰਿਆਂ ਨੂੰ ਬਰਾਬਰ ਸੁਰੱਖਿਆ ਇੱਕ ਸੰਵਿਧਾਨਕ ਜ਼ਿੰਮੇਵਾਰੀ ਹੈ, ਜਿਸ ਨੂੰ ਭਾਜਪਾ ਸਰਕਾਰਾਂ ਬਰਕਰਾਰ ਰੱਖਣ ਵਿੱਚ ਅਸਫ਼ਲ ਰਹੀਆਂ ਹਨ।' ਆਗੂਆਂ ਨੇ ਇਹ ਵੀ ਯਾਦ ਕੀਤਾ ਕਿ ਘਟਨਾ ਤੋਂ ਤੁਰੰਤ ਬਾਅਦ ਸੀ ਪੀ ਆਈ ਆਗੂਆਂ ਐਨੀ ਰਾਜਾ ਅਤੇ ਪੀ. ਸੰਦੋਸ਼ ਕੁਮਾਰ, ਐੱਮ ਪੀ ਨੇ ਰਾਏਪੁਰ ਦੇ ਆਰਚਬਿਸ਼ਪ ਵਿਕਟਰ ਹੈਨਰੀ ਠਾਕੁਰ ਨਾਲ ਮੁਲਾਕਾਤ ਕੀਤੀ ਸੀ ਅਤੇ ਸੰਵਿਧਾਨਕ ਅਧਿਕਾਰਾਂ ਤੋਂ ਇਨਕਾਰ ਅਤੇ ਧਰਮ 'ਤੇ ਹਮਲੇ ਦੇ ਸਾਹਮਣੇ ਪਾਰਟੀ ਦੇ ਪੂਰੇ ਸਮਰਥਨ ਅਤੇ ਏਕਤਾ ਦਾ ਭਰੋਸਾ ਦਿੱਤਾ ਸੀ। ਸੀ ਪੀ ਆਈ ਨੇ ਦੋ ਨੰਨਾਂ ਅਤੇ ਆਦਿਵਾਸੀ ਨੌਜਵਾਨਾਂ ਦੀ ਤੁਰੰਤ ਰਿਹਾਈ, ਉਨ੍ਹਾਂ ਵਿਰੁੱਧ ਦਰਜ ਝੂਠੀ ਐੱਫ ਆਈ ਆਰ ਨੂੰ ਰੱਦ ਕਰਨ ਅਤੇ ਘੱਟ ਗਿਣਤੀ ਸੰਸਥਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਖ਼ਤ ਕਾਰਵਾਈ ਦੀ ਮੰਗ ਕੀਤੀ, ਜਦੋਂ ਕਿ ਭਾਜਪਾ ਸ਼ਾਸਤ ਰਾਜਾਂ ਵਿੱਚ ਕਿਸੇ ਸਜ਼ਾ ਦੇ ਡਰ ਤੋਂ ਬਿਨਾਂ ਕੰਮ ਕਰ ਰਹੇ ਚੌਕਸੀ ਸਮੂਹਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸੀ ਪੀ ਆਈ ਵਫ਼ਦ ਨੇ ਦ੍ਰਿੜ੍ਹਾਇਆ ਕਿ ਪਾਰਟੀ ਈਸਾਈ ਅਤੇ ਹੋਰ ਘੱਟ ਗਿਣਤੀ ਭਾਈਚਾਰੇ ਦੇ ਸੰਵਿਧਾਨਕ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਸੰਘਰਸ਼ ਦੇ ਨਾਲ ਖੜ੍ਹੀ ਰਹੇਗੀ ਅਤੇ ਸੰਸਦ ਵਿੱਚ ਅਤੇ ਸੜਕਾਂ 'ਤੇ ਅਜਿਹੇ ਵਿਤਕਰੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦੀ ਰਹੇਗੀ।

## ਹਰਕਿਸ਼ਨ ਸਿੰਘ ਸੁਰਜੀਤ ਨੂੰ ਸ਼ਰਧਾਂਜਲੀ ਭੇਟ



**ਜਲੰਧਰ (ਰਾਜੇਸ਼ ਥਾਪਾ)**

ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਸੀਨੀਅਰ ਆਗੂ ਅਤੇ ਸਾਬਕਾ ਜਨਰਲ ਸਕੱਤਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ 17ਵੀਂ ਬਰਸੀ ਮੌਕੇ ਸ਼ੁੱਕਰਵਾਰ ਚੰਡੀਗੜ੍ਹ ਦੇ ਬਾਬਾ ਸੋਹਣ ਸਿੰਘ ਭਕਨਾ ਭਵਨ ਵਿਖੇ ਇੱਕ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ। ਇਸ ਸ਼ਰਧਾਂਜਲੀ ਸਮਾਰੋਹ ਵਿੱਚ ਜੰਮੂ-ਕਸ਼ਮੀਰ ਤੋਂ ਪੰਜ ਵਾਰ ਵਿਧਾਇਕ ਰਹੇ ਅਤੇ ਪ੍ਰਮੁੱਖ ਨੇਤਾ ਕਾਮਰੇਡ ਮੁਹੰਮਦ ਯੂਸਫ਼ ਤਾਰੀਗਾਮੀ, ਸੀ ਪੀ ਆਈ (ਐਮ) ਪੰਜਾਬ ਦੇ ਸਕੱਤਰ ਸੁਖਵਿੰਦਰ ਸੇਖੋਂ, ਸੀ ਪੀ ਆਈ ਦੇ ਸਕੱਤਰ ਬੰਤ ਬਰਾੜ ਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਹੋਰ ਖੱਬੇ-ਪੱਖੀ ਪਾਰਟੀਆਂ ਦੇ ਸੀਨੀਅਰ ਆਗੂ ਅਤੇ ਨੌਜਵਾਨ ਕਾਰਕੁਨ ਸ਼ਾਮਲ ਹੋਏ।ਸ਼ਰਧਾਂਜਲੀ ਭੇਟ ਕਰਦੇ ਹੋਏ ਕਾਂਗਰਸ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਸਿਰਫ਼ ਇੱਕ ਕਮਿਊਨਿਸਟ ਆਗੂ ਨਹੀਂ ਸਨ, ਸਗੋਂ ਇੱਕ ਸਿਧਾਂਤਕ ਆਗੂ ਸਨ ਜੋ ਕਿਸਾਨਾਂ, ਮਜ਼ਦੂਰਾਂ ਅਤੇ ਆਮ ਆਦਮੀ ਦੇ ਹੱਕਾਂ ਲਈ ਲੜਦੇ ਸਨ। ਮੇਰੇ ਲਈ ਉਹ ਸਿਰਫ਼ ਇੱਕ ਸਿਆਸਤਦਾਨ ਨਹੀਂ ਸਨ, ਸਗੋਂ ਇੱਕ ਮਾਰਗਦਰਸ਼ਕ ਅਤੇ ਪਰਵਾਰ ਵਾਂਗ ਸਨ। ਉਨ੍ਹਾਂ ਨੇ ਸਾਨੂੰ ਸਿਖਾਇਆ ਕਿ ਅਸਲ ਰਾਜਨੀਤੀ ਅਹੁਦਿਆਂ ਨਾਲ ਨਹੀਂ, ਸਗੋਂ ਉਦੇਸ਼ ਨਾਲ ਚਲਾਈ ਜਾਂਦੀ ਹੈ। ਪਰਗਟ ਸਿੰਘ ਨੇ ਕਿਹਾ ਕਿ ਹਰਕਿਸ਼ਨ ਸਿੰਘ ਸੁਰਜੀਤ ਨੇ ਦੇਸ਼ ਵਿੱਚ ਪਹਿਲੀ ਯੂ ਪੀ ਏ ਸਰਕਾਰ ਬਣਾਉਣ ਵਿੱਚ ਸਭ ਤੋਂ ਵੱਡਾ ਯੋਗਦਾਨ ਪਾਇਆ।

ਉਨ੍ਹਾਂ ਦੀ ਦੂਰਅੰਦੇਸ਼ੀ ਰਾਜਨੀਤਿਕ ਸੋਚ ਅਤੇ ਤਰੀਕਿਆਂ ਕਾਰਨ ਹੀ ਕੇਂਦਰ ਵਿੱਚ ਸਰਕਾਰ ਬਣੀ। ਪਰਗਟ ਸਿੰਘ ਨੇ ਕਿਹਾ ਕਿ ਅੱਜ ਜਦੋਂ ਰਾਹੁਲ ਗਾਂਧੀ 'ਭਾਰਤ ਜੋੜੋ ਯਾਤਰਾ' ਰਾਹੀਂ ਆਮ ਲੋਕਾਂ, ਕਿਸਾਨਾਂ ਅਤੇ ਨੌਜਵਾਨਾਂ ਨਾਲ ਸਿੱਧਾ ਸੰਪਰਕ ਕਰ ਰਹੇ ਹਨ, ਤਾਂ ਇਹ ਉਹੀ ਰਾਜਨੀਤੀ ਹੈ, ਜਿਸ ਦਾ ਰਸਤਾ ਕਾਮਰੇਡ ਸੁਰਜੀਤ ਨੇ ਦਹਾਕੇ ਪਹਿਲਾਂ ਦਿਖਾਇਆ ਸੀ। ਸੰਵਿਧਾਨ, ਧਰਮ ਨਿਰਪੱਖਤਾ ਅਤੇ ਸੰਘਵਾਦ ਦੀ ਰੱਖਿਆ - ਇਹ ਸੁਰਜੀਤ ਸਾਹਿਬ ਦੀ ਸੋਚ ਸੀ ਅਤੇ ਇਹ ਅੱਜ ਵੀ ਰਾਹੁਲ ਗਾਂਧੀ ਦੀ ਤਰਜੀਹ ਹੈ। ਕਾਂਗਰਸ ਪਾਰਟੀ ਅਜੇ ਵੀ ਇਨ੍ਹਾਂ ਕਦਰਾਂ-ਕੀਮਤਾਂ ਪ੍ਰਤੀ ਸਮਰਪਤ ਹੈ। ਹਰਕਿਸ਼ਨ ਸਿੰਘ ਦੀ ਰਾਜਨੀਤੀ ਹੁਣ ਰਾਹੁਲ ਗਾਂਧੀ ਵਿੱਚ ਦਿਖਾਈ ਦੇ ਰਹੀ ਹੈ।

## 'ਨਸ਼ਿਆਂ ਖ਼ਿਲਾਫ਼ ਜੰਗ' ਤਹਿਤ ਸਕੂਲਾਂ 'ਚ ਪੜ੍ਹਾਇਆ ਜਾਵੇਗਾ ਪਾਠਕ੍ਰਮ



**ਅਰਨੀਵਾਲਾ (ਫ਼ਾਜ਼ਿਲਕਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ਼ੁੱਕਰਵਾਰ ਇਕ ਮਿਸਾਲੀ ਪਹਿਲਕਦਮੀ ਤਹਿਤ ਅੱਠ ਲੱਖ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਖ਼ਤਰੇ ਬਾਰੇ ਜਾਗਰੂਕ ਕਰਨ ਦੇ ਮੰਤਵ ਨਾਲ 'ਨਸ਼ਿਆਂ ਖ਼ਿਲਾਫ਼ ਜੰਗ' ਤਹਿਤ ਸਕੂਲੀ ਪਾਠਕ੍ਰਮ ਜਾਰੀ ਕੀਤਾ।

ਇਕੱਠ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੇ ਇਸ ਸਰਹੱਦੀ ਜ਼ਿਲ੍ਹੇ ਤੋਂ ਸੂਬੇ ਦੀ ਨਸ਼ਿਆਂ ਖ਼ਿਲਾਫ਼ ਜੰਗ ਵਿੱਚ ਇਕ ਨਵੇਂ ਅਧਿਆਇ ਦੀ ਸ਼ੁਰੂਆਤ ਹੋ ਰਹੀ ਹੈ। ਉਨ੍ਹਾ ਕਿਹਾ ਕਿ ਨਸ਼ਿਆਂ ਵਿਰੁੱਧ ਪੰਜਾਬ ਦੀ ਜੰਗ ਫੈਸਲਾਕੁਨ ਮੋੜ ਉੱਤੇ ਪੁੱਜ ਗਈ ਹੈ ਅਤੇ ਸੂਬਾ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਤੀਜੇ ਪੜਾਅ ਤਹਿਤ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਲਈ ਸਾਰੇ ਸਰਕਾਰੀ ਸਕੂਲਾਂ ਵਿੱਚ ਵਿਸ਼ੇਸ਼ ਪਾਠਕ੍ਰਮ ਲਿਆਂਦਾ ਜਾ ਰਿਹਾ ਹੈ। ਇਸ ਪਾਠਕ੍ਰਮ ਰਾਹੀਂ ਇਨ੍ਹਾਂ ਜਮਾਤਾਂ ਦੇ ਅੱਠ ਲੱਖ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂੰ ਕਰਵਾਇਆ ਜਾਵੇਗਾ ਅਤੇ ਨਸ਼ੇ ਦੇ ਪਦਾਰਥਾਂ ਤੋਂ ਦੂਰ ਰਹਿਣ ਲਈ ਉਤਸ਼ਾਹਤ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਪਿਛਲੇ 150 ਦਿਨਾਂ ਤੋਂ ਜਾਰੀ ਹੈ ਅਤੇ ਸੈਂਕੜੇ ਪੰਚਾਇਤਾਂ ਨੇ ਮਤੇ ਪਾਸ ਕਰ ਕੇ ਇਹ ਪ੍ਰਣ ਲਿਆ ਹੈ ਕਿ ਉਹ ਕਦੇ ਵੀ ਨਸ਼ਾ ਤਸਕਰਾਂ ਦਾ ਸਾਥ ਨਹੀਂ ਦੇਣਗੇ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਇਹ ਜੰਗ ਹੁਣ ਲੋਕ ਲਹਿਰ ਵਿੱਚ ਬਦਲ ਗਈ ਹੈ ਅਤੇ ਇਸ ਦੇ ਹਿੱਸੇ ਵਜੋਂ ਸੂਬਾ ਸਰਕਾਰ ਨੇ ਸਕੂਲੀ ਸਿਲੇਬਸ ਵਿੱਚ ਨਸ਼ਾ ਵਿਰੋਧੀ ਸਿੱਖਿਆ ਨੂੰ ਸ਼ਾਮਲ ਕੀਤਾ ਹੈ। ਮਾਨ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਲੱਛਣਾਂ ਅਤੇ ਖ਼ਤਰਿਆਂ ਤੋਂ ਜਾਣੂੰ ਕਰਵਾਇਆ ਜਾਵੇਗਾ ਕਿਉਂਕਿ ਨਸ਼ਿਆਂ ਦੀ ਪਹਿਲੀ ਵਾਰ ਕੀਤੀ ਵਰਤੋਂ ਹੀ ਜ਼ਿੰਦਗੀ ਦੀ ਤਬਾਹੀ ਦੀ ਸ਼ੁਰੂਆਤ ਕਰਦੀ ਹੈ।

# ਜੰਗਲੀ ਜੀਵਾਂ ਦਾ ਕਾਲ ਬਣਨ ਲੱਗੀ ਜੌੜੇ ਪੁਲ ਤੋਂ ਰੋਹਟੀ ਪੁਲ ਨਾਭਾ ਦੀ ਨਹਿਰ

**ਨਾਭਾ (ਵਰਿੰਦਰ ਵਰਮਾ)**

ਸਥਾਨਕ ਜੌੜੇ ਪੁਲ ਤੋਂ ਨਾਭਾ ਦੇ ਰੋਹਟੀ ਪੁਲ ਤੱਕ ਆਉਂਦੀ ਲੰਬੀ ਨਹਿਰ ਉਸ ਸਮੇਂ ਜੰਗਲੀ ਜੀਵਾਂ ਦਾ ਕਾਲ ਬਣਦੀ ਨਜ਼ਰ ਆਈ, ਜਦੋਂ ਇਸ ਨਹਿਰ ਨੂੰ ਪੱਕਾ ਕਰਨ ਦੀ ਕਵਾਇਦ ਦੌਰਾਨ ਹੇਠਲੇ ਪੱਧਰ ਦੀ ਤਕਨੀਕੀ ਜਾਣਕਾਰੀ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ 20 ਕਿਲੋਮੀਟਰ ਲੰਮੀ ਇਸ ਨਹਿਰ ਨੂੰ ਪੱਕਾ ਕਰਨ 'ਤੇ ਲੱਗਭੱਗ 42 ਕਰੋੜ ਖਰਚਣ ਦੇ ਦਾਅਵੇ ਕੀਤੇ ਗਏ ਅਤੇ 2 ਜਨਵਰੀ 2025 ਨੂੰ ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਵੱਲੋਂ ਪੱਕੀ ਹੋਈ।ਇਸ ਨਹਿਰ ਦਾ ਉਦਘਾਟਨ ਵੀ ਕੀਤਾ ਗਿਆ।

ਇਸ ਨਹਿਰ ਨੂੰ ਪੱਕਾ ਕਰਨ ਤੋਂ ਪਹਿਲਾਂ ਨਹਿਰ ਦੇ ਆਸ-ਪਾਸ ਦੇ ਖੇਤਰਾਂ ਦੀ ਭੌਤਿਕ ਸਥਿਤੀ ਦਾ ਮੁਲਾਂਕਣ ਨਹੀਂ ਕੀਤਾ ਗਿਆ, ਜਿਸ ਦੇ ਸਬੂਤ ਵਜੋਂ ਜਿੱਥੇ ਨਹਿਰ ਦੇ ਪੱਕਾ ਹੋਣ ਬਾਅਦ ਆਸ-ਪਾਸ ਦੇ ਦਰੱਖਤਾਂ ਨੂੰ ਲੱਗਣ ਵਾਲਾ ਨਹਿਰੀ ਪਾਣੀ ਔਸਤਨ ਘਟ ਗਿਆ ਹੈ, ਉਥੇ ਨਹਿਰ ਦੇ ਨਾਲ ਚੱਲਦੇ ਨਾਭੇ ਦੇ ਸ਼ਾਹੀ ਬੀੜ ਦੋਸਾਂਝ ਦੇ ਹਜ਼ਾਰਾਂ ਜੰਗਲੀ ਜੀਵਾਂ ਦੀ ਜ਼ਿੰਦਗੀ ਦਾਅ 'ਤੇ ਲੱਗ ਗਈ ਹੈ। ਨਾਭਾ ਦੇ ਸ਼ਾਹੀ ਬੀੜ ਵਿੱਚ ਹਿਰਨ, ਬਾਰਾਸਿੰਘੇ, ਸਾਂਬਰ, ਰੋਜ਼ ਜਿਸ ਨੂੰ ਨੀਲ-ਗਊ ਵੀ ਆਖਿਆ ਜਾਂਦਾ ਹੈ, ਬਾਂਦਰ, ਗਊਆਂ, ਗੋਹਾਂ, ਜੰਗਲੀ ਸੂਰ ਨਾਲ ਹੋਰ ਜਾਤੀਆਂ ਦੇ ਹਜ਼ਾਰਾਂ ਜੀਵ ਰਹਿੰਦੇ ਹਨ। ਪਾਣੀ ਦੀ ਤਲਾਸ਼ ਵਿੱਚ ਰੋਜ਼ਾਨਾ ਲਗਭੱਗ 2 ਤੋਂ 5-6 ਤੱਕ ਜੰਗਲੀ ਜੀਵ ਇਸ ਨਹਿਰ ਵਿੱਚ ਡਿੱਗਦੇ ਹਨ ਅਤੇ ਨਹਿਰ ਦੇ ਸਾਰੇ ਪਾਸਿਓਂ ਪੱਕਾ ਹੋਣ ਕਾਰਨ ਇਸ ਵਿੱਚ ਫਸ ਕੇ ਰਹਿ ਜਾਂਦੇ ਹਨ। ਦਿਲਚਸਪ ਹੈ ਕਿ ਨਹਿਰ ਨੂੰ ਪੱਕਾ ਕਰਨ ਵੇਲੇ ਰਾਹ ਵਿੱਚ ਪੈਂਦੇ ਜੰਗਲੀ ਬੀੜ ਅਤੇ ਇਸ ਵਿੱਚ ਵਸਦੇ ਹਜ਼ਾਰਾਂ ਜੰਗਲੀ ਜੀਵਾਂ ਦੀਆਂ ਨਹਿਰ ਨਾਲ ਜੁੜੀਆਂ ਜ਼ਰੂਰਤਾਂ ਨੂੰ ਅਣਦੇਖਾ ਕਰ ਦਿੱਤਾ ਗਿਆ, ਜੋ ਕਿ ਮਨੁੱਖਤਾ ਅਤੇ ਸਮਾਜਿਕ ਪੱਧਰ 'ਤੇ ਜਾਣ ਕਾਰਨ ਲਗਾਤਾਰ ਚਰਚਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਦੂਜੇ ਪਾਸੇ ਸੰਬੰਧਤ ਵਿਭਾਗਾਂ ਕੋਲ ਇਸ ਗੰਭੀਰ ਸਮੱਸਿਆ ਨਾਲ ਨਜਿੱਠਣ ਦੇ ਸਾਧਨ ਹੋਣ ਦੇ ਬਾਵਜੂਦ ਮਾਮਲਾ ਪ੍ਰਸਤਾਵ ਭੇਜਣ ਤੱਕ ਹੀ ਸੀਮਤ ਨਜ਼ਰ ਜ਼ਰੂਰ ਆ ਰਿਹਾ ਹੈ ਜਿਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਭਵਿੱਖ ਵਿੱਚ ਲੱਗਣ ਵਾਲੇ ਸਮੇਂ ਦਾ ਇੰਤਜ਼ਾਰ ਕਰਨਾ ਪਵੇਗਾ।



ਨਾਭਾ ਦੇ ਰੋਹਟੀ ਪੁਲ ਨਹਿਰ 'ਚ ਡਿੱਗਿਆ ਜੰਗਲੀ ਜੀਵ।

ਨਹਿਰ ਅਤੇ ਜੰਗਲੀ ਬੀੜ ਨਾਲ ਜੁੜੇ ਉੱਘੇ ਐੱਨ.ਆਰ.ਆਈ ਕਿਸਾਨ ਗੁਰਿੰਦਰਦੀਪ ਸਿੰਘ ਕਲਿਆਣ, ਭਾਕਿਯੂ (ਕਾਦੀਆ) ਜ਼ਿਲ੍ਹਾ ਪ੍ਰਧਾਨ ਅਬਜਿੰਦਰ ਸਿੰਘ ਜੋਗੀ ਗਰੇਵਾਲ, ਪ੍ਰਧਾਨ ਦਰਸ਼ਨ ਸਿੰਘ ਧਾਰਨੀ, ਧਰਵਿੰਦਰ ਸਿੰਘ ਪੰਚਾਇਤ ਮੈਂਬਰ ਭੋਜੋਮਾਜਰੀ, ਬਿੱਲੂ ਭਲਵਾਨ ਚਾਸਵਾਲ, ਹਰਦੀਪ ਸਿੰਘ ਘੁਲਾ, ਜੋਗੀ ਅੜਕ ਖਿਜਰਪੁਰ, ਅਮਰਜੀਤ ਸਿੰਘ ਲੱਖੀ, ਸਰਬਜੀਤ ਸਿੰਘ ਹੈਪੀ, ਲਾਭ ਸਿੰਘ ਬਿਰੜਵਾਲ ਆਦਿ ਪਿੰਡ ਵਾਸੀਆਂ ਦਸਿਆ ਕਿ ਨਹਿਰ ਦੇ ਪੱਕਾ ਹੋਣ ਨਾਲ ਲਾਹਾ ਤਾਂ ਕੋਈ ਮਿਲਿਆ ਹੋਵੇ ਜਾਂ ਨਾ, ਬਲਕਿ ਪ੍ਰੇਸ਼ਾਨੀਆਂ ਵਧ ਗਈਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਅਣਦੇਖੀ ਅਤੇ ਨਹਿਰ ਦੇ ਪੱਕਾ ਹੋਣ ਸਮੇਂ ਵਰਤੀਆਂ ਅਣਗਹਿਲੀਆਂ ਦਾ ਸ਼ਿਕਾਰ ਜ਼ਿਆਦਾਤਰ ਜੰਗਲੀ ਜੀਵ ਹੋ ਰਹੇ ਹਨ। ਉਨ੍ਹਾ ਕਿਹਾ ਕਿ ਪਹਿਲਾਂ ਤਾਂ ਮਨੁੱਖੀ ਪੱਧਰ 'ਤੇ ਨਹਿਰ ਵਿੱਚ ਡਿੱਗੇ ਜੰਗਲੀ ਜੀਵਾਂ ਨੂੰ ਪਿੰਡ ਵਾਸੀ ਬਚਾ ਲੈਂਦੇ ਸਨ ਪਰੰਤੂ ਨਹਿਰ ਵਿੱਚ ਡਿੱਗੇ ਜੰਗਲੀ ਜੀਵਾਂ ਨੂੰ ਬਚਾਉਣ ਵਾਲਿਆਂ ਖਿਲਾਫ ਸਰਕਾਰੀ ਵਿਭਾਗ ਦੀ ਧੱਕੇਸ਼ਾਹੀ ਭਰੀ ਕਾਰਵਾਈ ਦਾ ਸ਼ਿਕਾਰ ਹੋਣ ਤੋਂ ਹੁਣ ਹਰ ਕੋਈ ਬਚਦਾ ਹੈ।

ਡੀ.ਐੱਫ.ਓ ਪਟਿਆਲਾ ਗੁਰਾਮਨ ਸਿੰਘ ਨੇ ਕਿਹਾ ਕਿ ਜੰਗਲੀ ਜੀਵਾਂ ਨੂੰ ਤਾਜ਼ਾ ਅਤੇ ਚਲਦਾ ਪਾਣੀ ਕਾਫੀ ਪਸੰਦ ਹੁੰਦਾ ਹੈ ਜਿਸ ਕਾਰਨ ਨਹਿਰੀ ਪਾਣੀ ਜੰਗਲੀ ਜੀਵਾਂ ਲਈ ਦਿਲਚਸਪੀ ਦਾ ਕਾਰਨ ਹੁੰਦਾ ਹੈ। ਉਹਨਾਂ ਕਿਹਾ ਕਿ ਨਹਿਰੀ ਵਿਭਾਗ ਦਾ ਸਾਡੇ ਵਿਭਾਗ ਨਾਲ ਕੋਈ ਸੰਬੰਧ ਨਾ ਹੋਣ ਕਾਰਨ ਪਸ਼ੂਆਂ ਜਾਂ ਜੰਗਲੀ ਜੀਵਾਂ ਤੇ ਪਾਣੀ ਪੀਣ ਲਈ ਉਚਿਤ ਥਾਂ ਦਾ ਸੁਝਾਅ ਸਾਂਝਾ ਨਹੀਂ ਕੀਤਾ ਜਾ ਸਕਿਆ। ਉਹਨਾਂ ਭਰੋਸਾ ਦਿੱਤਾ ਕਿ ਉਹ ਸਬੰਧਤ ਬੀੜ ਦੇ ਜੰਗਲੀ ਜੀਵਾਂ ਨੂੰ ਨਹਿਰ ਤੱਕ ਪੁੱਜਣ ਤੋਂ ਰੋਕਣ ਲਈ ਜਾਲੀਦਾਰ ਤਾਰ ਦਾ ਪ੍ਰਸਤਾਵ ਭੇਜਣ ਜਾ ਰਹੇ ਹਨ ਤਾਂ ਜੋ ਜੰਗਲੀ ਜੀਵਾਂ ਨੂੰ ਉਪਰੋਕਤ ਸਮੱਸਿਆ ਤੋਂ ਬਚਾਇਆ ਜਾ ਸਕੇ। ਨਹਿਰੀ ਵਿਭਾਗ ਦੀ ਐਕਸੀਅਨ ਕਿਰਨਦੀਪ ਨੇ ਦੱਸਿਆ ਕਿ ਅਜਿਹੇ ਵਰਤਾਰੇ ਬਾਰੇ ਉਨ੍ਹਾਂ ਨੂੰ ਅੱਜ ਪਤਾ ਚਲਿਆ ਹੈ। ਉਨ੍ਹਾ ਦੱਸਿਆ ਕਿ ਪਹਿਲੇ ਸਮੇਂ ਨਹਿਰਾਂ ਵਿੱਚ ਪਸ਼ੂ ਨਹਾਉਣ ਨੂੰ ਛੋਟੇ-ਛੋਟੇ ਘਾਟ ਬਣਾਏ ਜਾਂਦੇ ਸਨ ਪਰੰਤੂ ਸਾਲ 2020 ਬਾਅਦ ਅਜਿਹੇ ਘਾਟਾਂ ਦਾ ਨਿਰਮਾਣ ਬੈਨ ਕਰ ਦਿੱਤਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੇ ਧਿਆਨ ਵਿੱਚ ਇਹ ਮਸਲਾ ਲਿਆਉਣਗੇ ਜਿਸ ਤੋਂ ਬਾਅਦ ਮਸਲੇ ਦਾ ਕੋਈ ਯੋਗ ਹੱਲ ਕੱਢ ਲਿਆ ਜਾਵੇਗਾ।ਉਪਰੋਕਤ ਸਥਿਤੀ ਨੂੰ ਵਿਸਥਾਰ ਸੁਣ ਕੇ ਪੰਜਾਬ ਵਾਟਰ ਰੀਸੋਰਸ ਵਿਭਾਗ ਦੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਸਭ ਤੋਂ ਪਹਿਲਾਂ ਜੰਗਲੀ ਜੀਵ ਵਿਭਾਗ ਨੂੰ ਆੜੇ ਹੱਥੀਂ ਲੈਂਦਿਆਂ ਹੈਰਾਨੀ ਨਾਲ ਕਿਹਾ ਕਿ ਜੰਗਲੀ ਜੀਵਾਂ ਨੂੰ ਨਹਿਰ ਤੱਕ ਆਉਣ ਕਿਉਂ ਦਿੱਤਾ ਜਾ ਰਿਹਾ ਹੈ ਜਦਕਿ ਉਨ੍ਹਾਂ ਲਈ ਬੀੜ ਤੱਕ ਨਹਿਰੀ ਪਾਣੀ ਨੂੰ ਅਪੜਨ ਦੀ ਵਿਵਸਥਾ ਪਹਿਲਾਂ ਹੀ ਕਰ ਦਿੱਤੀ ਗਈ ਸੀ। ਉਨ੍ਹਾਂ ਸਮੱਸਿਆ ਦੀ ਗੰਭੀਰਤਾ ਨੂੰ ਸਮਝਦਿਆਂ ਕਿਹਾ ਕਿ ਨਹਿਰ ਪੱਕੀ ਕਰਨ ਸਮੇਂ ਅਜਿਹਾ ਕੋਈ ਪੁਆਇੰਟ ਰੱਖਣਾ (ਜਿੱਥੇ ਜੰਗਲੀ ਜੀਵ ਪਾਣੀ ਪੀ ਕੇ ਸੁਰੱਖਿਅਤ ਨਿਕਲ ਸਕਣ) ਸੰਭਵ ਨਹੀਂ ਹੁੰਦਾ ਪਰੰਤੂ ਮੌਜੂਦਾ ਸਮੇਂ ਜੇਕਰ ਕੋਈ ਹੋਰ ਸੁਰੱਖਿਅਤ ਹੱਲ ਬਣਾਇਆ ਜਾਵੇ ਤਾਂ ਉਹ ਪੀੜਤ ਨਜ਼ਰ ਆਉਂਦੇ ਬੇਜ਼ੁਬਾਨਾਂ ਲਈ ਵਿਭਾਗ ਦੇ ਸਹਿਯੋਗ ਨਾਲ ਉਪਰਾਲਾ ਕਰਨ ਨੂੰ ਤਿਆਰ ਹਨ।

# ਦੇਸ਼ ਭਗਤ ਗਲੋਬਲ ਸਕੂਲ ਵਿਖੇ ਸਿਹਤ ਸੰਬੰਧੀ ਜਾਗਰੂਕਤਾ ਸੈਮੀਨਾਰ

**ਜੇ ਹਰ ਵਿਅਕਤੀ ਬਿਮਾਰੀਆਂ ਬਾਰੇ ਸਮਝ ਰੱਖੇ ਤੇ ਸਾਵਧਾਨ ਰਹੇ, ਤਾਂ ਅਸੀਂ ਤੰਦਰੁਸਤ ਤੇ ਖੁਸ਼ਹਾਲ ਸਮਾਜ ਬਣਾ ਸਕਦੇ ਹਾਂ : ਡਾਕਟਰ ਜਿੰਦਲ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ-ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿੱਚ ਗੰਭੀਰ ਬਿਮਾਰੀਆਂ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਸੈਮੀਨਾਰ ਕਰਵਾਇਆ ਗਿਆ।ਇਸ ਮੌਕੇ ਪਹੁੰਚੇ ਡਾਕਟਰ ਹਰਭਗਵਾਨ ਸਿੰਘ ਹੈਰੀ, ਸੀਨਿਅਰ ਟੀ. ਬੀ. ਲੈਬ ਸੁਪਰਵਾਈਜ਼ਰ, ਸਿਵਿਲ ਹਸਪਤਾਲ, ਸ੍ਰੀ ਮੁਕਤਸਰ ਸਾਹਿਬ ਨੇ ਬੱਚਿਆਂ ਨੂੰ ਬਿਮਾਰੀਆਂ ਸਬੰਧੀ ਜਾਣਕਾਰੀ ਦਿੱਤੀ ਤੇ ਉਨ੍ਹਾਂ ਦੇ ਬਚਾਅ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਟੀ. ਬੀ. ਇੱਕ ਗੰਭੀਰ ਸੰਕਰਮਕ ਬਿਮਾਰੀ ਹੈ, ਜੋ ਐੱਮ ਟੀ ਨਾਮਕ ਬੈਕਟੀਰੀਆ ਕਰਕੇ ਹੁੰਦੀ ਹੈ।ਇਹ ਬਿਮਾਰੀ ਆਮ ਤੌਰ 'ਤੇ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ।ਉਨ੍ਹਾਂ ਕਿਹਾ ਮਰੀਜ਼ ਨੂੰ ਚੰਗੀ ਤਰ੍ਹਾਂ ਹਵਾਦਾਰ ਕਮਰੇ ਵਿੱਚ ਰੱਖਣਾ ਚਾਹੀਦਾ ਹੈ।ਸਾਫ-ਸੁਥਰਾ ਵਾਤਾਵਰਨ ਰੱਖਣਾ ਤੇ ਪੌਸ਼ਟਿਕ ਆਹਾਰ ਖਾਣਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਇਸ ਗੰਭੀਰ ਬਿਮਾਰੀ ਦੇ ਆਉਣ ਤੋਂ ਪਹਿਲਾਂ ਇਹ ਲੱਛਣ ਦਿਖਾਈ ਦਿੰਦੇ ਹਨ, ਜਿਵੇਂ ਲੰਮਾ ਸਮਾਂ ਤੱਕ ਖੰਘ ਆਉਣੀ, ਖੰਘਣ ਸਮੇਂ ਖੂਨ ਆਉਣਾ, ਭੁੱਖ ਨਾ ਲੱਗਣੀ, ਭਾਰ ਘਟਣਾ, ਬੁਖਾਰ ਤੇ ਰਾਤ ਨੂੰ ਪਸੀਨਾ ਆਉਣਾ ਆਦਿ ਹੁੰਦਾ ਹੈ।ਇਸ ਦੀ ਰੋਕਥਾਮ ਲਈ ਉਨ੍ਹਾਂ ਕਿਹਾ ਕਿ ਟੀ. ਬੀ. ਦਾ ਇਲਾਜ ਲੰਮਾ ਹੋ ਸਕਦਾ ਹੈ, ਪਰ ਇਹ ਸੰਭਵ ਹੈ।ਸਰਕਾਰ ਵੱਲੋਂ ਮੁਫਤ ਦਵਾਈਆਂ 'ਡਾਟ' ਯੋਜਨਾ ਤਹਿਤ ਮਿਲਦੀਆਂ ਹਨ।ਮਰੀਜ਼ ਨੂੰ ਦਵਾਈ ਨਿਰੰਤਰ ਲੈਣੀ ਚਾਹੀਦੀ ਹੈ, ਨਹੀਂ ਤਾਂ ਰੋਗ ਮੁੜ ਵਧ ਸਕਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਡੇਂਗੂ, ਕੋਰੋਨਾ, ਚਮੜੀ ਦੀਆਂ ਬਿਮਾਰੀਆਂ, ਸ਼ੂਗਰ, ਬੀ.ਪੀ., ਦਿਲ ਦੀਆਂ ਬਿਮਾਰੀਆਂ ਤੇ ਹੋਰਨਾਂ ਰੋਗਾਂ ਦੇ ਲੱਛਣਾਂ, ਰੋਕਥਾਮ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਸਹੀ ਆਹਾਰ, ਕਸਰਤ ਤੇ ਡਾਕਟਰੀ ਜਾਂਚ ਸਭ ਲਈ ਜ਼ਰੂਰੀ ਹੈ।ਤੰਦਰੁਸਤ ਜੀਵਨ ਲਈ ਸਰੀਰ ਨੂੰ ਪੋਸ਼ਣ ਦੀ ਲੋੜ ਹੁੰਦੀ ਹੈ।ਇਸ ਲਈ ਸਾਨੂੰ ਸੰਤੁਲਿਤ ਭੋਜਨ ਖਾਣਾ ਚਾਹੀਦਾ ਹੈ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਸੰਤੁਲਿਤ ਭੋਜਨ ਨਾਲ ਸਾਡੇ ਸਰੀਰ ਵਿੱਚ ਵਾਧੂ ਵਿਕਾਸ ਹੁੰਦਾ ਹੈ ਤੇ ਅਸੀਂ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਪੈਦਾ ਕਰ ਸਕਦੇ ਹਾਂ।ਉਨ੍ਹਾ ਕਿਹਾ ਕਿ ਜੇਕਰ ਹਰ ਵਿਅਕਤੀ ਇਨ੍ਹਾਂ ਬਿਮਾਰੀਆਂ ਬਾਰੇ ਸਮਝ ਰੱਖੇ ਤੇ ਸਾਵਧਾਨ ਰਹੇ, ਤਾਂ ਅਸੀਂ ਇੱਕ ਤੰਦਰੁਸਤ ਤੇ ਖੁਸ਼ਹਾਲ ਸਮਾਜ ਬਣਾ ਸਕਦੇ ਹਾਂ।ਇਸ ਮੌਕੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਬੱਚਿਆਂ ਨੂੰ ਘਰ ਵਿੱਚ ਫਲ, ਹਰੀ ਸਬਜ਼ੀਆਂ, ਦੁੱਧ ਆਦਿ ਦਾ ਸੇਵਨ ਰੂਟੀਨ ਵਿੱਚ ਕਰਨਾ ਚਾਹੀਦਾ ਹੈ।ਸੰਤੁਲਿਤ ਭੋਜਨ ਹੀ ਸਰੀਰ ਦੀ ਰੱਖਿਆ ਕਰਦਾ ਹੈ।ਜੇ ਅਸੀਂ ਸਮਾਜ ਵਿੱਚ ਇਸ ਬਾਰੇ ਜਾਗਰੂਕਤਾ ਫੈਲਾਈਏ, ਤਾਂ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ ਤੇ ਨਵੀਂ ਪੀੜ੍ਹੀ ਨੂੰ ਤੰਦਰੁਸਤ ਬਣਾਇਆ ਜਾ ਸਕਦਾ ਹੈ।ਇਨ੍ਹਾਂ ਬਿਮਾਰੀਆਂ ਤੋਂ ਬਚਣ ਦੇ ਤੌਰ ਤਰੀਕੇ ਦੱਸਦੇ ਹੋਏ ਪ੍ਰਿੰਸੀਪਲ ਡਾਕਟਰ ਜਿੰਦਲ ਨੇ ਕਿਹਾ ਕਿ ਜੇਕਰ ਹਰ ਵਿਅਕਤੀ ਬਿਮਾਰੀਆਂ ਬਾਰੇ ਸਮਝ ਰੱਖੇ ਤੇ ਸਾਵਧਾਨ ਰਹੇ, ਤਾਂ ਅਸੀਂ ਇੱਕ ਤੰਦਰੁਸਤ ਤੇ ਖੁਸ਼ਹਾਲ ਸਮਾਜ ਬਣਾ ਸਕਦੇ ਹਾਂ।

## ਲੁਧਿਆਣਾ-ਬਠਿੰਡਾ ਮੁੱਖ ਮਾਰਗ ਸਣੇ ਪੇਂਡੂ ਸੜਕਾਂ ਦੀ ਹਾਲਤ ਤਰਸਯੋਗ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕਸਬਾ ਮਹਿਲ ਕਲਾਂ ਵਿਖੇ ਬਠਿੰਡਾ-ਲੁਧਿਆਣਾ ਮੁੱਖ ਮਾਰਗ ਸੜਕ ਦੀ ਹਾਲਤ ਖਸਤਾ ਹੋਣ ਕਾਰਨ ਹਰ ਰੋਜ਼ ਲੰਘਣ ਵਾਲੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਬੱਸ ਸਟੈਂਡ ਦੇ ਮੁੱਖ ਬਾਜ਼ਾਰ ਦੀ ਸੜਕ ਵਿਚਕਾਰੋਂ ਧਸਣ ਕਰਕੇ ਡੂੰਘੇ ਖੱਡੇ ਪੈਣ ਕਾਰਨ ਇਥੇ ਕੋਈ ਨਾ ਕੋਈ ਹਾਦਸਾ ਵਾਪਰਦਾ ਹੀ ਰਹਿੰਦਾ ਹੈ।ਭਾਈ ਲਾਲੋ ਪੰਜਾਬੀ ਮੰਚ ਦੇ ਕਨਵੀਨਰ ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਮਹਿਲ ਕਲਾਂ ਨੂੰ ਨੰਬਰ ਵਨ ਬਨਾਉਣ ਦੇ ਕੀਤੇ ਜਾ ਵੱਡੇ-ਵੱਡੇ ਦਾਅਵੇ ਅਸਲੀਅਤ ਤੋਂ ਕੋਹਾਂ ਦੂਰ ਹਨ।ਜਥੇ: ਅਜਮੇਰ ਸਿੰਘ ਮਹਿਲ ਕਲਾਂ, ਮੰਗਤ ਸਿੰਘ ਸਿੱਧੂ ਨੇ ਕਿਹਾ ਕਿ ਮਹਿਲ ਕਲਾਂ ਤੋਂ ਟੋਲ ਟੈਕਸ ਹਟਾਏ ਜਾਣ ਤੋਂ ਬਾਅਦ ਮੁੱਖ ਮਾਰਗ ਦਾ ਕੋਈ ਵਾਲੀ ਵਾਰਸ ਨਹੀਂ ਰਿਹਾ।ਸੂਬਾ ਸਰਕਾਰ ਵਿਕਾਸ ਕਾਰਜਾਂ ਤੇ ਨਵੀਂਆਂ ਸੜਕਾਂ ਅਤੇ ਮੁਰੰਮਤ ਕਰਨ ਦੇ ਹਰ ਰੋਜ਼ ਵੱਡੇ ਵੱਡੇ ਦਾਅਵੇ ਕਰਦੀ ਨਹੀਂ ਥੱਕਦੀ।ਪਿਛਲੇ ਸਮੇਂ ਇਸ ਇਲਾਕੇ 'ਚ ਕੋਈ ਨਵੀਂ ਸੜਕ ਤਾਂ ਕੀ ਬਨਾਉਣੀ ਸੀ, ਨਿੱਤ ਹਾਦਸਿਆਂ ਦਾ ਕਾਰਨ ਬਣਦੀਆਂ ਲਿੰਕ ਸੜਕਾਂ ਦੀ ਮੁਰੰਮਤ ਵੀ ਨਹੀਂ ਹੋਈ।ਹੁਣ ਬਾਰਿਸ਼ਾਂ ਸ਼ੁਰੂ ਹੋਣ ਕਰਕੇ ਇਹ ਕੰਮ ਉਂਝ ਹੀ ਨਹੀਂ ਕਰਾਇਆ ਜਾ ਸਕੇਗਾ। ਦੁਕਾਨਦਾਰ ਯੂਨੀਅਨ ਦੇ ਪ੍ਰਧਾਨ ਗਗਨਦੀਪ ਸਿੰਘ ਸਰਾਂ, ਚੇਅਰਮੈਨ ਪ੍ਰੇਮ ਕੁਮਾਰ ਪਾਸੀ, ਹਰਦੀਪ ਸਿੰਘ ਬੀਹਲਾ, ਡਾ. ਅਮਰਜੀਤ ਸਿੰਘ, ਪਰਮਜੀਤ ਸਿੰਘ ਜਗਦੇ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਲੋਕਾਂ ਦੀ ਇਸ ਗੰਭੀਰ ਮੁਸ਼ਕਲ ਨੂੰ ਦੇਖਦਿਆਂ ਮੁੱਖ ਮਾਰਗ ਅਤੇ ਆਲੇ ਦੁਆਲੇ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਪਹਿਲ ਦੇ ਆਧਾਰ ਤੇ ਕਰਾ ਕੇ ਲੋਕਾਂ ਨੂੰ ਭਾਰੀ ਰਾਹਤ ਦਿੱਤੀ ਜਾਵੇ।

## ਮੌਸਮ ਖਰਾਬ ਹੋਣ ਕਾਰਨ ਸਮਾਗਮ ਮੁਲਤਵੀ

**ਕੋਟਕਪੂਰਾ (ਰਛਪਾਲ ਭੁੱਲਰ)**-ਰਾਮ ਮੁਹੰਮਦ ਸਿੰਘ ਆਜ਼ਾਦ ਵੈੱਲਫੇਅਰ ਸੋਸਾਇਟੀ ਕੋਟਕਪੂਰਾ ਦੇ ਪ੍ਰਧਾਨ ਅਸ਼ੋਕ ਕੌਸ਼ਲ, ਮੀਤ ਪ੍ਰਧਾਨ ਪ੍ਰੇਮ ਚਾਵਲਾ, ਜਨਰਲ ਸਕੱਤਰ ਕੁਲਵੰਤ ਸਿੰਘ ਚਾਨੀ, ਵਿੱਤ ਸਕੱਤਰ ਸੋਮ ਨਾਥ ਅਰੋੜਾ, ਸਲਾਹਕਾਰ ਗੁਰਿੰਦਰ ਸਿੰਘ ਮਹਿੰਦੀ ਰੱਤਾ, ਪ੍ਰੋਫੈਸਰ ਹਰਬੰਸ ਸਿੰਘ ਪਦਮ, ਮੁਖਤਿਆਰ ਸਿੰਘ ਮੱਤਾ, ਤਰਸੇਮ ਨਰੂਲਾ ਤੇ ਗੁਰਚਰਨ ਸਿੰਘ ਮਾਨ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਜੀ ਦੇ 86ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਮਾਗਮ ਸਰਕਾਰੀ ਹਾਈ ਸਕੂਲ ਜਲਾਲੇਆਣਾ ਵਿਖੇ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ।ਉਨ੍ਹਾਂ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਹੋ ਰਹੀ ਬਾਰਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਸਮਾਗਮ ਹਾਲ ਦੀ ਘੜੀ ਮੁਲਤਵੀ ਕਰਨਾ ਪਿਆ ਹੈ।ਉਨ੍ਹਾਂ ਦੱਸਿਆ ਕਿ ਜਲਦੀ ਹੀ ਇਹ ਸਮਾਗਮ ਕੀਤਾ ਜਾਵੇਗਾ ਤੇ ਸਮਾਗਮ ਦੌਰਾਨ ਸਰਕਾਰੀ ਹਾਈ ਸਕੂਲ ਜਲਾਲੇਆਣਾ ਦੇ ਛੇਵੀਂ ਤੋਂ ਦਸਵੀਂ ਜਮਾਤ ਤੱਕ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ।

## ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਹਫ਼ਤੇ ਦੀ ਹੋਈ ਸ਼ੁਰੂਆਤ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਡਾ. ਹਤਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਸਿਵਲ ਸਰਜਨ ਡਾ. ਸੰਜੇ ਕਾਮਰਾ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਸੰਗਰੂਰ ਵਿੱਚ 1 ਅਗਸਤ ਤੋਂ 7 ਅਗਸਤ ਤੱਕ ਵਿਸ਼ਵ ਸਤਨਪਾਨ ਜਾਗਰੂਕਤਾ ਹਫ਼ਤਾ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਵੱਖ-ਵੱਖ ਪਿੰਡਾਂ ਵਿਖੇ ਕੈਂਪ ਲਾਏ ਜਾਣਗੇ।ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਅੰਜੂ ਸਿੰਗਲਾ ਨੇ ਕਿਹਾ ਕਿ ਮਾਂ ਦਾ ਦੁੱਧ ਬੱਚਿਆਂ ਵਿੱਚ ਰੋਗਾਂ ਨਾਲ ਲੜਨ ਦੀ ਤਾਕਤ ਨੂੰ ਵਧਾਉਂਦਾ ਹੈ। ਡਾ. ਅੰਜੂ ਸਿੰਗਲਾ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਤੇ ਯੂਨੀਸੇਫ ਦੀ ਇੱਕ ਰਿਪੋਰਟ ਦੇ ਅਨੁਸਾਰ ਬੱਚਿਆਂ ਦੀ ਸਿਹਤ, ਪੋਸ਼ਣ ਤੇ ਵਿਕਾਸ ਲਈ ਸਤਨਪਾਨ ਜਾਂ ਮਾਂ ਦਾ ਦੁੱਧ ਲਾਜ਼ਮੀ ਹੈ।ਉਨ੍ਹਾਂ ਕਿਹਾ ਕਿ ਬੱਚੇ ਦੇ ਜਨਮ ਤੋਂ 1 ਘੰਟੇ ਦੇ ਅੰਦਰ ਸਤਨਪਾਨ ਸ਼ੁਰੂ ਕਰਾਉਣਾ ਬੱਚੇ ਲਈ ਬਹੁਤ ਲਾਭਕਾਰੀ ਹੁੰਦਾ ਹੈ।ਉਨ੍ਹਾਂ ਕਿਹਾ ਕਿ ਪਹਿਲੇ 6 ਮਹੀਨੇ ਤੱਕ ਬੱਚੇ ਨੂੰ ਸਿਰਫ ਸਤਨਪਾਨ ਕਰਾਇਆ ਜਾਣਾ ਚਾਹੀਦਾ ਹੈ।ਇਸ ਦੇ ਬਾਅਦ ਪੂਰਕ ਖੁਰਾਕ ਦੇ ਨਾਲ-ਨਾਲ ਘੱਟੋ ਘੱਟ 2 ਸਾਲ ਤੱਕ ਸਤਨਪਾਨ ਜਾਰੀ ਰੱਖਣਾ ਚਾਹੀਦਾ ਹੈ।

## ਕੈਨੇਡਾ ਸਟੱਡੀ ਵੀਜ਼ੇ ਦਾ ਸੈਮੀਨਾਰ ਅੱਜ

**ਜਗਰਾਉਂ (ਸੰਜੀਵ ਅਰੋੜਾ)**-ਮੈਕਰੋ ਗਲੋਬਲ ਗਰੁੱਪ ਆਫ਼ ਇੰਸਟੀਚਿਊਟ ਦੇ ਐਮ.ਡੀ. ਗੁਰਮਿਲਾਪ ਸਿੰਘ ਡੱਲਾ ਨੇ ਦੱਸਿਆ ਕਿ ਇਮੀਗ੍ਰੇਸ਼ਨ ਦੇ ਪਾਰਦਰਸ਼ੀ ਢੰਗ ਨਾਲ ਕੀਤੇ ਜਾ ਰਹੇ ਕੰਮ ਕਰਕੇ ਵੱਡੀ ਗਿਣਤੀ ਵਿੱਚ ਕੈਨੇਡਾ ਜਾਣ ਵਾਲੇ ਚਾਹਵਾਨ ਲੋਕਾਂ ਦੇ ਵੀਜ਼ੇ ਲੱਗ ਰਹੇ ਹਨ। ਕੈਨੇਡਾ ਵਰਗੇ ਵਿਕਸਿਤ ਦੇਸ਼ਾਂ ਅੰਦਰ ਯੂਨੀਵਰਸਿਟੀ ਅਤੇ ਕਾਲਜਾਂ ਵਿੱਚ ਪੜ੍ਹਾਈ ਦੇ ਤੌਰ ਤਰੀਕੇ ਅਤੇ ਦੂਜੇ ਏਜੰਟਾਂ ਤੋਂ ਰਿਫਊਜ਼ ਫਾਈਲਾਂ ਨੂੰ ਮੁੜ ਤੋਂ ਵਧੀਆ ਤਰੀਕੇ ਨਾਲ ਅਪਲਾਈ ਕੀਤਾ ਜਾਂਦਾ ਹੈ। ਮੈਕਰੋ ਗਲੋਬਲ ਵਿਖੇ 2 ਅਗਸਤ ਨੂੰ ਇਕ ਵਿਸ਼ਾਲ ਸੈਮੀਨਾਰ/ਐਜੂਕੇਸ਼ਨ ਫੇਅਰ ਦਾ ਵਿਸ਼ਾਲ ਆਯੋਜਨ ਕਰਾਇਆ ਜਾ ਰਿਹਾ ਹੈ। ਇਹ ਸੈਮੀਨਾਰ 10 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਮੈਕਰੋ ਗਲੋਬਲ ਦੇ ਦਫ਼ਤਰ ਵਿੱਚ ਹੋਵੇਗਾ, ਜਿਸ ਵਿੱਚ ਕੈਨੇਡਾ ਦੇ ਟੌਪ ਕਾਲਜ ਤੇ ਯੂਨੀਵਰਸਿਟੀ ਦੇ ਨੁਮਾਇੰਦੇ ਮੌਜੂਦ ਹੋਣਗੇ। ਇਸ ਮੌਕੇ ਵਿਦਿਆਰਥੀ ਮੌਕੇ 'ਤੇ ਸਪੋਟ ਆਫ਼ਰ ਲੈਟਰ ਪ੍ਰਾਪਤ ਕਰ ਸਕਦੇ ਹਨ ਤੇ ਵਿਸ਼ੇਸ਼ ਸਕਾਲਰਸ਼ਿਪ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਡਾਕੂਮੈਂਟਸ ਚੈੱਕ ਕਰਕੇ ਯੋਗਤਾ ਅਨੁਸਾਰ ਗਾਈਡੈਂਸ ਦਿੱਤੀ ਜਾਵੇਗੀ। ਜੇਕਰ ਤੁਸੀਂ ਵੀ ਕੈਨੇਡਾ ਸਟੱਡੀ ਵੀਜ਼ਾ ਅਪਲਾਈ ਕਰਨਾ ਚਾਹੁੰਦੇ ਹੋ ਤਾਂ ਇਸ ਸੁਨਹਿਰੀ ਮੌਕੇ ਨੂੰ ਨਾ ਗਵਾਓ। ਮੈਕਰੋ ਗਲੋਬਲ ਤੋਂ ਹੀ ਆਈਲੈਟਸ ਕਰਕੇ ਸਟੱਡੀ ਵੀਜ਼ਾ ਅਪਲਾਈ ਕਰਨ ਵਾਲੇ ਵਿਦਿਆਰਥੀ ਤੋਂ ਵੀਜ਼ਾ ਦੀ ਪ੍ਰੋਸੈਸਿੰਗ ਫੀਸ ਨਹੀਂ ਲਈ ਜਾਂਦੀ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਮੈਕਰੋ ਗਲੋਬਲ ਦੀ ਟੀਮ ਵੱਲੋਂ ਸਟੱਡੀ ਵੀਜ਼ਾ ਲਈ ਕਾਲਜ ਤੇ ਸਹੀ ਕੋਰਸ ਦੀ ਚੋਣ ਕਰਨ ਵਿੱਚ ਪੂਰੀ ਮਦਦ ਕਰਦੀ ਹੈ ਤਾਂ ਜੁ ਵਿਦੇਸ਼ ਵਿੱਚ ਜਾ ਕੇ ਵਿਦਿਆਰਥੀ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

हरियाणा सरकार

"युवाओं को नौकरी देने का हमारा अभियान निरंतर जारी है। भारत सरकार रोज़गार के नए अवसर उपलब्ध कराने पर भी ध्यान केंद्रित कर रही है।"

- नरेन्द्र मोदी



# ਅਸਰਦਾਰ ਸਰਕਾਰ - ਸੁਸ਼ਾਸਨ ਹੀ ਆਧਾਰ

## ਗਰੁੱਪ 'ਡੀ' ਵਰਗ ਦੇ ਨਵ-ਨਿਯੁਕਤ ਸਰਕਾਰੀ ਕਰਮਚਾਰੀਆਂ ਦਾ

## ਰਾਜ ਪੱਧਰੀ ਸੰਮੇਲਨ

2 ਅਗਸਤ, 2025 | ਦੁਪਹਿਰ 12 ਵਜੇ | ਇੰਦਰਧਨੁਸ਼ ਆਡੀਟੋਰੀਅਮ, ਸੈਕਟਰ-5, ਪੰਚਕੂਲਾ

ਮੁੱਖ ਮਹਿਮਾਨ

**ਸ਼੍ਰੀ ਨਾਇਬ ਸਿੰਘ ਸੈਣੀ**

ਮੁੱਖ ਮੰਤਰੀ, ਹਰਿਆਣਾ

- ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ, ਲਗਭਗ 1.75 ਲੱਖ ਨੌਜਵਾਨਾਂ ਨੂੰ ਪਾਰਦਰਸ਼ਤਾ ਅਤੇ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ
- HKRNL ਦੁਆਰਾ ਲਗਭਗ 23 ਹਜ਼ਾਰ ਨੌਜਵਾਨਾਂ ਨੂੰ ਦਿੱਤੀਆਂ ਨੌਕਰੀਆਂ
- ਗਰੁੱਪ 'ਸੀ' ਅਤੇ 'ਡੀ' ਦੀਆਂ ਭਰਤੀਆਂ ਵਿਚ ਇੰਟਰਵਿਊ ਨੂੰ ਕੀਤਾ ਖਤਮ
- ਠੇਕਾ ਕਰਮਚਾਰੀਆਂ ਦੀਆਂ ਨੌਕਰੀਆਂ ਸੇਵਾਮੁਕਤੀ ਤੱਕ ਸੁਰੱਖਿਅਤ, 5 ਸਾਲ ਪੂਰੇ ਕਰ ਚੁੱਕੇ ਠੇਕਾ ਕਰਮਚਾਰੀ ਹੋਣਗੇ ਨੀਤੀ ਦੇ ਲਾਭਪਾਤਰ
- ਵਾਰ-ਵਾਰ ਹੋਣ ਵਾਲੀਆਂ ਮੁਕਾਬਲਾ ਪ੍ਰੀਖਿਆਵਾਂ ਤੋਂ ਛੁਟਕਾਰੇ ਲਈ ਸਾਂਝਾ ਯੋਗਤਾ ਟੈਸਟ (CET) ਲਈ ਕੀਤਾ ਗਿਆ ਪ੍ਰਬੰਧ
- ਨੌਜਵਾਨਾਂ ਨੂੰ ਵਿਦੇਸ਼ ਭੇਜਣ ਲਈ ਓਵਰਸੀਜ਼ ਪਲੇਸਮੈਂਟ ਸੈੱਲ ਦੀ ਸਥਾਪਨਾ

**ਆਪ ਸਭ ਨੂੰ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ**

ਪ੍ਰੋਗਰਾਮ ਨਾਲ ਜੁੜਨ ਲਈ QR ਕੋਡ ਸਕੈਨ ਕਰੋ

ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ ਦੇ Whatsapp ਚੈਨਲ ਨਾਲ ਜੁੜਨ ਲਈ QR ਕੋਡ ਨੂੰ ਸਕੈਨ ਕਰੋ

ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ

www.prharyana.gov.in | Follow us on @diprharyana

2-Aug-PAGE-4.qxd 8/1/2025 10:51 PM Page 1

ਨਵਾਂ ਜ਼ਮਾਨਾ

ਸ਼ਨੀਵਾਰ, 2 ਅਗਸਤ 2025

# ਦਲਬਦਲੀ ਰੋਗ

*ਵਿਧਾਇਕਾਂ ਤੇ ਸਾਂਸਦਾਂ ਨੂੰ ਵੋਟਰਾਂ ਨਾਲ ਬੇਵਫਾਈ ਕਰਕੇ ਪਾਰਟੀ ਬਦਲਣ ਤੋਂ ਰੋਕਣ ਲਈ 1985 ਵਿੱਚ ਸੰਵਿਧਾਨ 'ਚ 52ਵੀਂ ਸੋਧ ਕਰਕੇ ਦਸਵੀਂ ਅਨੁਸੂਚੀ (ਸ਼ਡਿਊਲ) ਜੋੜੀ ਗਈ ਸੀ। ਇਸ ਦਾ ਮੁੱਖ ਉਦੇਸ਼ ਸਿਆਸੀ ਅਸਥਿਰਤਾ ਨੂੰ ਘਟਾਉਣਾ ਤੇ ਸਰਕਾਰਾਂ ਨੂੰ ਸਥਿਰਤਾ ਪ੍ਰਦਾਨ ਕਰਨਾ ਸੀ। ਇਸ ਕਾਨੂੰਨ ਤਹਿਤ ਜੇ ਕੋਈ ਚੁਣਿਆ ਮੈਂਬਰ ਆਪਣੀ ਪਾਰਟੀ ਦੇ ਨਿਰਦੇਸ਼ਾਂ ਦੇ ਖਿਲਾਫ ਵੋਟ ਦਿੰਦਾ ਹੈ ਜਾਂ ਪਾਰਟੀ ਛੱਡ ਦਿੰਦਾ ਹੈ ਤਾਂ ਉਸ ਨੂੰ ਅਯੋਗ ਐਲਾਨਿਆ ਜਾ ਸਕਦਾ ਹੈ। ਇਸ ਦਾ ਫੈਸਲਾ ਸਪੀਕਰ ਜਾਂ ਅਸੈਂਬਲੀ ਤੇ ਸੰਸਦ ਦੇ ਪ੍ਰੀਜ਼ਾਈਡਿੰਗ ਅਧਿਕਾਰੀ ਕਰਦੇ ਹਨ। ਇਨ੍ਹਾਂ ਨੂੰ ਇਹ ਅਧਿਕਾਰ ਇਸ ਕਰਕੇ ਦਿੱਤਾ ਗਿਆ ਸੀ ਕਿ ਮਾਮਲੇ ਅਦਾਲਤਾਂ ਵਿੱਚ ਨਾ ਰੁਲਦੇ ਰਹਿਣ। ਕਾਨੂੰਨ ਵਿੱਚ ਆਸ ਕੀਤੀ ਗਈ ਸੀ ਕਿ ਇਹ ਅਧਿਕਾਰੀ ਫੈਸਲਾ ਲੈਣ ਸਮੇਂ ਨਿਰਪੱਖ ਰਹਿਣਗੇ ਅਤੇ ਕਿਸੇ ਪਾਰਟੀ ਦੇ ਪ੍ਰਭਾਵ ਵਿੱਚ ਨਾ ਆ ਕੇ ਛੇਤੀ ਮਾਮਲੇ ਨਿਬੇੜਨਗੇ, ਪਰ ਹੁਣ ਤੱਕ ਦਾ ਤਜਰਬਾ ਦੱਸਦਾ ਹੈ ਕਿ ਸਪੀਕਰਾਂ ਨੇ ਉਦੋਂ ਨਿਰਪੱਖ ਰੋਲ ਨਹੀਂ ਨਿਭਾਇਆ, ਜਦੋਂ ਉਨ੍ਹਾਂ ਦੀ ਪਾਰਟੀ ਦਾ ਨੁਕਸਾਨ ਹੁੰਦਾ ਹੋਵੇ।*


*ਤਾਜ਼ਾ ਮਾਮਲਾ ਤਿਲੰਗਾਨਾ ਦਾ ਹੈ, ਜਿੱਥੇ ਸਪੀਕਰ ਨੇ ਨਵੰਬਰ 2023 ਵਿੱਚ ਕਾਂਗਰਸ ਸਰਕਾਰ ਆਉਣ ਤੋਂ ਬਾਅਦ ਭਾਰਤ ਰਾਸ਼ਟਰ ਸਮਿਤੀ ਦੇ 10 ਵਿਧਾਇਕ ਦਲਬਦਲੀ ਕਰਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ ਤੇ ਉਨ੍ਹਾਂ ਨੂੰ ਅਯੋਗ ਠਹਿਰਾਉਣ ਦੀ ਮੰਗ ਕੀਤੀ ਗਈ ਸੀ। ਸਪੀਕਰ ਨੇ ਇਸ ਬਾਰੇ ਅਜੇ ਤੱਕ ਕੋਈ ਫੈਸਲਾ ਨਹੀਂ ਕੀਤਾ। ਸੁਪਰੀਮ ਕੋਰਟ ਦਲਬਦਲੀ ਦੇ ਮਾਮਲਿਆਂ ਵਿੱਚ ਸਪੀਕਰਾਂ ਦੇ ਰੋਲ ਬਾਰੇ ਪਹਿਲਾਂ ਵੀ ਸਖਤ ਟਿੱਪਣੀਆਂ ਕਰ ਚੁੱਕੀ ਹੈ ਤੇ ਵੀਰਵਾਰ ਵੀ ਉਸ ਨੇ ਕਿਹਾ ਕਿ ਵੇਲਾ ਆ ਗਿਆ ਹੈ ਕਿ ਸੰਸਦ ਦਸਵੀਂ ਅਨੁਸੂਚੀ ਉੱਤੇ ਨਜ਼ਰਸਾਨੀ ਕਰੇ ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਸਪੀਕਰ ਦਲਬਦਲੂਆਂ ਨੂੰ ਅਯੋਗ ਠਹਿਰਾਉਣ ਦੀ ਮੰਗ 'ਤੇ ਫੈਸਲਾ ਅਣਮਿੱਥੇ ਸਮੇਂ ਤੱਕ ਨਾ ਟਾਲਦੇ ਰਹਿਣ। ਚੀਫ ਜਸਟਿਸ ਬੀ ਆਰ ਗਵਈ ਅਤੇ ਜਸਟਿਸ ਆਗਸਟਿਨ ਜਾਰਜ ਮਸੀਹ 'ਤੇ ਅਧਾਰਤ ਬੈਂਚ ਨੇ ਤਿਲੰਗਾਨਾ ਦੇ ਸਪੀਕਰ ਨੂੰ ਤਿੰਨ ਮਹੀਨਿਆਂ ਵਿੱਚ ਫੈਸਲਾ ਲੈਣ ਦੀ ਹਦਾਇਤ ਕਰਦਿਆਂ ਕਿਹਾ ਕਿ ਅਦਾਲਤ ਸਪੀਕਰ ਨੂੰ ਅਰਜ਼ੀਆਂ 'ਤੇ ਫੈਸਲਾ ਅਣਮਿੱਥੇ ਸਮੇਂ ਲਈ ਪੈਂਡਿੰਗ ਰੱਖਣ ਦੀ ਆਗਿਆ ਦੇ ਕੇ ਇਹ ਸਥਿਤੀ ਪੈਦਾ ਨਹੀਂ ਹੋਣ ਦੇਣੀ ਚਾਹੁੰਦੀ ਕਿ 'ਅਪ੍ਰੇਸ਼ਨ ਸਫਲ ਰਿਹਾ, ਪਰ ਮਰੀਜ਼ ਦੀ ਮੌਤ ਹੋ ਗਈ'। ਕਹਿਣ ਦਾ ਮਤਲਬ ਜੇ ਅਸੈਂਬਲੀ ਤੇ ਲੋਕ ਸਭਾ ਦਾ ਕਾਰਜਕਾਲ ਹੀ ਪੂਰਾ ਹੋ ਗਿਆ ਤੇ ਫੈਸਲਾ ਹੋਇਆ ਨਹੀਂ ਤਾਂ ਕਾਨੂੰਨ ਦਾ ਕੀ ਮਤਲਬ ਰਹਿ ਗਿਆ।*

*ਬੈਂਚ ਨੇ ਕਿਹਾ ਕਿ ਸਪੀਕਰਾਂ ਵੱਲੋਂ ਮਾਮਲੇ ਲਮਕਾਉਣ ਨਾਲ ਕਾਨੂੰਨ ਦਾ ਉਦੇਸ਼ ਹੀ ਨਾਕਾਮ ਹੋ ਰਿਹਾ ਹੈ। ਇਸ ਲਈ ਸੰਸਦ ਨੂੰ ਕਾਨੂੰਨ ਨੂੰ ਲਾਗੂ ਕਰਨ ਵਿੱਚ ਆ ਰਹੇ ਅੜਿੱਕੇ ਦੂਰ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਬੈਂਚ ਨੇ ਕਿਹਾ ਕਿ ਹਾਲਾਂਕਿ ਅਦਾਲਤ ਨੂੰ ਸੰਸਦ ਨੂੰ ਸਲਾਹ ਦੇਣ ਦਾ ਅਧਿਕਾਰ ਨਹੀਂ ਹੈ, ਫਿਰ ਵੀ ਸੰਸਦ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਸਪੀਕਰਾਂ ਨੂੰ ਫੈਸਲੇ ਲੈਣ ਦਾ ਕੰਮ ਸੌਂਪਣ ਦੀ ਮੌਜੂਦਾ ਵਿਵਸਥਾ ਸਿਆਸੀ ਦਲਬਦਲੀ ਨਾਲ ਪ੍ਰਭਾਵੀ ਢੰਗ ਨਾਲ ਨਿੱਬੜਨ ਦੇ ਉਦੇਸ਼ ਦੀ ਪੂਰਤੀ ਕਰ ਰਹੀ ਹੈ ਜਾਂ ਨਹੀਂ। ਜੇ ਲੋਕਤੰਤਰ ਦੀ ਨੀਂਹ ਤੇ ਉਸ ਨੂੰ ਬਣਾਏ ਰੱਖਣ ਵਾਲੇ ਸਿਧਾਂਤਾਂ ਦੀ ਰਾਖੀ ਕਰਨੀ ਹੈ ਤਾਂ ਇਹ ਪਰਖਣਾ ਜ਼ਰੂਰੀ ਹੈ ਕਿ ਮੌਜੂਦਾ ਵਿਵਸਥਾ ਢੁਕਵੀਂ ਹੈ ਜਾਂ ਨਹੀਂ।*

*ਬੈਂਚ ਨੇ 2020 ਵਿੱਚ ਸੁਪਰੀਮ ਕੋਰਟ ਵੱਲੋਂ ਕੇਇਸ਼ਮ ਮੇਘਚੰਦਰ ਸਿੰਘ ਦੇ ਮਾਮਲੇ ਵਿੱਚ ਪਾਸ ਫੈਸਲੇ ਦਾ ਹਵਾਲਾ ਵੀ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ 10ਵੀਂ ਅਨੁਸੂਚੀ ਤਹਿਤ ਅਯੋਗਤਾ ਦੇ ਸਵਾਲ 'ਤੇ ਫੈਸਲਾ ਲੈਣ ਲਈ ਇੱਕ ਆਜ਼ਾਦ ਟ੍ਰਿਬਿਊਨਲ ਕਾਇਮ ਕਰਨ ਦੀ ਲੋੜ ਹੈ, ਕਿਉਂਕਿ ਸਪੀਕਰਾਂ ਤੋਂ ਸਿਆਸੀ ਬੰਦਸ਼ਾਂ ਤੋਂ ਮੁਕਤ ਹੋ ਕੇ ਇਹ ਕੰਮ ਕਰਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਟ੍ਰਿਬਿਊਨਲ ਕਿਸੇ ਪਾਰਟੀ ਨਾਲ ਬੱਝਾ ਨਹੀਂ ਹੋਵੇਗਾ ਤੇ ਸਮੇਂ ਸਿਰ ਫੈਸਲਾ ਕਰ ਸਕੇਗਾ।*

*ਸੁਪਰੀਮ ਕੋਰਟ ਦੀ ਸਲਾਹ ਬਾਮੌਕਾ ਹੈ, ਪਰ ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਹੁਕਮਰਾਨ ਭਾਜਪਾ ਸੰਸਦ ਵਿੱਚ ਦਲਬਦਲੀ ਰੋਕੂ ਕਾਨੂੰਨ 'ਤੇ ਨਜ਼ਰਸਾਨੀ ਕਰਨ ਲਈ ਤਿਆਰ ਵੀ ਹੋਵੇਗੀ, ਕਿਉਂਕਿ ਉਸ ਨੇ ਦਲਬਦਲੀਆਂ ਕਰਵਾ ਕੇ ਆਪੋਜ਼ੀਸ਼ਨ ਪਾਰਟੀਆਂ ਦੀਆਂ ਸਰਕਾਰਾਂ ਡੇਗਣ ਨੂੰ ਸ਼ੁਗਲ ਬਣਾਇਆ ਹੋਇਆ ਹੈ। ਫਿਲਹਾਲ ਲੋਕ ਇਹ ਫੈਸਲਾ ਕਰ ਸਕਦੇ ਹਨ ਕਿ ਦਲਬਦਲੂਆਂ ਨੂੰ ਉਹ ਦੁਬਾਰਾ ਮੂੰਹ ਨਾ ਲਾਉਣ।*

# ਜੰਗ ਚਲਦੀ ਰਹੇ ਤੋ ਅੱਛਾ...



ਰਮੇਸ਼ ਰਤਨ

ਦੋ ਸੰਸਾਰ ਜੰਗਾਂ ਦੀ ਭਿਆਨਕ ਤਬਾਹੀ ਝੱਲਣ ਬਾਅਦ ਦੁਨੀਆ ਭਰ ਤੋਂ ਦੇਸ਼ਾਂ ਦੇ ਮੁਖੀਆਂ ਵੱਲੋਂ ਯੂ ਐੱਨ ਓ ਦੀ ਸਥਾਪਨਾ ਕਰਨ ਸਮੇਂ ਪ੍ਰਵਾਨ ਕੀਤੇ ਚਾਰਟਰ ਦੀ ਪ੍ਰਸਤਾਵਨਾ, ਭਵਿੱਖ ਦੀਆਂ ਪੀੜ੍ਹੀਆਂ ਨੂੰ ਜੰਗਾਂ ਦੀ ਤਰਾਸਦੀ ਤੋਂ ਬਚਾਉਣ ਦੇ ਸ਼ਬਦਾਂ ਨਾਲ ਸ਼ੁਰੂ ਹੁੰਦੀ ਹੈ। ਅੰਗਰੇਜ਼ੀ ਕੈਲੰਡਰ ਦੇ 2000 ਵਰ੍ਹੇ ਪੂਰੇ ਹੋਣ ਸਮੇਂ, ਭਵਿੱਖ ਲਈ ਮਿਥੇ ਗਏ ਮੁੱਖ ਨਿਸ਼ਾਨਿਆਂ ਅਤੇ 15 ਸਾਲਾਂ ਬਾਅਦ ਇਹਨਾਂ ਦੀ ਸਮੀਖਿਆ ਕਰਨ ਉਪਰੰਤ 2030 ਤੱਕ ਦੇ ਮਿੱਥੇ ਗਏ ਨਿਸ਼ਾਨਿਆਂ ਵਿੱਚ ਵੀ ਬੱਚਿਆਂ ਅਤੇ ਔਰਤਾਂ ਦੀ ਸਿਹਤ ਦਾ ਏਜੰਡਾ ਪ੍ਰਮੁੱਖ ਹੈ।

26 ਜੂਨ 2025 ਨੂੰ ਯੂ ਐੱਨ ਓ ਦਾ ਚਾਰਟਰ ਦਿਵਸ ਮਨਾਉਣ ਲਈ ਜਨਰਲ ਅਸੰਬਲੀ ਦੇ 79ਵੇਂ ਅਜਲਾਸ ਦੇ ਪ੍ਰਧਾਨ ਫਿਲਮੋਨ ਯਾਂਗ ਨੇ ਆਖਿਆ ਕਿ ਸ਼ਾਂਤੀ, ਵਿਕਾਸ ਅਤੇ ਲੋਕਾਂ ਦੇ ਸਵੈਮਾਨ ਦੀ ਰੱਖਿਆ ਕਰਨਾ ਸਾਡਾ ਕੋਈ ਜੁਮਲਾ ਨਹੀਂ, ਸਗੋਂ ਕੀਤਾ ਹੋਇਆ ਵਾਅਦਾ ਹੈ, ਪਰੰਤੂ 17 ਜੂਨ ਨੂੰ ਇਸੇ ਅਜਲਾਸ ਵਿੱਚ ਪੇਸ਼ ਕੀਤੀ ਗਈ ਰਿਪੋਰਟ ਅਨੁਸਾਰ ਇਸ ਸਮੇਂ ਦੁਨੀਆ ਵਿੱਚ ਲਗਭਗ 200 ਕਰੋੜ ਲੋਕ ਹਥਿਆਰਬੰਦ ਝਗੜਿਆਂ ਅਤੇ ਜੰਗਾਂ ਦੀ ਭਿਆਨਕ ਤਰਾਸਦੀ ਝੱਲ ਰਹੇ ਹਨ। ਸਾਲ 2024 ਵਿਚਲੇ ਹਥਿਆਰਬੰਦ ਝਗੜਿਆਂ ਅਤੇ ਜੰਗਾਂ ਕਾਰਨ ਬੱਚਿਆਂ ਵਿਰੁੱਧ ਹਿੰਸਾ ਵਿੱਚ 25 ਫੀਸਦੀ ਦਾ ਵਾਧਾ ਹੋਇਆ ਹੈ। ਇਸ ਵਿੱਚ ਬੱਚਿਆਂ ਦੀਆ ਜਾਨਾਂ ਵੀ ਗਈਆਂ ਅਤੇ ਅਪਾਹਜ ਵੀ ਬਣੇ । ਉਹਨਾਂ ਦੀਆਂ ਜਬਰੀ ਭਰਤੀਆਂ ਵੀ ਕੀਤੀਆਂ ਗਈਆਂ। ਉਨ੍ਹਾਂ ਦੇ ਸਰੀਰਕ ਸ਼ੋਸ਼ਣ ਅਤੇ ਘਿਨਾਉਣੇ ਜਬਰ-ਜ਼ਨਾਹ ਵੀ ਕੀਤੇ ਗਏ। ਸਕੂਲਾਂ ਅਤੇ ਹਸਪਤਾਲਾਂ ਨੂੰ ਵੀ ਤਬਾਹ ਕੀਤਾ ਗਿਆ।

ਜੰਗਾਂ ਵਿੱਚ ਵਰਤੇ ਜਾਣ ਵਾਲੇ ਨਿਊਕਲੀਅਰ ਹਥਿਆਰਾਂ ਤੋਂ ਤਾਂ ਪਹਿਲਾਂ ਹੀ ਦੁਨੀਆ ਚਿੰਤਤ ਸੀ। ਸਾਲ 1990 ਦੇ ਵਿੱਚ ਇਹਨਾਂ ਹਥਿਆਰਾਂ ਦੀ ਘਟਾਈ ਦਾ ਕੰਮ ਸ਼ੁਰੂ ਹੋਇਆ ਸੀ, ਪਰੰਤੂ ਅੱਜ ਫਿਰ ਤੋਂ ਨਿਊਕਲੀਅਰ ਹਥਿਆਰਾਂ ਵਾਲੇ ਦੇਸ਼ਾਂ ਦਾ ਵਾਧਾ ਹੋ ਰਿਹਾ ਹੈ। ਇਸ ਸਮੇਂ ਤੱਕ ਨੌਂ ਦੇਸ਼ ਆਪਣੇ ਆਪ ਨੂੰ ਨਿਊਕਲੀਅਰ ਹਥਿਆਰਾਂ ਵਾਲੇ ਮੰਨ ਚੁੱਕੇ ਹਨ।

ਹੁਣ ਜੰਗਾਂ ਦੀ ਦੌੜ ਵਿੱਚ ਸਿਰਫ ਧਰਤੀ, ਅਸਮਾਨ ਅਤੇ ਸਮੁੰਦਰ ਹੀ ਸ਼ਾਮਲ ਨਹੀਂ, ਸਗੋਂ ਸਪੇਸ ਵੀ ਸ਼ਾਮਲ ਕਰ ਲਿਆ ਗਿਆ ਹੈ। ਜੰਗਾਂ ਵਿੱਚ ਏ ਆਈ, ਸਾਈਬਰ ਅਤੇ ਮਿਜ਼ਾਈਲ ਡਿਫੈਂਸ ਦੇ ਨਾਲ-ਨਾਲ ਕੁਅੰਟਮ ਟੈਕਨਾਲੋਜੀ ਦੇ ਇਸਤੇਮਾਲ ਕਾਰਨ ਦੇਸ਼ਾਂ ਦੀਆਂ ਨਿਊਕਲੀਅਰ ਤਬਾਹ ਕਰਨ ਦੀਆਂ ਸ਼ਕਤੀਆਂ ਵਿੱਚ ਅਥਾਹ ਵਾਧਾ ਹੋ ਗਿਆ ਹੈ।

**ਇਹ ਸਭ ਕਿਉਂ ਵਾਪਰ ਰਿਹਾ ਹੈ ?**

ਦੁਨੀਆ ਦੇ ਤਮਾਮ ਆਮ ਇਨਸਾਨ ਅਮਰੀਕਾ ਦੇ ਸਭ ਤੋਂ ਵੱਧ ਭਰੋਸੇਯੋਗ ਪੱਤਰਕਾਰ ਅਤੇ ਲੇਖਕ ਵਾਲਟਰ ਕਰੋਨਕੀਟ ਤੋਂ ਕੋਈ ਵੱਖਰੀ ਰਾਏ ਨਹੀਂ ਰੱਖਦੇ ਕਿ ਜੰਗਾਂ ਪਾਗਲਪਨ ਦੀ ਇੱਕ ਕਿਸਮ ਹਨ। ਅਜੋਕੇ ਸਭਿਆ ਸਮਾਜ ਵਿੱਚ ਇਹ ਗੱਲ ਬਹੁਤ ਹੈਰਾਨੀਜਨਕ ਹੈ ਕਿ ਅਸੀਂ ਇੱਕ-ਦੂਜੇ ਨੂੰ ਮਾਰਨ ਵਾਲੇ ਹਥਿਆਰਾਂ ਦੇ ਵਿਕਾਸ ਉੱਤੇ ਕਿੰਨੇ ਸਾਧਨ ਅਤੇ ਸਮਾਂ ਬਰਬਾਦ ਕਰਦੇ ਹਾਂ, ਪਰ ਸ਼ਾਂਤੀ ਤੇ ਮਨੁੱਖੀ ਭਲਾਈ ਲਈ ਕਿੰਨਾ ਘੱਟ।

ਦੁਨੀਆ ਭਰ ਵਿੱਚ ਫੌਜੀ ਖਰਚਿਆਂ ਅਤੇ ਮਿਲਟਰੀ ਸਮਾਨ ਦੇ ਵਿਉਪਾਰ ਬਾਰੇ ਡਾਟਾ ਇਕੱਤਰ ਕਰਨ ਵਾਲੀ ਸੰਸਥਾ ਸਿਪਰੀ ਅਨੁਸਾਰ ਇਸ ਸਮੇਂ ਦੁਨੀਆਂ ਭਰ ਵਿੱਚ ਫੌਜੀ ਖਰਚਾ 2443 ਬਿਲੀਅਨ ਡਾਲਰ ਦੇ ਬਰਾਬਰ ਹੈ। ਇਸ ਦੇ ਵਧਣ ਦੀ ਦਰ 1965 (ਸਿਪਰੀ ਦੇ ਮੁੱਢ ਬੱਝਣ) ਤੋ ਅੱਜ ਤੱਕ ਸਭ ਤੋਂ ਤੇਜ਼ ਹੈ। ਪਹਿਲਾਂ ਹੀ ਯੂਰਪ ਵਿੱਚ 16 ਫੀਸਦੀ ਦਾ ਵਾਧਾ ਦਰਜ ਹੈ ਅਤੇ ਅਫਰੀਕੀ ਦੇਸ਼ਾਂ ਵਿੱਚ ਤਾਂ 22 ਫੀਸਦੀ ਤੱਕ ਵਧ ਗਿਆ ਹੈ। ਹੁਣ ਅਮਰੀਕਾ ਵੱਲੋਂ ਨਾਟੋ ਦੇਸ਼ਾਂ 'ਤੇ ਦਬਾਅ ਪਾਉਣ ਨਾਲ ਉਹਨਾਂ ਵੱਲੋਂ ਮਿਲਟਰੀ ਖਰਚੇ, ਜੋ ਕਿ ਉਥੋਂ ਦੀ ਜੀ ਡੀ ਪੀ ਦਾ 2 ਫੀਸਦੀ ਸਨ ਨੂੰ ਵਧਾ ਕੇ 5 ਫੀਸਦੀ ਕੀਤੇ ਜਾਣ ਨਾਲ ਇਹ ਦਰ ਹੋਰ ਵੀ ਤੇਜ਼ ਹੋਣ ਵਾਲੀ ਹੈ।

ਅਜੋਕੇ ਦੌਰ ਵਿਚ ਅਪਣੇ ਆਪ ਨੂੰ ਵਿਕਸਤ ਅਤੇ ਸਭਿਆ ਸਮਾਜ ਸਮਝਣ ਵਾਲੀ ਦੁਨੀਆ ਦੇ ਆਗੂਆਂ ਵਾਰੇ ਪ੍ਰਸ਼ਨ ਪੈਦਾ ਹੁੰਦੇ ਹਨ। ਉਹਨਾਂ ਪਾਸ ਆਧੁਨਿਕ ਸਹੂਲਤਾਂ ਅਤੇ ਸੂਚਨਾਵਾਂ ਹਨ। ਉਹ ਕਿਸੇ ਵੀ ਮਸਲੇ ਬਾਰੇ ਜਿਸ ਨਾਲ ਜਦੋਂ ਚਾਹੁਣ ਵਿਚਾਰ-ਵਟਾਂਦਰਾ ਕਰ ਸਕਦੇ ਹਨ। ਉਹ ਆਪਣੇ ਗਿਆਨ ਅਤੇ ਅਨੁਭਵ ਦੇ ਆਧਾਰ 'ਤੇ ਆਮ ਵਿਅਕਤੀ ਦੇ ਜੀਵਨ ਦੀ ਰਾਖੀ, ਸੁਧਾਰ ਅਤੇ ਵਿਕਾਸ ਕਰਨ ਯੋਗ ਹੀ ਨਹੀ, ਸਗੋਂ ਇਸ ਲਈ ਦਾਅਵੇਦਾਰ ਵੀ ਹਨ।

ਫਿਰ ਵੀ ਦੁਨੀਆ 'ਚ ਜੰਗਾਂ ਅਤੇ ਹਥਿਆਰਬੰਦ ਝਗੜਿਆਂ ਦੀ ਗਿਣਤੀ ਪਹਿਲਾਂ ਨਾਲੋਂ ਕਿਉਂ ਵਧਦੀ ਜਾ ਰਹੀ ਹੈ ?

ਅਮਰੀਕਾ ਦੇ ਪੁਰਾਣੇ ਚੀਫ ਜਸਟਿਸ ਅਤੇ ਰਾਜਨੀਤੀਵਾਨ ਫਰੈਡਰਿਕ ਮੂਰ ਵਿਨਸਨ ਦਾ ਕਹਿਣਾ ਹੈ ਕਿ ਜੰਗਾ ਕੋਈ ਪਰਮਾਤਮਾ ਦੀ ਕਰੋਪੀ ਨਹੀਂ, ਸਗੋਂ ਇਹ ਮਨੁੱਖਾਂ ਦੁਆਰਾ ਅਤੇ ਮਨੁੱਖਾਂ ਦੀਆਂ ਸੰਸਥਾਵਾਂ ਵੱਲੋ ਥੋਪੀਆਂ ਜਾਂਦੀਆਂ ਹਨ।

ਇਸ ਸਮੇਂ ਦੁਨੀਆ ਦੇ ਅਨੇਕ ਦੇਸ਼ਾਂ ਵਿਚ ਜੰਗਾਂ ਅਤੇ ਹਥਿਆਰਬੰਦ ਸੰਘਰਸ਼ ਚੱਲ ਰਹੇ ਹਨ।

ਯੂਕਰੇਨ, ਰਸ਼ੀਆ, ਗਾਜ਼ਾ, ਫਲਸਤੀਨ, ਇਜ਼ਰਾਇਲ, ਲਿਬਨਾਨ, ਸੀਰੀਆ ਜੰਗ ਦੀ ਲਪੇਟ ਵਿਚ ਹਨ। ਭਾਰਤ, ਪਾਕਿਸਤਾਨ, ਥਾਈਲੈਂਡ ਅਤੇ ਕੰਬੋਡੀਆ ਵਿਚਕਾਰ ਹਥਿਆਰਬੰਦ ਝੜਪਾਂ ਸਾਡੇ ਸਾਹਮਣੇ ਹੋਈਆਂ ਹਨ। ਅਨੇਕ ਦੇਸ਼ਾਂ ਅੰਦਰ ਹਥਿਆਰਬੰਦ ਖੂਨ-ਖਰਾਬਾ ਚੱਲ ਰਿਹਾ ਹੈ। ਮਿਆਂਮਾਰ, ਮਾਲੀ, ਨਾਈਜਰ, ਬੁਰਕੀਨਾਫਾਸੋ, ਚਾੜ, ਸੁਡਾਨ, ਇਥੋਪੀਆ, ਕੋਲੰਬੀਆ, ਵੈਨਜ਼ੂਏਲਾ, ਅਫਗਾਨਿਸਤਾਨ, ਬਲੋਚਿਸਤਾਨ, ਸੋਮਾਲੀਆ , ਕਾਂਗੋ, ਮੈਕਸੀਕੋ, ਹੈਤੀ, ਕੁਰਦ, ਪਪੂਆ ਨਿਓ ਗਿੰਨੀ, ਬੋਕੋ ਹਰਮ ਆਦਿ ਅਨੇਕ ਥਾਵਾਂ 'ਤੇ ਹਥਿਆਰਬੰਦ ਖੂਨੀ ਲੜਾਈਆ ਹੋ ਰਹੀਆਂ ਹਨ।

ਇਹਨਾਂ ਜੰਗਾਂ ਤੋਂ ਕਿਸ ਨੂੰ ਲਾਭ ਹੋ ਰਿਹਾ ਹੈ ? ਜੇਕਰ ਇਸ ਨੂੰ ਸਾਹਮਣੇ ਰੱਖ ਲਿਆ ਜਾਵੇ ਤਾਂ ਗੱਲ ਸੌਖਿਆਂ ਸਮਝ ਆਉਣ ਲੱਗ ਪੈਂਦੀ ਹੈ

ਹਥਿਆਰ ਅਤੇ ਫੌਜੀ ਸੇਵਾਵਾਂ ਦੇਣ ਵਾਲੀਆਂ ਸੰਸਾਰ ਦੀਆਂ 100 ਵੱਡੀਆਂ ਕੰਪਨੀਆਂ ਨੇ ਸਾਲ 2023 ਵਿੱਚ 632 ਬਿਲੀਅਨ ਡਾਲਰ ਕਮਾਏ, ਜੋ ਕਿ ਪਿਛਲੇ ਸਾਲ ਨਾਲੋਂ 4.2 ਫੀਸਦੀ ਵੱਧ ਕਮਾਈ ਕੀਤੀ।

ਸੰਸਾਰ ਦੀਆਂ 100 ਵੱਡੀਆਂ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਵਿੱਚੋਂ 41 ਇਕੱਲੀਆਂ ਅਮਰੀਕਾ ਦੀਆਂ ਹਨ, ਜਿਨ੍ਹਾਂ ਨੇ ਪਿਛਲੇ ਸਾਲ ਵਿਚ ਕੁਲ 317 ਬਿਲੀਅਨ ਡਾਲਰ ਕਮਾਏ। ਯੂਰਪ ਦੀਆਂ 27 ਵੱਡੀਆਂ ਕੰਪਨੀਆਂ ਨੇ 133 ਬਿਲੀਅਨ ਡਾਲਰ , ਸਾਊਥ ਕੋਰੀਆ ਅਤੇ ਜਪਾਨ ਦੀਆ 23 ਕੰਪਨੀਆ ਨੇ 136 ਬਿਲੀਅਨ ਡਾਲਰ ਕਮਾਏ।

ਬੇਸ਼ੱਕ ਅਮਰੀਕਾ ਦੀਆਂ ਦੋ ਸਭ ਤੋਂ ਵੱਡੀਆਂ ਕੰਪਨੀਆਂ ਲਾਕਹੀਡ ਮਾਰਟਿਨ ਅਤੇ ਆਰ ਟੀ ਐੱਕਸ ਦੀ ਕੁਲ ਆਮਦਨ ਸਥਿਰ ਹੀ ਰਹੀ ਹੈ।

ਇਹਨਾਂ ਵਿੱਚੋਂ ਵੀ ਸੈਂਪਲ ਵੱਲੋਂ ਸਿਰਫ ਲਾਕਹੀਡ ਮਾਰਟਨ ਦੀ ਬੈਲੈਂਸ ਸ਼ੀਟ ਪੜਨ ਤੋਂ ਗੱਲ ਕਾਫੀ ਹੱਦ ਤੱਕ ਸਮਝ ਆ ਜਾਂਦੀ ਹੈ। ਕੰਪਨੀ ਵਿੱਚ 2022 ਦੀ ਰਿਪੋਰਟ ਅਨੁਸਾਰ 1,16,000 ਵਿਅਕਤੀ ਕੰਮ ਕਰਦੇ ਸਨ, ਜਿਨ੍ਹਾਂ ਵਿੱਚੋਂ 61,000 ਇੰਜੀਨੀਅਰ ਅਤੇ ਵਿਗਿਆਨੀ ਹਨ। ਅਜਿਹੀਆਂ ਕੰਪਨੀਆਂ ਅਮਰੀਕੀ ਸਰਕਾਰ ਦੀਆ ਨੀਤੀਆਂ ਨੂੰ ਪ੍ਰਭਾਵਤ ਕਰਨ ਲਈ ਚੋਣ ਫੰਡਾਂ ਵਿੱਚ ਵੀ ਪੈਸੇ ਖਰਚਦੀਆਂ ਹਨ ਅਤੇ ਆਪਣੇ ਹਿਤਾਂ ਨੂੰ ਸਾਧਣ ਲਈ ਪਾਰਲੀਮੈਂਟ ਮੈਂਬਰਾਂ ਨੂੰ ਫੰਡ ਦੇ ਕੇ ਆਪਣਾ ਪ੍ਰਭਾਵ ਵਧਾਉਂਦੀਆਂ ਹਨ। ਲੋਕਹੀਡ ਮਾਰਟਨ ਵਰਗੀ ਕੰਪਨੀ ਆਪਣੀ ਇਸ ਮਨਸ਼ਾ ਨੂੰ ਕੋਈ ਲੁਕਾਉਂਦੀ ਨਹੀਂ।

ਉਨ੍ਹਾਂ ਵੱਲੋਂ ਇਹ ਪੈਸੇ ਕਈ ਖਾਸ ਸੰਸਥਾਵਾਂ ਰਾਹੀਂ ਖਰਚ ਕੀਤੇ ਜਾਂਦੇ ਹਨ। ਏਕਟ ਬਿਲੂ ਸੰਸਥਾ ਡੈਮੋਕ੍ਰੇਟਿਕ ਪਾਰਟੀ ਲਈ ਅਤੇ ਵਿਨ ਰੇਡ ਰਿਪਬਲਿਕਨ ਪਾਰਟੀ ਲਈ ਚੋਣ ਫੰਡ ਇਕੱਤਰ ਕਰਦੇ ਹਨ। ਦੋ ਹੋਰ ਸੰਸਥਾਵਾਂ, ਨੈਸਨਲ ਗਵਰਨਰ ਐਸੋਸੀਏਸ਼ਨ ਅਤੇ ਡੈਮੋਕਰੇਟਿਕ ਗਵਰਨਰ ਐਸੋਸੀਏਸਨ ਹੈ। ਇਹਨਾਂ ਨੂੰ ਪੈਸੇ ਦੇਣ ਲਈ ਉਹਨਾਂ 'ਲਾਕਹੀਡ ਮਾਰਟਨ ਇੰਪਲਾਈਜ਼ ਪੋਲੀਟੀਕਲ ਐਕਸ਼ਨ ਕਮੇਟੀ' ਦੇ ਨਾਂਅ ਹੇਠ ਫੰਡ ਬਣਾਏ ਹਨ।

ਅਮਰੀਕਾ ਦੇ ਹੀ ਇੱਕ ਹੋਰ 'ਸਕਿਉਰਟੀ ਪਾਲਿਸੀ ਰਿਫੋਰਮ ਇੰਸਟੀਚਿਊਟ' ਦੇ ਸਹਿ-ਨਿਰਮਾਤਾ ਸਟੀਫਨ ਸੈਮਲਰ ਦਾ ਕਹਿਣਾ ਹੈ ਕਿ ਅਮਰੀਕਾ ਦੀਆਂ ਪੰਜ ਵੱਡੀਆਂ ਕੰਪਨੀਆਂ ਰੇਥਿਓਨ, ਮਾਰਟਨ ਲਾਕਹੀਡ, ਜਨਰਲ ਡਾਇਨਾਮਿਕ, ਬੋਇੰਗ ਅਤੇ ਨੌਰਥਰੋਪ ਗਰੂਮਨ ਨੇ ਅਮਰੀਕੀ ਕਾਂਗਰਸ ਨੂੰ ਪ੍ਰਭਾਵਤ ਕਰਨ ਲਈ ਪਿਛਲੇ 20 ਸਾਲਾਂ 'ਚ 2020 ਬਿਲੀਅਨ ਡਾਲਰ ਖਰਚ ਕੀਤੇ। ਇਹਨਾਂ ਨੇ ਆਪਣਾ ਪ੍ਰਭਾਵ ਵਰਤਦੇ ਹੋਏ ਇਸੇ ਸਮੇਂ ਵਿੱਚ ਆਪਣੀਆਂ ਜਾਇਦਾਦਾਂ ਵਿੱਚ 188 ਫੀਸਦੀ ਦਾ ਵਾਧਾ ਕੀਤਾ ਹੈ। ਸਿਰਫ ਅਫਗਾਨਿਸਤਾਨ ਵਿਚ ਅਮਰੀਕੀ ਜੰਗ ਸਮੇਂ ਅਮਰੀਕਾ ਦੀਆਂ ਪੰਜ ਕੰਪਨੀਆਂ ਨੇ ਮਿਲ ਕੇ ਅਮਰੀਕੀ ਪਾਰਲੀਮੈਂਟ ਦੇ ਮੈਂਬਰਾਂ ਰਾਹੀ ਲਾਬੀ ਕਰਨ ਲਈ ਇਕ ਬਿਲੀਅਨ ਡਾਲਰ ਖਰਚ ਕੀਤੇ। ਬਦਲੇ ਵਿੱਚ ਅਮਰੀਕੀ ਨਾਗਰਿਕਾਂ ਨੂੰ 23000 ਬਿਲੀਅਨ ਡਾਲਰ ਟੈਕਸ ਦੇਣੇ ਪਏ।

**ਮੀਡੀਆ ਦਾ ਇਸਤੇਮਾਲ**

ਜੰਗਾਂ ਅਤੇ ਹਥਿਆਰਬੰਦ ਝੜਪਾਂ ਸੰਬੰਧੀ ਆਮ ਲੋਕਾਂ ਦੀ ਮਾਨਸਿਕਤਾ ਨੂੰ ਪ੍ਰਭਾਵਤ ਕਰਨ ਲਈ ਇਹ ਕੰਪਨੀਆ ਫਿਲਮਾਂ ਅਤੇ ਸੋਸ਼ਲ ਮੀਡੀਆ ਦਾ ਬਹੁਤ ਹੀ ਚਲਾਕੀ ਨਾਲ ਇਸਤੇਮਾਲ ਕਰਨ ਲੱਗ ਪਏ ਹਨ।

1980ਵਿਆਂ ਵਿੱਚ ਇੱਕ ਫਿਲਮ 'ਡੇ-ਆਫਟਰ' ਵੇਖਣ ਬਾਅਦ ਜੰਗ ਵਿਰੁੱਧ ਕਾਰਵਾਈਆਂ ਦਾ ਭੁਚਾਲ ਆ ਗਿਆ ਸੀ। ਉਸ ਉਪਰੰਤ ਹਥਿਆਰਾਂ ਦੀ ਵਰਤੋਂ ਬਾਰੇ ਸਾਡੇ ਮਨਾਂ ਉੱਤੇ ਕਾਬੂ ਪਾਉਣ ਲਈ ਛੋਟੇ ਬੱਚਿਆਂ ਦੀਆਂ ਮੋਬਾਈਲ ਫੋਨ 'ਤੇ ਚੱਲਣ ਵਾਲੀਆਂ ਖੇਡਾਂ ਤੋਂ ਲੈ ਕੇ ਬਾਲਗ ਅਤੇ ਵੱਡੀ ਉਮਰ ਵਾਲਿਆਂ ਲਈ ਵੀ ਅਜਿਹੀਆਂ ਫਿਲਮਾਂ ਦੀ ਭਰਮਾਰ ਹੈ, ਤਾਂ ਕਿ ਉਹਨਾਂ ਵਿੱਚ ਜੰਗਾਂ ਦਾ ਵਿਰੋਧ ਕਰਨ ਦੀ ਬਜਾਏ ਲੋਕਾਂ ਨੂੰ ਜੰਗਾਂ ਤੇ ਹਥਿਆਰਬੰਦ ਝੜਪਾਂ ਦੇ ਪਖ ਵਿੱਚ ਅੱਗੇ ਵਧਾਇਆ ਜਾ ਸਕੇ ਜਾਂ ਜੰਗ ਵਾਰੇ ਉਦਾਸੀਨ ਬਣਾ ਲਿਆ ਜਾਏ।

ਦੁਨੀਆ ਦੇ ਦੇਸਾਂ ਪਾਸ ਇਕੋ ਜਿਹੀ ਤਾਕਤ ਨਹੀਂ। ਜੇਕਰ ਉਹਨਾਂ ਵਿੱਚ ਆਪਸੀ ਗੱਲਬਾਤ ਦੇ ਰਸਤੇ ਬੰਦ ਹੋ ਜਾਣ ਜਾਂ ਕੋਈ ਪੁਰਾਣੀ ਇਤਿਹਾਸਿਕ ਨਰਾਜ਼ਗੀ ਚਲੀ ਆ ਰਹੀ ਹੋਵੇ ਜਾਂ ਸਰਕਾਰਾਂ ਅੰਦਰੂਨੀ ਦਬਾਓ ਵਧ ਜਾਣ ਸਮੇਂ ਸੰਕਟਾਂ ਨੂੰ ਟਾਲਣ ਲਈ ਲੋਕਾਂ ਦਾ ਧਿਆਨ ਬਾਰਡਰ ਉੱਤੇ ਲੜਾਈਆਂ ਵੱਲ ਨੂੰ ਕਰ ਸਕਦੇ ਹਨ। ਅਜਿਹੀ ਸਥਿਤੀ ਵਿਚ ਖਤਰੇ ਹੋਰ ਵਧ ਜਾਂਦੇ ਹਨ।

ਜੰਗ ਅਤੇ ਹਥਿਆਰਬੰਦ ਝੜਪਾਂ ਦਾ ਖਤਰਾ ਬਹੁਤ ਗਹਿਰਾ ਹੁੰਦਾ ਜਾ ਰਿਹਾ ਹੈ । ਹੁਣ ਤਾਂ ਭਾਰਤ ਵਰਗਾ ਅਮਨਪਸੰਦ ਦੇਸ਼ ਵੀ ਇਸ ਹਥਿਆਰਾਂ ਦੀ ਦੌੜ ਵਿੱਚ ਸ਼ਾਮਲ ਹੋ ਰਿਹਾ ਹੈ। ਸਭ ਤੋਂ ਭੈੜਾ ਫੈਸਲਾ ਜੰਗੀ ਹਥਿਆਰ ਬਣਾਉਣ ਲਈ ਪ੍ਰਾਈਵੇਟ ਕੰਪਨੀਆਂ ਨੂੰ ਇਜਾਜ਼ਤ ਦੇਣਾ ਹੈ। ਉਹਨਾਂ ਵੱਲੋਂ ਆਪਣੇ ਮੁਨਾਫੇ ਵਧਾਉਣ ਦੀ ਲਾਲਸਾ ਹੇਠ ਜੰਗਾਂ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕੁਦਰਤੀ ਹੈ। ਸਾਹਿਰ ਲੁਧਿਆਣਵੀ ਦਾ ਹੋਕਾ, 'ਏ ਸ਼ਰੀਫ ਇਨਸਾਨੋ ਜੰਗ ਟਲਦੀ ਰਹੇ ਤੋਂ ਬਿਹਤਰ ਹੈ।' ਪ੍ਰਾਈਵੇਟ ਹਥਿਆਰ ਬਣਾਉਣ ਵਾਲੀਆਂ ਕੰਪਨੀਆ ਰਾਸ ਨਹੀਂ ਆਵੇਗਾ, ਉਹ ਤਾਂ ਇਸ ਨੂੰ ਉਲਟੇ ਰੂਪ ਵਿੱਚ ਕਹਿ ਸਕਦੇ ਹਨ ਕਿ 'ਜੰਗ ਚਲਤੀ ਰਹੇ ਤੋ ਬਿਹਤਰ ਹੈ।'

ਕੁੱਲ ਮਨੁੱਖਤਾ ਅਤੇ ਧਰਤ ਉਪਰ ਜੀਵਨ ਲਈ ਖਤਰੇ ਨੂੰ ਰੋਕਿਆ ਜਾਣਾ ਜ਼ਰੂਰੀ ਹੈ। ਜੰਗਾਂ ਦਾ ਵਿਰੋਧ ਇਸ ਦੀ ਤਰਾਸਦੀ ਝੱਲ ਰਹੇ ਲੋਕ ਨਹੀ ਕਰ ਸਕਦੇ, ਕਿਉਕਿ ਉਹ ਤਾਂ ਪਹਿਲਾਂ ਹੀ ਮਾਨਸਿਕ ਅਤੇ ਸਰੀਰਕ ਕਸ਼ਟ ਝਲ ਕੇ ਅਪੰਗ ਹੋ ਚੁੱਕੇ ਹੁੰਦੇ ਹਨ।

ਇਸ ਲਈ ਦੁਨੀਆ ਵਿੱਚ ਖੁਸ਼ੀਆਂ ਭਰਿਆ ਜੀਵਨ ਬਤੀਤ ਕਰਨ ਵਾਲੇ ਲੋਕਾਂ ਨੂੰ ਅਤੇ ਆਪਣੇ ਕਾਰੋਬਾਰ ਨੂੰ ਦੁਨੀਆ ਭਰ ਦੇ ਹਰ ਕੋਨੇ ਤੱਕ ਫੈਲਾਉਣ ਦੀ ਰੀਝ ਰੱਖਣ ਵਾਲਿਆਂ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਉਹ ਜੰਗ ਵਿਰੋਧੀ ਅਮਨ ਦੇ ਮੋਰਚੇ ਦਾ ਹਿੱਸਾ ਬਣਨ।

ਸੰਸਾਰ ਅਮਨ ਕੌਂਸਲ ਵਰਗੀ ਲਹਿਰ ਦੇ ਕਮਜ਼ੋਰ ਹੋ ਜਾਣ ਦੇ ਬਾਵਜੂਦ ਉਹਨਾਂ ਦੀ ਭੂਮਿਕਾ ਮਹੱਤਵਪੂਰਨ ਹੈ। ਜ਼ਰੂਰਤ ਜੰਗ ਵਿਰੁੱਧ ਵਿਸ਼ਾਲ ਮੋਰਚਾ ਕਾਇਮ ਕਰਨ ਦੀ ਹੈ।

ਦਮਿਤਰੋਵ ਦੇ ਸਾਂਝੇ ਮੋਰਚੇ ਬਣਾਉਣ ਵਾਲੇ ਸਿਧਾਂਤਾਂ ਦੇ ਆਧਾਰ ਉੱਪਰ ਵਰਲਡ ਪੀਸ ਕੌਂਸਲ ਨੂੰ ਅਜੋਕੇ ਸਮੇਂ ਵਿੱਚ ਇੰਟਰਨੈਸ਼ਨਲ ਪੀਸ ਬਿਊਰੋ ਦੇ ਨਾਲ ਅਤੇ ਦੁਨੀਆ ਭਰ ਵਿੱਚ ਅਮਨ ਦੇ ਹੱਕ ਵਿੱਚ ਖੜਨ ਵਾਲੀਆਂ ਤਮਾਮ ਰਾਜਨੀਤਕ, ਸਮਾਜਿਕ, ਧਾਰਮਿਕ ਤਾਕਤਾਂ ਅਤੇ ਜੰਗ ਤੋਂ ਪ੍ਰਭਾਵਿਤ ਹੋਣ ਵਾਲੇ ਕਾਰੋਬਾਰੀਆਂ ਨੂੰ ਵੀ ਨਾਲ ਲੈਣਾ ਦੀ ਜ਼ਰੂਰਤ ਹੈ। ਪ੍ਰਸਿੱਧ ਅਮਰੀਕਨ ਲੇਖਕ ਨੋਰਮੈਨ ਕੋਜਨ ਦੀ ਇਹ ਗੱਲ ਕੁਝ ਹੌਸਲਾ ਦਿੰਦੀ ਹੈ ਕਿ ਜੰਗਾਂ ਦੀ ਕਾਢ ਮਨੁੱਖੀ ਮਨ ਨੇ ਕੀਤੀ ਹੈ ਅਤੇ ਮਨੁੱਖੀ ਮਨ ਸ਼ਾਂਤੀ ਦੀ ਕਾਢ ਵੀ ਕੱਢ ਸਕਦਾ ਹੈ।

**# ਸੰਪਰਕ : 98142-73870**

# ਅਰਸਤੂ : ਰਾਜ ਅਤੇ ਧਰਮ

**ਹਰਬੰਸ ਸਿੰਘ ਸੰਧੂ**

ਅੱਜ ਤੋਂ 2400 ਸਾਲ ਪਹਿਲਾਂ ਯੂਨਾਨ ਵਿੱਚ ਮਹਾਨ ਦਾਰਸ਼ਨਿਕ ਪੈਦਾ ਹੋਏ । ਇਨ੍ਹਾਂ 'ਚ ਪ੍ਰਮੁੱਖ ਸਨ; ਸੁਕਰਾਤ, ਪਲੈਟੋ ਤੇ ਅਰਸਤੂ । ਉਸ ਸਮੇਂ ਏਥਨਜ਼ ਨੂੰ ਵਿੱਦਿਆ ਦਾ ਸਭ ਤੋਂ ਵੱਡਾ ਕੇਂਦਰ ਸਮਝਿਆ ਜਾਂਦਾ ਸੀ ।ਇਸ ਦਾ ਸਾਰੇ ਯੂਰਪ ਅਤੇ ਦੁਨੀਆ 'ਤੇ ਵੱਡਾ ਪ੍ਰਭਾਵ ਸੀ ।ਇਹਨਾਂ ਫਿਲਾਸਫਰਾਂ ਦੀ ਵਿਚਾਰਧਾਰਾ ਨੇ ਈਸਾਈ, ਯਹੂਦੀ ਅਤੇ ਇਸਲਾਮ ਧਰਮ 'ਤੇ ਵੀ ਪ੍ਰਭਾਵ ਪਾਇਆ । ਪੂਰਬ ਵਿੱਚ ਇਸੇ ਸਮੇਂ ਗੌਤਮ ਬੁੱਧ ਦੀ ਧਾਰਮਿਕ ਵਿਚਾਰਧਾਰਾ ਲੋਕਾਂ ਨੂੰ ਪ੍ਰਭਾਵਿਤ ਕਰ ਰਹੀ ਸੀ । ਸਨਾਤਨ ਧਰਮ ਦਾ ਪਹਿਲਾਂ ਹੀ ਪਸਾਰ ਹੋ ਚੁੱਕਾ ਸੀ । ਜੈਨ ਧਰਮ ਵੀ ਸਥਾਪਤ ਹੋ ਚੁੱਕਿਆ ਸੀ । ਸਿੱਖ ਮੱਤ ਸਭ ਤੋਂ ਅਧੁਨਿਕ , ਲੋਕਤੰਤਰਕ ਅਤੇ ਵਿਗਿਆਨਕ ਧਰਮ ਗੁਰੂ ਨਾਨਕ ਜੀ ਦੇ ਆਗਮਨ ਨਾਲ ਲਗਭਗ ਸਾਢੇ ਪੰਜ ਸੌ ਸਾਲ ਪਹਿਲਾਂ ਹੋਂਦ ਵਿੱਚ ਆਇਆ ।

ਸੁਕਰਾਤ ਨੂੰ ਆਪਣੇ ਨਵੇਂ ਵਿਚਾਰਾਂ ਕਰਕੇ ਪੁਰਾਤਨ ਵਿਚਾਰਾਂ ਦੇ ਧਾਰਨੀਆਂ ਨੇ ਜ਼ਹਿਰ ਦਾ ਪਿਆਲਾ ਪੀਣ ਲਈ ਮਜਬੂਰ ਕਰ ਦਿੱਤਾ । ਪਲੈਟੋ ਆਦਰਸ਼ਵਾਦੀ ਦਾਰਸ਼ਨਿਕ ਸੀ । ਉਸ ਦਾ ਚੇਲਾ ਅਰਸਤੂ ਭਾਵੇਂ ਉਸ ਦਾ ਬਹੁਤ ਸਤਿਕਾਰ ਕਰਦਾ ਸੀ, ਫਿਰ ਵੀ ਕਈ ਵਿਸ਼ਿਆਂ 'ਤੇ ਉਸ ਦੇ ਵਿਚਾਰ ਪਲੈਟੋ ਤੋਂ ਵੱਖਰੇ ਸਨ । ਉਸ ਦਾ ਦ੍ਰਿਸ਼ਟ ਦੁਨੀਆ ਅਤੇ ਤਰਕ 'ਤੇ ਵੱਡਾ ਵਿਸ਼ਵਾਸ ਸੀ । ਉਹ ਹਰ ਮਨੁੱਖ ਨੂੰ ਆਪਣੀਆਂ ਗਿਆਨ ਇੰਦਰੀਆਂ ਰਾਹੀ ਆਪ ਅਨੁਭਵ ਕਰਨ ,ਵਾਚਣ ਅਤੇ ਘੋਖਣ ਉਪਰੰਤ ਹੀ ਫੈਸਲੇ ਲੈਣ ਦੀ ਸਲਾਹ ਦਿੰਦਾ ਸੀ । ਉਹ ਸਾਹਿਤ, ਕਲਾ,ਕਹਾਣੀਆਂ, ਸੰਗੀਤ, ਕਵਿਤਾਵਾਂ, ਡਰਾਮਾ ਅਤੇ ਖੋਜ ਨੂੰ ਪਹਿਲ ਦਿੰਦਾ ਸੀ ।ਉਸ ਅਨੁਸਾਰ ਸਾਹਿਤ ਮਨੁੱਖ ਨੂੰ ਰਵਾਉਣ, ਰਜਾਉਣ, ਹਸਾਉਣ ਅਤੇ ਰਚਨਾਤਮਕ ਵਿਚਾਰਾਂ ਨੂੰ ਪੈਦਾ ਕਰਨ ਦੀ ਸ਼ਕਤੀ ਰੱਖਦਾ ਹੈ ।ਅਰਸਤੂ ਦਾ ਪਿਤਾ, ਜੋ ਇੱਕ ਰਾਜੇ ਦਾ ਚਿਕਿਸਤਕ ਸੀ, ਉਹ ਚਾਹੁੰਦਾ ਸੀ ਕਿ ਅਰਸਤੂ ਵੱਡਾ ਇਨਸਾਨ ਬਣੇ । ਇਸ ਲਈ ਉਸ ਨੂੰ ਪੜ੍ਹਨ ਲਈ ਏਥਨਜ਼ ਭੇਜਿਆ ਗਿਆ, ਜਿਥੇ ਉਸ ਨੇ ਪਲੈਟੋ ਦੀ ਅਕੈਡਮੀ ਵਿੱਚ ਦਾਖਲਾ ਲਿਆ ।

ਅਰਸਤੂ ਤਰਕ ਦਾ ਵੱਡਾ ਧਾਰਨੀ ਸੀ । ਤਰਕ ਦੀ ਵਿਵਸਥਾ ਦੀ ਸਥਾਪਨਾ ਤੋਂ ਬਾਅਦ ਉਸ ਦਾ ਅਗਲਾ ਦਾਅਵਾ ਵਸਤੂਆਂ ਦੀ ਵਾਸਤਵਿਕਤਾ ਦੀ ਸਥਾਪਨਾ ਸੀ । ਉਸ ਦਾ ਅਗਲਾ ਸਬਕ ਮਨੁੱਖ ਨੂੰ ਨੈਤਿਕਤਾ ਦਾ ਧਾਰਨੀ ਬਣਾਉਣਾ ਸੀ । ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਮਨੁੱਖ ਹੀ ਇਕ ਚੰਗਾ ਸਮਾਜ ਸਿਰਜ ਸਕਦਾ ਹੈ ।

ਚੰਗਾ ਸਮਾਜ ਹੀ ਇਕ ਚੰਗਾ ਰਾਜ ਸਿਰਜ ਸਕਦਾ ਹੈ । ਇਕ ਚੰਗਾ ਰਾਜ, ਜੋ ਭਰਿਸ਼ਟਾਚਾਰ ਤੋਂ ਮੁਕਤ ਹੋਵੇ, ਜਿਥੇ ਹਰ ਮਨੁੱਖ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਖੁੱਲ੍ਹ ਹੋਵੇ ।ਇਕ ਚੰਗਾ ਰਾਜਾ ਉਹ ਹੀ ਅਖਵਾ ਸਕਦਾ ਹੈ, ਜੋ ਲੋਕਾਂ ਦੇ ਦਿਲਾਂ 'ਤੇ ਰਾਜ ਕਰੇ । ਲੋਕ ਆਪਣੇ ਰਾਜੇ 'ਤੇ ਮਾਣ ਕਰਨ । ਉਹ ਲੋਕਤੰਤਰ ਦਾ ਸਮਰਥਕ ਨਹੀਂ ਸੀ, ਉਹ ਗਰੀਬ ਲੋਕ ਜੋ ਰਾਜਨੀਤੀ ਨੂੰ ਨਹੀਂ ਸਮਝਦੇ, ਨੂੰ ਵੋਟਾਂ ਦੇ ਬਰਾਬਰ ਹੱਕ ਦੇਣ ਦੇ ਵੀ ਸਮਰਥਕ ਨਹੀਂ ਸੀ। ਉਹ ਔਰਤਾਂ ਨੂੰ ਵੀ ਬਰਾਬਰ ਵੋਟ ਹੱਕ ਦੇਣ ਦਾ ਹੱਕ ਵਿੱਚ ਨਹੀਂ ਸੀ । ਉਹ ਸਮਝਦਾ ਸੀ ਕਿ ਕੁਝ ਲੋਕ ਦਾਸ ਪਰਵਿਰਤੀ ਦੇ ਮਾਲਕ ਅਤੇ ਕੁਝ ਰਾਜ ਕਰਨ ਵਾਲੀ ਪਰਵਿਰਤੀ ਦੇ ਮਾਲਕ ਹੁੰਦੇ ਹਨ, ਇਸ ਲਈ ਉਹ ਰਾਜ ਦੇ ਯੋਗ ਵਿਅਕਤੀਆਂ ਨੂੰ ਹੀ ਰਾਜ ਦੇਣਾ ਚਾਹੀਦਾ ਹੈ । ਗੁਰਮਤਿ ਵੀ ਰਾਜ ਲਈ ਯੋਗ ਬੰਦੇ ਦੀ ਵਕਾਲਤ ਕਰਦੀ ਹੈ । ਗੁਰਮਤਿ ਵਿੱਚ ਬੇਗਮਪੁਰਾ ਦਾ ਸਿਧਾਂਤ ਵੀ ਅਰਸਤੂ ਦੇ ਚੰਗੇ ਰਾਜ ਨਾਲ ਮੇਲ ਖਾਦਾਂ ਹੈ । ਅਰਸਤੂ ਅਨੁਸਾਰ ਬ੍ਰਹਿਮੰਡ ਦੀ ਹਰ ਵਸਤੂ ਗਤੀਸ਼ੀਲ ਹੈ ।ਬ੍ਰਹਿਮੰਡ ਦੀ ਹਰ ਵਸਤੂ ਬਦਲ ਰਹੀ ਹੈ । ਹਰ ਵਸਤੂ ਨੂੰ ਕਿਸੇ ਅਣਦਿੱਖ ਸ਼ਕਤੀ ਨੇ ਗਤੀ ਦਿੱਤੀ ਹੈ । ਇਸ ਅਣਦਿੱਖ ਸ਼ਕਤੀ ਨੂੰ ਉਹ 'ਅਣਮੂਵ ਮੂਵਰ' ਕਹਿੰਦਾ ਹੈ । ਦੂਸਰੇ ਧਰਮਾਂ ਵਿੱਚ ਇਸ ਸ਼ਕਤੀ ਨੂੰ ਈਸ਼ਵਰ ਕਿਹਾ ਗਿਆ ਹੈ ।ਗੁਰਮਤਿ ਵੀ ਇਸ ਦੀ ਪ੍ਰੋੜ੍ਹਤਾ ਕਰਦੀ ਹੈ । ਮਾਡਰਨ ਵਿਗਿਆਨ ਇਸ ਨੂੰ ਬਿੱਗ ਬੈਂਗ ਜਾਂ ਬਿੱਗ ਬਲਾਸਟ ਦਾ ਨਾਂਅ ਦਿੰਦਾ ਹੈ । ਅਰਸਤੂ ਜੀਵਨ ਵਿੱਚ ਖੁਸ਼ੀ ਪ੍ਰਾਪਤੀ ਨੂੰ ਜੀਵਨ ਦੀ ਮੰਜ਼ਲ ਦੱਸਦਾ ਹੈ । ਸਿੱਖ ਮੱਤ ਇਸ ਖੁਸ਼ੀ ਨੂੰ ਅਨੰਦ ਦੀ ਅਵਸਥਾ ਕਹਿੰਦਾ ਹੈ ।

ਪਲੈਟੋ ਦੀ 347 ਈਸਾ ਪੂਰਵ ਮੌਤ ਹੋ ਗਈ । ਪਲੈਟੋ ਦੀ ਅਕਾਦਮੀ ਦੇ ਸਭ ਤੋ ਹੋਣਹਾਰ ਅਰਸਤੂ ਨੂੰ ਆਕਦਮੀ ਦੀ ਵਾਗਡੋਰ ਨਾ ਸੌਂਪੀ ਗਈ । ਪਲੈਟੋ ਦੇ ਦੂਜੇ ਚੇਲੇ ਅਰਸਤੂ ਨੂੰ ਬਾਹਰਲਾ ਵਿਅਕਤੀ ਸਮਝਦੇ ਸਨ, ਉਸ ਨਾਲ ਪੱਖਪਾਤ ਕੀਤਾ ਗਿਆ । ਨਿਰਾਸ਼ਾ ਵਿੱਚ ਉਸ ਨੇ ਏਥਨਜ਼ ਛੱਡ ਦਿੱਤਾ ਅਤੇ ਉਹ ਇਟਲੀ ਦੇ ਇੱਕ ਸ਼ਹਿਰ ਵਿੱਚ ਗੁੰਮਨਾਮੀ ਦੀ ਜ਼ਿੰਦਗੀ ਜੀਉਣ ਲੱਗਾ । ਇਥੇ ਉਸ ਦੇ ਸਮਰਥਕਾਂ ਨੇ ਇੱਕ ਹੋਰ ਅਕਾਦਮੀ ਬਣਾ ਦਿੱਤੀ, ਜਿਥੇ ਉਹ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਦਾ ਰਿਹਾ ।ਇਸ ਸਮੇਂ ਉਹ ਜੀਵ ਵਿਗਿਆਨ ਦੀਆਂ ਖੋਜਾਂ ਵਿੱਚ ਆਪਣਾ ਸਮਾਂ ਬਿਤਾਉਣ ਲੱਗਾ । ਉਹ ਘੰਟਿਆਂ ਤੱਕ ਸਮੰਦਰੀ ਤੱਟ 'ਤੇ ਬੈਠਾ ਮੱਛੀਆਂ ਅਤੇ ਹੋਰ ਸਮੁੰਦਰੀ ਜੀਵਾਂ ਨੂੰ ਦੇਖਦਾ ਰਹਿੰਦਾ ਅਤੇ ਉਨ੍ਹਾਂ ਦੇ ਵਤੀਰੇ ਨੂੰ ਵਾਚਦਾ ਰਹਿੰਦਾ । ਇਸ ਪੜ੍ਹਾਈ ਤੋਂ ਬਾਅਦ ਉਸ ਨੇ ਜੀਵਾਂ ਪ੍ਰਤੀ ਵੱਡੇ ਸਿੱਟੇ ਕੱਢੇ, ਜਿਨ੍ਹਾਂ ਨੂੰ ਅੱਜ ਵੀ ਜੀਵ ਵਿਗਿਆਨੀ ਠੀਕ ਮੰਨਦੇ ਹੋਏ ਪੜ੍ਹਾਉਂਦੇ ਹਨ । ਡਾਰਵਿਨ ਨੇ ਉਸ ਨੂੰ ਜੀਵ ਵਿਗਿਆਨ ਦਾ ਪਿਤਾਮਾ ਆਖਿਆ ।

ਇਸ ਸਮੇਂ ਮਕਸਡੋਨੀਆਂ ਦਾ ਰਾਜਾ ਆਪਣੇ ਪੁੱਤਰ ਸਿਕੰਦਰ ਨੂੰ ਦੁਨੀਆ ਜਿੱਤਣ ਵਾਲਾ ਰਾਜਾ ਬਣਾਉਣ ਦੀ ਇੱਛਾ ਰੱਖਦਾ ਸੀ ਅਤੇ ਉਹ ਉਸ ਲਈ ਇਕ ਚੰਗੇ ਗੁਰੂ ਦੀ ਭਾਲ ਵਿੱਚ ਸੀ । ਉਸ ਸਮੇਂ ਉਸ ਨੂੰ ਅਰਸਤੂ ਤੋਂ ਵੱਡਾ ਕੋਈ ਹੋਰ ਵਿਦਵਾਨ ਨਜ਼ਰ ਨਹੀਂ ਆਇਆ । ਉਸ ਨੇ ਅਰਸਤੂ ਨੂੰ ਸੱਦਾ ਭੇਜਿਆ ।ਅਰਸਤੂ ਨੂੰ ਸਿਕੰਦਰ ਦਾ ਗੁਰੂ ਥਾਪਿਆ ਗਿਆ।ਕਈ ਸਾਲ ਦੀ ਪੜ੍ਹਾਈ ਤੋਂ ਬਾਅਦ ਵੀਹ ਸਾਲ ਦੀ ਉਮਰ ਵਿੱਚ ਸਿਕੰਦਰ ਸੰਸਾਰ ਜਿੱਤਣ ਤੁਰ ਪਿਆ । ਅਰਸਤੂ ਨੇ ਸਿਕੰਦਰ ਨੂੰ ਆਪਣੀ ਸਿੱਖਿਆ ਦਾ ਤੱਤ ਸਮਝਾਇਆ । ਉਸ ਨੂੰ ਅੱਛਾ ਵਿਆਕਤੀ ਬਣਨ ਦੇ ਅਤੇ ਚੰਗੇ ਰਾਜੇ ਬਣਨ ਦੇ ਗੁਰ ਸਿਖਾਏ । ਸਿਕੰਦਰ ਨੇ ਬੜੀ ਸ਼ਾਨੋ-ਸ਼ੌਕਤ ਨਾਲ ਇੱਕ ਹੀਰੋ ਵਜੋਂ ਏਥਨਜ਼ ਉਸ ਦੇ ਪਸੰਦੀਦੇ ਸ਼ਹਿਰ ਭੇਜ ਦਿੱਤਾ ਅਤੇ ਆਪ ਸੰਸਾਰ ਜਿੱਤ ਮੁਹਿੰਮ 'ਤੇ ਨਿਕਲ ਗਿਆ । ਸਿਕੰਦਰ ਦੀ ਫੌਜ ਦੇ ਨਾਲ ਹੀ ਵੱਡੇ ਸਾਹਿਤਕਾਰ,ਵੱਡੇ ਕਲਾ ਪ੍ਰੇਮੀ, ਨਾਟਕਕਾਰ , ਵਧੀਆ ਕਹਾਣੀਕਾਰ , ਕਵੀ ਅਤੇ ਹੋਰ ਰਚਨਾਤਮਕ ਰੁਚੀਆਂ ਵਾਲੇ ਲੋਕ ਚਲਦੇ ਸਨ। ਉਹ ਸਮੇਂ-ਸਮੇਂ ਜਿਥੇ ਸਿਕੰਦਰ ਦਾ ਮਾਰਗ ਦਰਸ਼ਨ ਕਰਦੇ ਸਨ, ਨਾਲ ਹੀ ਫੌਜ ਦਾ ਮਨੋਰੰਜਨ ਵੀ ਕਰਦੇ ਸਨ । ਇਹ ਸਭ ਅਰਸਤੂ ਦੀ ਸਿੱਖਿਆ ਅਨੁਸਾਰ ਚੱਲ ਰਿਹਾ ਸੀ ।

ਜਿੱਤਾਂ ਪ੍ਰਾਪਤ ਕਰਦ ਹੋਇਆ ਜਦੋਂ ਸਿਕੰਦਰ ਪੰਜਾਬ ਪਹੁੰਚਿਆ ਤਾਂ ਉਸ ਦੀ ਪੰਜਾਬੀ ਜਾਏ ਪੋਰਸ ਨਾਲ ਵੱਡੀ ਲੜਾਈ ਹੋਈ । ਲੜਾਈ ਦੇ ਅੰਤ ਵਿੱਚ ਜੋ ਸਿਕੰਦਰ ਅਤੇ ਪੋਰਸ ਵਿੱਚ ਵਾਰਤਾਲਾਪ ਹੋਈ, ਉਹ ਹਰ ਪੰਜਾਬੀ ਦੀ ਜ਼ਬਾਨ 'ਤੇ ਹੈ । ਸਿਕੰਦਰ ਨੇ ਆਪਣੇ ਦੁਸ਼ਮਣ ਪੋਰਸ ਨੂੰ ਮਾਰਿਆ ਨਹੀਂ ਸਗੋਂ ਸਿਕੰਦਰ ਪੋਰਸ ਦੀ ਬਹਾਦਰੀ ਤੋਂ ਖੁਸ਼ ਹੋ ਕੇ ਲੜਾਈ ਛੱਡ ਵਾਪਸ ਮੁੜ ਗਿਆ । ਇਹਨਾਂ ਰਾਜਿਆਂ ਦੀ ਵਾਰਤਾਲਾਪ ਨੇ ਜਿਥੇ 'ਸਿਕੰਦਰ' ਨੂੰ ਮਹਾਨ ਬਣਾ ਦਿੱਤਾ, ਉਥੇ ਪਿੱਛੇ ਬੈਠੇ ਉਸ ਦੇ ਗੁਰੂ 'ਅਰਸਤੂ' ਨੂੰ ਵੀ ਮਹਾਨ ਬਣਾ ਦਿੱਤਾ ।ਇਕੱਤੀ ਸਾਲ ਦੀ ਉਮਰ ਵਿੱਚ ਸਿਕੰਦਰ ਮਹਾਨ ਦੀ ਮੌਤ ਹੋ ਗਈ । ਇਸ ਘਟਨਾ ਨੇ ਸਾਰੇ ਸੰਸਾਰ ਨੂੰ ਹੈਰਾਨ ਕਰ ਦਿੱਤਾ ।ਨਫ਼ਰਤੀ ਦੌਰ ਨੇ ਅਰਸਤੂ ਨੂੰ ਵੀ ਨਹੀਂ ਬਖਸ਼ਿਆ । ਉਸ ਨੂੰ ਏਥਨਜ਼, ਜੋ ਉਸ ਦੀ ਪਸੰਦੀਦੀ ਥਾਂ ਸੀ ਵਿੱਚੋਂ ਕੱਢ ਦਿੱਤਾ ਗਿਆ । ਉਸ ਦੇ ਲਿਖੇ ਗ੍ਰੰਥਾਂ ਨੂੰ ਡੰਪ ਕਰ ਦਿੱਤਾ ਗਿਆ । ਨਿਰਾਸ਼ਤਾ ਅਤੇ ਮਾਯੂਸੀ ਦੇ ਦੌਰ ਵਿੱਚ ਬਾਹਠ ਸਾਲ ਦੀ ਉਮਰ ਭੋਗ ਕੇ ਉਹ ਇਸ ਸੰਸਾਰ ਤੋਂ ਰੁਖ਼ਸਤ ਹੋ ਗਿਆ । ਦੋ ਸੌ ਸਾਲ ਬਾਅਦ ਉਸ ਦੇ ਗ੍ਰੰਥ ਖੋਲ੍ਹੇ ਗਏ, ਜੋ ਅੱਜ ਵੀ ਸੰਸਾਰ ਨੂੰ ਰੋਸ਼ਨੀ ਦੇ ਰਹੇ ਹਨ ।

**# ਸੰਪਰਕ :** 04526-40039
**ਵਟਸਐਪ:** + 9198728 0083

# ਆਰਥਿਕਤਾ ਅਤੇ ਸਮਾਜਿਕ ਤਾਣੇ-ਬਾਣੇ ਨੂੰ ਤਬਾਹ ਕਰ ਰਹੀਆਂ ਮੁਫਤ ਸਹੂਲਤਾਂ

**ਜੀਤ ਕੰਬੋਜ**

ਜਦੋਂ ਲੋਕਾਂ ਨੂੰ ਬਿਨਾਂ ਕੋਈ ਕੰਮ ਕੀਤੇ ਮੁਫਤ ਸਹੂਲਤਾਂ ਨਾਲ ਕੁਝ ਵੀ ਮਿਲਣ ਲੱਗ ਜਾਵੇ ਤਾਂ ਉਹ ਮੁਫਤਖੋਰੀ ਕਹਾਉਂਦੀ ਹੈ। ਬਿਨਾਂ ਕੰਮ ਤੇ ਬਿਨਾਂ ਸਰੀਰਕ ਮਿਹਨਤ ਮਨੁੱਖ ਨੂੰ ਹੌਲੀ-ਹੌਲੀ ਨਿਕੰਮਾ ਬਣਾ ਦਿੰਦਾ ਹੈ ਤੇ ਉਸ ਨੂੰ ਕੰਮ ਕਰਨ ਦੀ ਆਦਤ ਨਹੀਂ ਪੈਂਦੀ ਤੇ ਉਹ ਹਮੇਸ਼ਾ ਮੁਫਤ ਦੇ ਮਿਲ ਰਹੇ ਸਮਾਨ ਦੀ ਝਾਕ ਵਿੱਚ ਰਹਿੰਦਾ ਹੈ ਅਤੇ ਹੌਲੀ-ਹੌਲੀ ਮੁਫਤਖੋਰੀ ਮਨੁੱਖ ਨੂੰ ਵਿਹਲਾ, ਆਲਸੀ ਤੇ ਕੰਮਚੋਰ ਬਣਾ ਦਿੰਦੀ ਹੈ। ਇਸ ਦੀ ਜਿਉਂਦੀ ਜਾਗਦੀ ਮਿਸਾਲ ਸ਼ਹਿਰਾਂ ਦੇ ਚੁਰਾਹਿਆਂ, ਦੁਕਾਨਾਂ 'ਤੇ ਨੌਜਵਾਨ, ਬੱਚੇ, ਬਜ਼ੁਰਗ ਅਤੇ ਔਰਤਾਂ ਭੀਖ ਮੰਗਦੇ ਆਮ ਵੇਖਣ ਨੂੰ ਮਿਲਦੇ ਹਨ, ਜੋ ਬੱਚੇ ਅੱਜ ਉਹਨਾਂ ਨਾਲ ਭੀਖ ਮੰਗ ਰਹੇ ਹਨ, ਵੱਡੇ ਹੋ ਕੇ ਕੋਈ ਕੰਮ ਨਹੀਂ ਕਰਨਗੇ । ਅਜਿਹੇ ਲੋਕ ਸਮਾਜ ਅਤੇ ਦੇਸ਼ 'ਤੇ ਬੋਝ ਬਣਦੇ ਹਨ।

ਪਿਛਲੇ ਕੁਝ ਸਾਲਾਂ ਤੋਂ ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਸੱਤਾ ਹਥਿਆਉਣ ਅਤੇ ਸੱਤਾ 'ਚ ਬਣੇ ਰਹਿਣ ਲਈ ਇੱਕ ਨਵਾਂ ਰਾਜਨੀਤਕ ਸੱਭਿਆਚਾਰ ਵਿਕਸਤ ਕਰਨ ਵਿੱਚ ਕਾਮਯਾਬ ਹੋਈਆਂ ਹਨ, ਜਿਸ ਨੂੰ ਮੁਫਤਖੋਰੀ ਕਹਿਣਾ ਅਣਉਚਿਤ ਨਹੀਂ। ਇਨ੍ਹਾਂ ਮੁਫਤ ਸਹੂਲਤਾਂ ਕਾਰਨ ਕਈ ਸੂਬਿਆਂ ਵਿੱਚ ਆਰਥਿਕ ਹਫੜਾਦਫੜੀ ਦਾ ਮਾਹੌਲ ਹੈ ਅਤੇ ਵਿਕਾਸ 'ਤੇ ਮਾੜੇ ਪ੍ਰਭਾਵ ਪੈਣੇ ਸ਼ੁਰੂ ਹੋ ਗਏ ਹਨ। ਦੇਸ਼ ਦੇ ਬਹੁਤੇ ਸੂਬੇ ਕਰਜ਼ਾ ਲੈ ਕੇ ਡੰਗ ਟਪਾ ਰਹੇ ਹਨ । ਕਰਜ਼ ਲੈਣ ਨੂੰ ਸਹੀ ਤਾਂ ਕਿਹਾ ਜਾ ਸਕਦਾ ਹੈ ਕਿ ਜੇਕਰ ਕਰਜ਼ਾ ਵਿਕਾਸ ਕੰਮਾਂ ਲਈ ਵਰਤਿਆ ਜਾਵੇ, ਪਰ ਜੇਕਰ ਕਰਜ਼ਾ ਸਬ-ਸਿਡੀਆਂ ਜਾਂ ਚੁਣਾਵੀ ਵਾਅਦੇ ਪੂਰੇ ਕਰਨ ਲਈ ਵਰਤਿਆ ਜਾਵੇ ਤਾਂ ਇਹ ਨੀਤੀ ਤਬਾਹਕੁੰਨ ਸਾਬਤ ਹੁੰਦੀ ਹੈ।

ਇਹ ਗੱਲ ਸਭ ਦੇਸ਼ਾਂ ਦੇ ਰਾਜਨੀਤਕ ਲੋਕ ਭਲੀ-ਭਾਂਤ ਜਾਣਦੇ ਹਨ ਕਿ ਮੁਫਤ ਦੀਆਂ ਸਹੂਲਤਾਂ ਨੇ ਕੁਝ ਸਾਲ ਪਹਿਲਾਂ ਵੈਨਜ਼ੁਏਲਾ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦਿੱਤਾ ਅਤੇ ਵੱਡੀ ਗਿਣਤੀ 'ਚ ਲੋਕਾਂ ਨੂੰ ਰੋਜ਼ੀ-ਰੋਟੀ ਕਮਾਉਣ ਲਈ ਬਾਹਰਲੇ ਮੁਲਕਾਂ ਵਿੱਚ ਜਾਣਾ ਪਿਆ। ਇਸੇ ਮੁਫਤਖੋਰੀ ਕਾਰਨ ਸ੍ਰੀਲੰਕਾ ਤਬਾਹੀ ਦੇ ਕੰਢੇ ਪਹੁੰਚ ਗਿਆ ਤੇ ਲੋਕਾਂ ਦੀ ਬਗਾਵਤ ਕਾਰਨ ਰਾਸ਼ਟਰਪਤੀ ਨੂੰ ਦੇਸ਼ ਛੱਡ ਕੇ ਭੱਜਣਾ ਪਿਆ। ਇਸੇ ਤਰ੍ਹਾਂ ਨਿਊਜ਼ੀਲੈਂਡ, ਆਸਟਰੇਲੀਆ, ਅਮਰੀਕਾ ਤੇ ਕੈਨੇਡਾ ਨੇ ਆਦਿਵਾਸੀਆਂ ਨੂੰ ਮੁਫਤ ਦੀਆਂ ਸਹੂਲਤਾਂ ਦੀ ਆਦਤ ਪਾ ਦਿੱਤੀ, ਜਿਸ ਕਰਕੇ ਕੋਈ ਕੰਮ ਨਾ ਕਰਨ ਕਰਕੇ ਉਹਨਾਂ ਦੀ ਹਾਲਤ ਅੱਜ ਵੀ ਉਸੇ ਤਰ੍ਹਾਂ ਦੀ ਹੈ, ਜਿਸ ਤਰ੍ਹਾਂ ਦੀ ਕਈ ਦਹਾਕੇ ਪਹਿਲਾਂ ਦੀ ਸੀ, ਜਦੋਂ ਕਿ ਬਾਹਰਲੇ ਦੇਸ਼ਾਂ ਤੋਂ ਆਏ ਲੋਕਾਂ ਨੇ ਮਿਹਨਤ ਕਰਕੇ ਉਥੇ ਉੱਚੇ ਮੁਕਾਮ ਹਾਸਿਲ ਕੀਤੇ ਹਨ ਅਤੇ ਉਹ ਅਮੀਰ ਬਣ ਗਏ ਹਨ।

ਪੰਜਾਬ ਸਿਰ ਕਰਜ਼ੇ 'ਤੇ ਨਜ਼ਰ ਮਾਰੀਏ ਤਾਂ ਇਹ ਮੁਫਤ ਦੀਆਂ ਸਹੂਲਤਾਂ ਕਾਰਨ 2006-07 ਤੋਂ ਵਧਣਾ ਸ਼ੁਰੂ ਹੋਇਆ । ਸਾਲ 2007 ਵਿੱਚ ਸ਼੍ਰੋਮਣੀ ਅਕਾਲੀ ਦਲ ਸਰਕਾਰ ਆਉਣ ਸਮੇਂ ਕਰਜ਼ਾ ਬਹੁਤ ਤੇਜ਼ੀ ਨਾਲ ਵਧਿਆ, ਕਿਉਂਕਿ ਚੋਣਾਂ ਸਮੇਂ ਸ਼੍ਰੋਮਣੀ ਅਕਾਲੀ ਦਲ ਨੇ ਵੋਟਰਾਂ ਨਾਲ ਬਹੁਤ ਲੁਭਾਉਣੇ ਵਾਅਦੇ ਕੀਤੇ ਸਨ। ਇਸ ਸਮੇਂ ਸਲਾਨਾ ਕਰਜ਼ੇ ਵਿੱਚ 19 ਹਜ਼ਾਰ ਕਰੋੜ ਰੁਪਏ ਦੀ ਦਰ ਨਾਲ ਵਾਧਾ ਹੋਇਆ ।2011-12 ਵਿੱਚ ਪੰਜਾਬ ਸਿਰ ਲਗਭਗ 84 ਹਜ਼ਾਰ ਕਰੋੜ ਦਾ ਕਰਜ਼ਾ ਸੀ, ਜੋ 2016-17 ਵਿੱਚ ਵਧ ਕੇ ਲਗਭਗ 1 ਲੱਖ 83 ਹਜ਼ਾਰ ਕਰੋੜ ਰੁਪਏ ਦਾ ਹੋ ਗਿਆ। ਸਾਲ 2017 ਤੋਂ 2022 ਵਿੱਚ ਕਾਂਗਰਸ ਸਰਕਾਰ ਆਈ ਤਾਂ ਇਸ ਸਰਕਾਰ ਨੇ ਵੀ ਮੁਫਤ ਸਹੂਲਤਾਂ ਜਾਰੀ ਰੱਖੀਆਂ ਅਤੇ ਕਰਜ਼ਾ ਵਧ ਕੇ 2 ਲੱਖ 81ਹਜ਼ਾਰ 774 ਕਰੋੜ ਰੁਪਏ ਹੋ ਗਿਆ। ਸਾਲ 2022 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਪੰਜਾਬ ਦੇ ਵੋਟਰਾਂ ਨੂੰ ਬਦਲਾਅ ਦਾ ਸੁਪਨਾ ਵਿਖਾ ਕੇ ਸਰਕਾਰ ਬਣਾਉਣ ਵਿੱਚ ਕਾਮਯਾਬ ਹੋਈ ਤਾਂ ਇਸ ਨੇ ਵੀ ਚੋਣਾਂ ਸਮੇਂ ਵੋਟਰਾਂ ਨੂੰ ਪਹਿਲੀਆਂ ਸਰਕਾਰਾਂ ਨਾਲੋਂ ਵੱਧ ਮੁਫਤ ਸਹੂਲਤਾਂ ਦੇਣ ਦੇ ਵਾਅਦੇ ਕੀਤੇ ।

ਪੰਜਾਬ ਤੇ ਪੰਜਾਬੀਆਂ ਦੀ ਬਰਬਾਦੀ ਦੀ ਇਬਾਰਤ 2007 ਤੋਂ ਲਿਖਣੀ ਸ਼ੁਰੂ ਕਰ ਦਿੱਤੀ ਗਈ, ਜਦੋਂਕਿ ਸਖਤ ਮਿਹਨਤ ਅਤੇ ਆਪਣੇ ਹੱਥੀਂ ਕਿਰਤ ਕਰਨ ਵਾਲੇ ਪੰਜਾਬੀਆਂ ਨੂੰ ਬਿਨਾਂ ਮੰਗੇ ਮੁਫਤ ਆਟਾ ਦਾਲ ਸਕੀਮ ਦਾ ਐਲਾਨ ਹੋਇਆ। ਸ਼੍ਰੋਮਣੀ ਅਕਾਲੀ ਦਲ ਦੇ ਮਰਹੂਮ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਸੱਤਾ 'ਤੇ ਕਾਬਜ਼ ਹੋਣ ਲਈ ਪੰਜਾਬੀਆਂ ਨੂੰ ਮੁਫਤ ਦਾ ਲਾਲਚ ਦਿੱਤਾ ਅਤੇ ਸੱਤਾ ਹਥਿਆਉਣ ਵਿੱਚ ਕਾਮਯਾਬ ਹੋਇਆ । ਪੰਜਾਬੀਆਂ ਨੂੰ ਮੁਫਤ ਆਟਾ-ਦਾਲ ਦੇਣ ਕਾਰਨ ਸਰਕਾਰ ਦੇ ਅਦਾਰੇ ਫੂਡ ਸਪਲਾਈ ਅਤੇ ਪਨਸਪ ਖਤਮ ਹੋਣ ਕਿਨਾਰੇ ਪਹੁੰਚ ਗਏ ਤਾਂ ਫੂਡ ਸਪਲਾਈ ਵਿਭਾਗ ਨੂੰ ਪਨਗਰੇਨ ਵਿਭਾਗ ਵਿੱਚ ਰਲੇਵਾਂ ਕਰਨਾ ਪਿਆ। ਅਕਾਲੀ ਦਲ ਕਿਸਾਨੀ ਨੂੰ ਅਪਣਾ ਪੱਕਾ ਵੋਟ ਬੈਂਕ ਸਮਝਣ ਕਰਕੇ ਮੁਫਤ ਬਿਜਲੀ-ਪਾਣੀ ਦੀ ਸਹੂਲਤ ਨੇ ਵੀ ਸਰਕਾਰ ਦੇ ਖਜ਼ਾਨੇ ਦਾ ਕਚੂੰਬਰ ਕੱਢਣ ਵਿੱਚ ਕੋਈ ਕਸਰ ਨਹੀਂ ਛੱਡੀ। ਕਿਸਾਨਾਂ ਨੂੰ ਮੁਫਤ ਬਿਜਲੀ ਅਤੇ ਮੁਫਤ ਨਹਿਰੀ ਪਾਣੀ ਨੇ ਉਹਨਾਂ ਦੀ ਆਰਥਕ ਤੌਰ 'ਤੇ ਕੁਝ ਸਹਾਇਤਾ ਜ਼ਰੂਰ ਕੀਤੀ, ਪਰ ਜਿਹੜੇ ਕਿਸਾਨ ਬਿਜਲੀ ਦਾ ਬਿੱਲ ਭਰ ਸਕਦੇ ਹਨ ,ਉਹਨਾਂ ਨੂੰ ਵੀ ਸਹੂਲਤਾਂ ਦੇਣਾ ਵਾਜਿਬ ਨਹੀਂ ਲੱਗਦਾ, ਪਰ ਰਾਜ ਸੱਤਾ ਦਾ ਸੁੱਖ ਭੋਗਣ ਦੀ ਲਾਲਸਾ ਅੱਗੇ ਕੁਝ ਵੀ ਮਾਇਨੇ ਨਹੀਂ ਰੱਖਦਾ। ਹਰੇਕ ਘਰ ਨੂੰ ਮੁਫਤ ਬਿਜਲੀ ਸਹੂਲਤ ਲਈ 3500 ਕਰੋੜ ਰੁਪਏ ਤੋਂ 4000 ਕਰੋੜ ਰੁਪਏ ਦਾ ਬਿਜਲੀ ਬੋਰਡ ਨੂੰ ਨੁਕਸਾਨ ਝੱਲਣਾ ਪੈ ਰਿਹਾ ਹੈ। ਖੇਤੀ ਸੈਕਟਰ ਲਈ ਦਿੱਤੀ ਜਾਣ ਵਾਲੀ ਬਿਜਲੀ ਦਾ ਸਰਕਾਰ ਵੱਲ 9 ਹਜ਼ਾਰ ਕਰੋੜ ਰੁਪਏ ਦਾ ਬਕਾਇਆ ਖੜਾ ਹੈ। ਘਰਾਂ ਨੂੰ 600 ਯੂਨਿਟ ਦੇਣ ਵਾਲੀ ਸਹੂਲਤ ਅਤੇ ਖੇਤੀ ਸੈਕਟਰ ਨੂੰ ਦਿੱਤੀ ਸਪਲਾਈ ਕਰਕੇ ਬੋਰਡ ਦਾ ਘਾਟਾ 20 ਹਜ਼ਾਰ ਕਰੋੜ ਤੱਕ ਪਹੁੰਚ ਜਾਣ ਦੀ ਉਮੀਦ ਹੈ ,ਜਿਹੜਾ ਬੋਰਡ ਨੂੰ ਆਰਥਿਕ ਤੌਰ 'ਤੇ ਤਬਾਹ ਕਰ ਦੇਵੇਗਾ। ਮੁਫਤ ਦੀਆਂ ਸਹੂਲਤਾਂ ਦੇਣ ਨਾਲੋਂ ਬਿਜਲੀ ਦੇ ਰੇਟ ਪ੍ਰਤੀ ਯੂਨਿਟ ਘਟਾ ਕੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ, ਜਿਸ ਨਾਲ ਬੋਰਡ ਦੀ ਕਾਰਜ ਸ਼ਕਤੀ ਵੀ ਬਣੀ ਰਹੇਗੀ।.

ਇਸੇ ਤਰ੍ਹਾਂ ਮੁਫਤ ਬੱਸ ਸਰਵਿਸ ਨੇ ਰੋਡਵੇਜ਼ ਦਾ ਦਿਵਾਲਾ ਕੱਢ ਦਿੱਤਾ ਹੈ। 1997 ਵਿੱਚ ਬਾਦਲ ਸਰਕਾਰ ਨੇ 60 ਸਾਲ ਦੀਆਂ ਔਰਤਾਂ ਤੇ 65 ਸਾਲ ਦੇ ਮਰਦਾਂ ਨੂੰ ਮੁਫਤ ਬੱਸ ਸਹੂਲਤ ਦੇਣੀ ਸ਼ੁਰੂ ਕੀਤੀ ਸੀ, ਜਿਸ ਨੂੰ 2017 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਨੇ ਵੀ ਜਾਰੀ ਰੱਖਿਆ ਅਤੇ ਮੌਜੂਦਾ ਸਰਕਾਰ ਨੇ ਵੀ ਮੁਫਤ ਬੱਸ ਸਹੂਲਤ ਨੂੰ ਜਾਰੀ ਰੱਖਿਆ ਹੋਇਆ ਹੈ। ਸਮੇਂ-ਸਮੇਂ ਦੀਆਂ ਸਰਕਾਰਾਂ ਦੁਆਰਾ ਰੋਡਵੇਜ਼ ਨੂੰ ਸਹਾਇਤਾ ਦੇਣ ਦੇ ਬਾਵਜੂਦ ਇਕੱਲੀ ਪੰਜਾਬ ਰੋਡਵੇਜ ਇਸ ਵਕਤ 160 ਕਰੋੜ ਰੁਪਏ ਦੇ ਘਾਟੇ ਨਾਲ ਚੱਲ ਰਹੀ ਹੈ ਅਤੇ ਸਟਾਫ ਦੀ ਘਾਟ ਕਾਰਨ ਲਗਭਗ 600 ਬੱਸਾਂ ਵੱਖ-ਵੱਖ ਡਿਪੂਆਂ ਵਿੱਚ ਖੜ ਗਈਆਂ ਹਨ। ਇਹ ਬੱਸਾਂ ਨਾ ਚੱਲਣ ਕਰਕੇ ਇੱਕ ਸਾਲ ਵਿੱਚ ਰੋਡਵੇਜ ਨੂੰ 200 ਕਰੋੜ ਦਾ ਘਾਟਾ ਪੈ ਰਿਹਾ ਹੈ ਮੁਫਤ ਬੱਸ ਸਰਵਿਸ ਸਹੂਲਤ ਕਾਰਨ ਪੈਸੇ ਨਾ ਹੋਣ ਕਾਰਨ ਬਹੁਤੀਆਂ ਬੱਸਾਂ ਜਿਹੜੀਆਂ ਚੱਲਣ ਯੋਗ ਹਨ, ਸਿਰਫ ਟਾਇਰ ਨਾ ਹੋਣ ਕਾਰਨ ਵੱਖ-ਵੱਖ ਡਿਪੂਆਂ ਵਿੱਚ ਖੜ ਗਈਆਂ ਹਨ।

ਵੋਟਰਾਂ ਨੂੰ ਲੁਭਾਉਣੇ ਵਾਅਦੇ, ਸਬਜ਼ਬਾਗ ਦਿਖਾ ਕੇ ਅਤੇ ਮੁਫਤ ਦੀਆਂ ਸਹੂਲਤਾਂ ਨਾਲ ਸਰਕਾਰਾਂ ਅਪਣੀ ਰਾਜ ਕਰਨ ਦੀ ਉਮਰ ਤਾਂ ਲੰਮੀ ਕਰ ਸਕਦੀਆਂ ਹਨ, ਪਰ ਮੁਫਤ ਸਹੂਲਤਾਂ ਨਾਲ ਜਨਤਾ ਦੇ ਜੀਵਨ ਪੱਧਰ ਨੂੰ ਸੁਧਾਰਿਆ ਨਹੀਂ ਜਾ ਸਕਦਾ। ਇਸ ਦੇ ਨਾਲ-ਨਾਲ ਦੇਸ਼ ਦੀ ਆਰਥਿਕਤਾ ਅਤੇ ਵਿੱਤੀ ਸਾਧਨਾਂ ਦਾ ਵੱਡਾ ਨੁਕਸਾਨ ਹੋ ਰਿਹਾ ਹੈ ਅਤੇ ਵਿਕਾਸ ਗਤੀ 'ਤੇ ਮਾਰੂ ਅਸਰ ਪਿਆ ਹੈ। ਉਧਰ ਕੇਂਦਰ ਦੀ ਮੋਦੀ ਸਰਕਾਰ ਨੇ ਦੇਸ਼ ਦੀ ਅੱਧੀ ਅਬਾਦੀ ਨੂੰ ਵੀ ਬਿਲਕੁਲ ਨਿਗੂਣੇ ਰੇਟ 'ਤੇ ਰਾਸ਼ਨ ਦੇਣਾ ਸ਼ੁਰੂ ਕੀਤਾ ਹੈ, ਜਿਸ ਦਾ ਮਤਲਬ ਦੇਸ਼ ਦੀ ਅੱਧੀ ਅਬਾਦੀ ਨੂੰ ਕੰਮ-ਚੋਰ, ਆਲਸੀ ਤੇ ਨਿਕੰਮਾ ਬਨਾਉਣਾ ਹੈ। ਚਾਹੀਦਾ ਤਾਂ ਅਜਿਹਾ ਹੈ ਕਿ ਜੋ ਕਰੋੜਾਂ, ਅਰਬਾਂ ਰੁਪਏ ਮੁਫਤ ਸਹੂਲਤਾਂ ਦੇ ਨਾਂਅ 'ਤੇ ਦਿੱਤੇ ਜਾ ਰਹੇ ਹਨ, ਉਸ ਰਾਸ਼ੀ ਨਾਲ ਰੁਜ਼ਗਾਰ ਦੇ ਸਾਧਨ ਪੈਦਾ ਕੀਤੇ ਜਾਣ, ਤਾਂ ਜੋ ਲੋਕ ਕੰਮ-ਕਾਰ ਕਰਕੇ ਇੱਜ਼ਤ ਦੀ ਜ਼ਿੰਦਗੀ ਦੇ ਕਾਬਿਲ ਬਣ ਸਕਣ ਅਤੇ ਦੇਸ਼ ਦੀ ਵਿਕਾਸ ਦਰ ਵਿਚ ਬਣਦਾ ਯੋਗਦਾਨ ਪਾਉਣ। ਦੂਜਾ ਜਿਹੜੇ ਲੋਕ ਅਤਿ-ਗਰੀਬ ਹਨ, ਜਿਨ੍ਹਾਂ ਕੋਲ ਕਮਾਈ ਦਾ ਕੋਈ ਵਸੀਲਾ ਨਹੀਂ, ਉਨ੍ਹਾਂ ਨੂੰ ਮੁਫਤ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਵਿਸੇਸ ਆਰਥਕ ਸਹਾਇਤਾ ਦੇ ਕੇ ਛੋਟੇ-ਛੋਟੇ ਕੰਮਾਂ 'ਤੇ ਲਗਾ ਕੇ ਉਨ੍ਹਾਂ ਦਾ ਜੀਵਨ ਪੱਧਰ ਸੁਧਾਰਿਆ ਜਾਣਾ ਚਾਹੀਦਾ ਹੈ।

# ਲੈਂਡ ਪੂਲਿੰਗ ਖ਼ਿਲਾਫ਼ ਕਾਂਗਰਸ ਵੱਲੋਂ ਪੁੱਡਾ ਦਫ਼ਤਰ ਅੱਗੇ ਸੂਬਾ ਪੱਧਰੀ ਰੋਸ ਮੁਜ਼ਾਹਰਾ

## ਕਿਸਾਨਾਂ ਦੀਆਂ ਜ਼ਮੀਨਾਂ 'ਤੇ ਸਰਕਾਰ ਦਾ ਕਬਜ਼ਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਾਂਗੇ : ਰਾਜਾ ਵੜਿੰਗ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਸਰਕਾਰ ਪਿਛਲੇ ਦਿਨੀਂ ਵਿਕਾਸ ਦੇ ਨਾਂ 'ਤੇ ਭਲੇਖਾ ਪਾਉ ਜੋ ਲੈਂਡ ਪੂਲਿੰਗ ਪਾਲਿਸੀ ਦਾ ਨੋਟੀਫਿਕੇਸ਼ਨ ਲੈ ਕੇ ਆਈ ਹੈ, ਉਸ ਨੇ ਪੂਰੇ ਪੰਜਾਬ ਭਰ ਦੇ ਕਿਸਾਨਾਂ ਵਿੱਚ ਖਲਬਲੀ ਮਚਾ ਦਿੱਤੀ ਹੈ।ਲੈਂਡ ਪੂਲਿੰਗ ਖ਼ਿਲਾਫ਼ ਕਾਂਗਰਸ ਵੱਲੋਂ ਪਟਿਆਲ਼ਾ ਪੁੱਡਾ ਦੇ ਦਫ਼ਤਰ ਅੱਗੇ ਜ਼ੋਰਦਾਰ ਰੋਸ ਵਿਖਾਵਾ ਕੀਤਾ ਗਿਆ ਅਤੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਹਜ਼ਾਰਾਂ ਦੀ ਗਿਣਤੀ ਵਿੱਚ ਜੁੜੇ ਕਿਸਾਨਾਂ ਤੇ ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਹੈ ਕਿ ਜਦੋਂ ਪੰਜਾਬ ਦੇ ਕਿਸਾਨ ਲਿਆਂਦੀ ਗਈ ਲੈਂਡ ਪੂਲਿੰਗ ਪਾਲਿਸੀ ਨਾਲ ਸਹਿਮਤ ਨਹੀਂ ਹਨ ਤਾਂ ਪੰਜਾਬ ਸਰਕਾਰ ਵੱਲੋਂ ਜਾਰੀ ਕੀਤਾ ਨੋਟੀਫਿਕੇਸ਼ਨ ਤੁਰੰਤ ਵਾਪਸ ਲਿਆ ਜਾਵੇ।ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਸਮੇਂ-ਸਮੇਂ ਜਾਰੀ ਕੀਤੇ ਫੁਰਮਾਨ ਕੋਈ ਧਾਰਮਿਕ ਦਸਤਾਵੇਜ਼ ਨਹੀਂ ਹੁੰਦੇ, ਜਿਨ੍ਹਾਂ ਨੂੰ ਬਦਲਿਆ ਨਾ ਜਾ ਸਕੇ, ਜਦੋਂਕਿ ਲੋਕਤੰਤਰ ਵਿੱਚ ਚੁਣੀਆਂ ਸਰਕਾਰਾਂ ਤੋਂ ਲੋਕ ਵੱਡੇ ਹੁੰਦੇ ਹਨ।ਉਨ੍ਹਾਂ ਕਿਸਾਨਾਂ ਨੂੰ ਵਿਸ਼ਵਾਸ ਦੁਆਇਆ ਕੀ ਕਿਸੇ ਵੀ ਕੀਮਤ 'ਤੇ ਸਰਕਾਰ ਨੂੰ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਜਬਰੀ ਕਬਜ਼ਾ ਕਰਨ ਨਹੀਂ ਦਿੱਤਾ ਜਾਵੇਗਾ।



ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਅੰਗਰੇਜ਼ਾਂ ਦਾ ਗੁਲਾਮ ਸੀ, ਭਾਰਤੀ ਲੋਕਾਂ ਨੇ ਵੱਡੀਆਂ ਕੁਰਬਾਨੀਆਂ ਦੇ ਕੇ ਦੇਸ਼ ਨੂੰ ਅਜ਼ਾਦ ਤਾਂ ਕਰਵਾ ਲਿਆ, ਪਰ ਅੰਗਰੇਜ਼ ਹਕੂਮਤ ਵੱਲੋਂ 1894 ਵਾਲਾ ਭੂਮੀ ਗ੍ਰਹਿਣ ਬਿਲ ਦੇ ਤਹਿਤ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀ ਕੌਡੀਆਂ ਦੇ ਭਾਅ ਕਿਸਾਨਾਂ ਦੀ ਜ਼ਮੀਨ ਪ੍ਰਾਪਰਟੀ ਡੀਲਰ ਬਣ ਕੇ 2013 ਤੱਕ ਲੁਟਦੇ ਰਹੇ, ਜਿੱਥੇ ਕਿਤੇ ਕਿਸਾਨ ਆਪਣੀ ਜ਼ਮੀਨ ਬਚਾਉਣ ਲਈ ਅੰਦੋਲਨ ਕਰਦੇ ਸਨ ਤਾਂ ਉਨ੍ਹਾਂ ਨੂੰ ਗੋਲੀਆਂ ਨਾਲ ਭੁੰਨਿਆ ਜਾਂਦਾ ਸੀ, ਜਿਸ ਤਹਿਤ ਅੰਕੜੇ ਦਸਦੇ ਹਨ ਕਿ 337 ਕਿਸਾਨਾਂ ਨੇ ਆਪਣੀ ਜੱਦੀ ਜਾਇਦਾਦ ਬਚਾਉਣ ਲਈ ਕੁਰਬਾਨੀਆਂ ਦਿੱਤੀਆਂ ਸਨ।ਉਨ੍ਹਾਂ ਹੋਰ ਦੱਸਿਆ ਕਿ ਜਦੋਂ ਗਰੀਬਾਂ ਦੀ ਨੁਮਾਇੰਦਗੀ ਕਰਨ ਵਾਲੀ ਬਹੁਜਨ ਸਮਾਜ ਪਾਰਟੀ ਦੇਸ਼ ਦੇ ਵੱਡੇ ਸੂਬੇ ਯੂ. ਪੀ. ਦੀ ਮੁੱਖ ਮੰਤਰੀ ਭੈਣ ਮਾਇਆਵਤੀ ਸੀ ਤਾਂ ਉਸ ਨੇ ਵੀ ਜ਼ਿਲ੍ਹਾ ਅਲੀਗੜ੍ਹ ਦੇ ਪਿੰਡ ਭੱਠਾ ਪਰਤੋਲ ਨਾਲ ਲਗਦੇ ਸੱਤ ਪਿੰਡਾਂ ਦੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸ਼ਾਂਤਮਈ ਅੰਦੋਲਨ ਦੌਰਾਨ 9 ਕਿਸਾਨਾਂ ਨੂੰ ਗੋਲੀਆਂ ਨਾਲ ਭੁੰਨ ਕੇ ਉਨ੍ਹਾਂ ਦੇ ਟਰੈਕਟਰ ਤੇ ਘਰ ਸਾੜ ਦਿੱਤੇ ਸਨ। ਇਸ 'ਤੇ ਕਿਸਾਨਾਂ ਵੱਲੋਂ ਜ਼ਬਰਦਸਤ ਵਿਰੋਧ ਕਾਰਨ 2013 ਵਿੱਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ 1894 ਵਾਲਾ ਭੂਮੀ ਗ੍ਰਹਿਣ ਬਿੱਲ ਖਤਮ ਕਰਕੇ ਕਿਸਾਨਾਂ ਦੇ ਕੁੱਝ ਫਾਇਦੇ ਵਾਲਾ ਬਿਲ ਲਿਆਂਦਾ ਕਿ ਕਿਸਾਨਾਂ ਦੀ ਸਹਿਮਤੀ ਤੋਂ ਬਗੈਰ ਕੋਈ ਵੀ ਰਾਜ ਸਰਕਾਰ ਜ਼ਮੀਨ ਇਕੁਆਇਰ ਨਹੀਂ ਕਰ ਸਕਦੀ।

ਇਸ ਮੌਕੇ ਕਾਂਗਰਸ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਯਾਦ ਕਰਵਾਇਆ ਕਿ ਭਾਰਤ ਦੇ ਤਾਕਤਵਰ ਪ੍ਰਧਾਨ ਮੰਤਰੀ ਜਦੋਂ 2020 ਵਿੱਚ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਾਰਪੋਰੇਟਰ ਘਰਾਣਿਆਂ ਦਾ ਕਬਜ਼ਾ ਕਰਵਾਉਣ ਲਈ ਤਿੰਨ ਕਾਲੇ ਕਾਨੂੰਨ ਲੈ ਕੇ ਆਇਆ ਸੀ ਤਾਂ ਸਾਲ ਤੋਂ ਵੱਧ ਦਿੱਲੀ ਦੇ ਵੱਖ-ਵੱਖ ਬਾਰਡਰਾਂ 'ਤੇ ਦੇਸ਼ ਵਿਆਪਕ ਕਿਸਾਨ ਅੰਦੋਲਨ 'ਤੇ ਆਖਰ ਕਾਰ ਕਾਲੇ ਕਾਨੂੰਨ ਵਾਪਸ ਲੈ ਕੇ ਕਿਸਾਨਾਂ ਤੋਂ ਮੁਆਫੀ ਮੰਗ ਕੇ ਖਹਿੜਾ ਛੁਡਾਇਆ ਸੀ।ਇਸ ਲਈ ਦੀਵਾਰ 'ਤੇ ਲਿਖਿਆ ਤੁਸੀਂ ਵੀ ਪੜ੍ਹ ਕੇ ਅੜੀਅਲ ਵਤੀਰਾ ਛੱਡ ਕੇ ਇਹ ਨੋਟੀਫਿਕੇਸ਼ਨ ਵਾਪਸ ਲਵੋ ਤਾਂ ਕਿ ਪੰਜਾਬ ਦਾ ਮਾਹੌਲ ਸ਼ਾਂਤ ਬਣਿਆ ਰਹੇ।ਉਨ੍ਹਾ ਕਿਹਾ ਕਿ ਕੇਜਰੀਵਾਲ ਦੀ ਦਿੱਲੀ ਟੀਮ ਤੇ ਮਾਫੀਆ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਲੈਂਡ ਪੂਲਿੰਗ ਰਾਹੀਂ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਇਸ ਧਰਨੇ ਨੂੰ ਸਾਬਕਾ ਮੰਤਰੀ ਵਿਜੇ ਇੰਦਰ ਸਿੰਗਲਾ, ਸਾਬਕਾ ਵਿਧਾਇਕ ਹਰਦਿਆਲ ਕੰਬੋਜ, ਮਦਨ ਲਾਲ ਜਲਾਲਪੁਰ, ਰਾਜਿੰਦਰ ਸਿੰਘ ਸਮਾਣਾ, ਸਾਧੂ ਸਿੰਘ ਧਰਮਸੋਤ, ਚੌਧਰੀ ਨਿਰਮਲ ਸਿੰਘ ਭੱਟੀਆਂ, ਮੋਹਿਤ ਮਹਿੰਦਰਾ, ਗੁਰਸ਼ਰਨ ਕੌਰ ਰੰਧਾਵਾ, ਹਰਿੰਦਰਪਾਲ ਸਿੰਘ ਹੈਰੀ ਮਾਨ, ਮਹੰਤ ਹਰਿੰਦਰ ਸਿੰਘ ਖ਼ਨੌੜਾ, ਜੌਲੀ ਜਲਾਲਪੁਰ, ਜੋਗਿੰਦਰ ਸਿੰਘ ਕਾਕੜਾ ਸਮੇਤ ਹੋਰ ਕਈ ਆਗੂਆਂ ਵੱਲੋਂ ਸੰਬੋਧਨ ਕੀਤਾ ਗਿਆ।

# ਬੱਸ ਸਟੈਂਡ ਬਚਾਓ ਮੋਰਚਾ ਵੱਲੋਂ 100ਵੇਂ ਦਿਨ ਬਾਜ਼ਾਰ ਬੰਦ ਕਰਕੇ ਪ੍ਰਸ਼ਾਸਨ ਤੇ ਸਰਕਾਰ ਵਿਰੁੱਧ ਪ੍ਰਦਰਸ਼ਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਸਥਾਨਕ ਬੱਸ ਸਟੈਂਡ ਨੂੰ ਹੀ ਬਹਾਲ ਰੱਖਣ ਲਈ ਬੱਸ ਸਟੈਂਡ ਬਚਾਓ ਸੰਘਰਸ਼ ਮੋਰਚਾ ਵੱਲੋਂ ਮਿਨੀ ਸਕੱਤਰੇਤ ਕੋਲ ਪੱਕਾ ਮੋਰਚਾ ਲਾਕੇ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।ਸ਼ੁੱਕਰਵਾਰ 100ਵੇਂ ਦਿਨ ਸੰਘਰਸ਼ੀ ਮੋਰਚਾ ਆਗੂਆਂ ਵੱਲੋਂ ਭਰਾਤਰੀ ਜਥੇਬੰਦੀਆਂ, ਵਪਾਰੀਆਂ, ਟਰਾਂਸਪੋਰਟਰਾਂ, ਵਿਦਿਆਰਥੀਆਂ, ਮੁਲਾਜ਼ਮਾਂ ਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ 100 ਦਿਨ ਪੂਰੇ ਹੋਣ 'ਤੇ ਬਾਜ਼ਾਰ ਬੰਦ ਕਰਕੇ ਪ੍ਰਦਰਸ਼ਨ ਕੀਤਾ ਗਿਆ ਅਤੇ ਸਰਕਾਰ ਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ 15 ਅਗਸਤ ਤੱਕ ਮਲੋਟ ਰੋਡ 'ਤੇ ਬੱਸ ਸਟੈਂਡ ਬਣਾਉਣ ਦੀ ਤਜਵੀਜ਼ ਨੂੰ ਰੱਦ ਕਰਕੇ ਮੌਜੂਦਾ ਬੱਸ ਸਟੈਂਡ ਨੂੰ ਹੀ ਬਹਾਲ ਰੱਖਣ ਦਾ ਐਲਾਨ ਨਾ ਕੀਤਾ ਤਾਂ ਫਿਰ ਉਸ ਦਿਨ ਆਜ਼ਾਦੀ ਦਿਹਾੜੇ ਵਾਲੇ ਦਿਨ ਸੰਘਰਸ਼ੀ ਲੋਕ ਤਿੱਖੇ ਸੰਘਰਸ਼ ਲਈ ਮਜਬੂਰ ਹੋਣਗੇ, ਜਿਸ ਲਈ ਜ਼ਿਲ੍ਹਾ ਪ੍ਰਸ਼ਾਸਨ ਤੇ ਸਰਕਾਰ ਜ਼ਿੰਮੇਵਾਰ ਹੋਵੇਗੀ।

ਇਕੱਠ ਨੂੰ ਸੰਬੋਧਨ ਕਰਦੇ ਹੋਏ ਬਲਤੇਜ ਸਿੰਘ ਵਾਂਦਰ, ਹਰਵਿੰਦਰ ਸਿੰਘ ਹੈਪੀ, ਕੌਂਸਲਰ ਸੰਦੀਪ ਕੁਮਾਰ ਬੌਬੀ, ਕਾਂਗਰਸੀ ਆਗੂ ਅਰਸ਼ਦੀਪ ਸਿੰਘ ਸਿੱਧੂ, ਕਿਸਾਨ ਆਗੂ ਬਲਦੇਵ ਸਿੰਘ ਸੰਦੋਹਾ, ਕਿਸਾਨ ਆਗੂ ਡਾਕਟਰ ਜਗਤਾਰ ਸਿੰਘ ਗਿੱਲ ਆਦਿ ਨੇ ਕਿਹਾ ਕਿ ਮੌਜੂਦਾ ਬੱਸ ਸਟੈਂਡ ਸਮੁੱਚੇ ਵਰਗ ਦੀ ਪਹੁੰਚ ਅਧੀਨ ਹੈ ਤੇ ਜੇਕਰ ਇਹ ਬੱਸ ਸਟੈਂਡ ਮਲੋਟ ਰੋਡ 'ਤੇ ਬਣਦਾ ਹੈ ਤਾਂ ਇਸ ਨਾਲ ਆਮ ਲੋਕਾਂ ਦੀ ਖੱਜਲ ਖੁਆਰੀ ਹੋਵੇਗੀ ਅਤੇ ਟ੍ਰੈਫਿਕ ਸਿਸਟਮ ਵੀ ਲੜਖੜਾਏਗਾ, ਜਿਸ ਕਰਕੇ ਉਹ ਮੰਗ ਕਰਦੇ ਹਨ ਕਿ ਮੌਜੂਦਾ ਬੱਸ ਸਟੈਂਡ ਨੂੰ ਹੀ ਬਹਾਲ ਰੱਖਿਆ ਜਾਵੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜੋ ਵਿਧਾਨ ਸਭਾ ਚੋਣਾਂ ਵੇਲੇ ਲੋਕਾਂ ਦੀ ਸਰਕਾਰ ਹੋਣ ਦੇ ਦਾਅਵੇ ਭਰਦੇ ਸਨ, ਅੱਜ ਉਨ੍ਹਾਂ ਲੋਕਾਂ ਨੂੰ ਹੀ ਖੱਜਲ ਖੁਆਰ ਕਰਨ 'ਤੇ ਤੁਲੇ ਹੋਏ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਆਪਣੇ ਵਾਅਦਿਆਂ 'ਤੇ ਪੱਕੇ ਉਤਰਣ ਅਤੇ ਲੋਕ ਰਾਏ ਨਾਲ ਹੀ ਬੱਸ ਸਟੈਂਡ ਦਾ ਫੈਸਲਾ ਕੀਤਾ ਜਾਵੇ।

ਉਨ੍ਹਾਂ ਇਹ ਵੀ ਦੋਸ਼ ਲਾਏ ਕਿ ਡਿਪਟੀ ਕਮਿਸ਼ਨਰ ਵੱਲੋਂ ਮੌਜੂਦਾ ਬੱਸ ਸਟੈਂਡ ਨੂੰ ਬਦਲਣ ਦੀ ਤਜਵੀਜ਼ ਵੀ ਲਾਗੂ ਕੀਤੀ ਜਾ ਰਹੀ ਹੈ, ਜਿਸ ਤੋਂ ਪ੍ਰਸ਼ਾਸਨ ਦੀ ਦੋਗਲੀ ਰਣਨੀਤੀ ਸਾਹਮਣੇ ਆਉਂਦੀ ਹੈ।ਉਨ੍ਹਾਂ ਕਿਹਾ ਕਿ ਜੇਕਰ 15 ਅਗਸਤ ਤੱਕ ਕੋਈ ਸੁਣਵਾਈ ਨਾ ਹੋਈ ਤਾਂ ਫਿਰ ਤਿੱਖਾ ਐਕਸ਼ਨ ਕੀਤਾ ਜਾਵੇਗਾ, ਜਿਸ ਲਈ ਖੁਦ ਸਰਕਾਰ ਜ਼ਿੰਮੇਵਾਰ ਹੋਵੇਗੀ।ਇਸ ਮੌਕੇ ਬੱਸ ਸਟੈਂਡ ਬਚਾਓ ਸੰਘਰਸ਼ ਮੋਰਚਾ ਦੇ ਆਗੂਆਂ ਵੱਲੋਂ ਜਨਤਕ ਜਥੇਬੰਦੀਆਂ ਤੇ ਸਹਿਯੋਗ ਨਾਲ ਮਿਨੀ ਸਕੱਤਰੇਤ ਤੋਂ ਲੈ ਕੇ ਫਾਇਰ ਬ੍ਰਿਗੇਡ ਚੌਂਕ ਤੱਕ ਰੋਸ ਮਾਰਚ ਵੀ ਕੀਤਾ ਗਿਆ।

**5 ਅਗਸਤ ਨੂੰ ਤਿੱਖੇ ਐਕਸ਼ਨ ਦਾ ਐਲਾਨ**




## ਕਾਤਰਾਂ

### ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਚੋਰੀਸ਼ੁਦਾ ਮੋਟਰਸਾਈਕਲ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਨੂੰ ਮੁਖਬਰੀ ਮਿਲੀ ਸੀ ਕਿ ਸ਼ਿਵ ਕੁਮਾਰ ਉਰਫ ਸ਼ਿਵਾ ਵਾਸੀ ਪਿੰਡ ਲਾਡਪੁਰ ਚੋਰੀਆਂ ਕਰਨ ਦਾ ਆਦੀ ਹੈ, ਜੋ ਕਿ ਇਸ ਸਮੇਂ ਚੋਰੀ ਦਾ ਬਿਨਾਂ ਨੰਬਰੀ ਬਜਾਜ ਸੀਟੀ 100 ਮੋਟਰਸਾਈਕਲ ਲੈ ਕੇ ਅਮਲੋਹ ਵੱਲੋਂ ਆ ਰਿਹਾ ਹੈ।ਮਿਲੀ ਸੂਚਨਾ ਦੇ ਆਧਾਰ 'ਤੇ ਕੀਤੀ ਗਈ ਨਾਕਾਬੰਦੀ ਦੌਰਾਨ ਸਹਾਇਕ ਥਾਣੇਦਾਰ ਤਿਲਕ ਰਾਜ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਸ਼ਿਵ ਕੁਮਾਰ ਉਰਫ ਸ਼ਿਵਾ ਨੂੰ ਬਿਨਾਂ ਨੰਬਰੀ ਬਜਾਜ ਸੀਟੀ 100 ਮੋਟਰਸਾਈਕਲ ਸਮੇਤ ਕਾਬੂ ਕਰਦੇ ਹੋਏ ਅ/ਧ 303(2),317(2) ਤਹਿਤ ਗ੍ਰਿਫਤਾਰ ਕਰ ਲਿਆ ਗਿਆ।

### ਕਾ: ਸੁਰਜੀਤ ਸੋਹੀ ਨੂੰ ਸਦਮਾ, ਨੌਜਵਾਨ ਪੁੱਤਰ ਦੀ ਮੌਤ



ਬਠਿੰਡਾ (ਬਖਤੌਰ ਢਿੱਲੋਂ)-ਸੀ ਪੀ ਆਈ ਦੇ ਆਗੂ ਕਾ: ਸੁਰਜੀਤ ਸਿੰਘ ਸੋਹੀ ਸੀਨੀਅਰ ਐਡਵੋਕੇਟ ਨੂੰ ਉਦੋਂ ਭਾਰੀ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਹੋਣਹਾਰ ਸਪੁੱਤਰ ਨਿਰਮਲ ਸਿੰਘ ਸੋਹੀ ਦੀ ਅਚਾਨਕ ਸੰਖੇਪ ਜਿਹੀ ਬੀਮਾਰੀ ਕਾਰਨ ਮੌਤ ਹੋ ਗਈ। ਉਹ ਆਪਣੇ ਪਿੱਛੇ ਪਤਨੀ ਅਤੇ ਨਬਾਲਗ ਪੁੱਤਰ ਤੇ ਪੁੱਤਰੀ ਛੱਡ ਗਏ ਹਨ। ਉਹ ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਜਨਰਲ ਸਕੱਤਰ ਸ੍ਰੀ ਰਣਜੀਤ ਗੌਰਵ ਦੇ ਨਜ਼ਦੀਕੀ ਰਿਸ਼ਤੇਦਾਰ ਸਨ। ਸੋਹੀ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਕਾ: ਹਰਦੇਵ ਅਰਸ਼ੀ ਸਾਬਕਾ ਵਿਧਾਇਕ, ਸ੍ਰੀ ਜਗਰੂਪ ਸਿੰਘ ਗਿੱਲ ਵਿਧਾਇਕ ਬਠਿੰਡਾ ਸ਼ਹਿਰੀ, ਸ੍ਰੀ ਬਲਕਾਰ ਸਿੰਘ ਸਾਬਕਾ ਵਿਧਾਇਕ ਕਾਲਿਆਂਵਾਲੀ, ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਸ੍ਰੀ ਜਤਿੰਦਰ ਰਾਏ ਖੱਟਰ ਉਨ੍ਹਾਂ ਦੇ ਘਰ ਪਹੁੰਚੇ ਤੇ ਦੁੱਖ ਸਾਂਝਾ ਕੀਤਾ। ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਪ੍ਰਧਾਨ ਜਸਪਾਲ ਮਾਨਖੇੜਾ, ਗੁਰਦੇਵ ਖੋਖਰ, ਦਮਜੀਤ ਦਰਸ਼ਨ, ਬਲਵਿੰਦਰ ਭੁੱਲਰ, ਜਰਨੈਲ ਭਾਈਰੂਪਾ, ਕਹਾਣੀਕਾਰ ਅਤਰਜੀਤ, ਕਾ: ਜਗਜੀਤ ਸਿੰਘ ਜੋਗਾ, ਕਾ: ਬਲਕਰਨ ਸਿੰਘ, ਕਾ: ਬਲਕਾਰ ਸਿੰਘ ਸੀਟੂ ਆਗੂ, ਕਾ: ਹਰਮਿੰਦਰ ਸਿੰਘ ਢਿੱਲੋਂ ਨੇ ਵੀ ਸ੍ਰੀ ਨਿਰਮਲ ਸੋਹੀ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

### ਪੀ ਐੱਸ ਯੂ ਵੱਲੋਂ ਪੀ ਟੀ ਏ ਫੰਡ ਦੀ ਮੁਆਫੀ ਲਈ ਧਰਨਾ ਜਾਰੀ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਪੀ ਟੀ ਏ ਫੰਡ ਮੁਆਫ ਕਰਵਾਉਣ ਲਈ ਚੱਲ ਰਿਹਾ ਲੜੀਵਾਰ ਧਰਨਾ ਪੰਜਵੇਂ ਦਿਨ ਵੀ ਧਰਨਾ ਜਾਰੀ ਰਿਹਾ।ਕਾਲਜ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਦੀ ਗੱਲਬਾਤ ਨਾ ਸੁਣਨ ਕਾਰਨ ਜ਼ਿਲ੍ਹਾ ਪ੍ਰਸਾਸ਼ਨ ਤੱਕ ਪਹੁੰਚ ਕੀਤੀ ਜਾਵੇਗੀ।ਜਥੇਬੰਦੀ ਦੀ ਜ਼ਿਲ੍ਹਾ ਕਨਵੀਨਰ ਅਰਵਿੰਦਰ ਕੌਰ ਨੇ ਕਿਹਾ ਕਿ ਅੱਜ ਪੰਜਵੇਂ ਦਿਨ ਵੀ ਪੀ ਟੀ ਏ ਫੰਡ ਮੁਆਫ ਕਰਵਾਉਣ ਲਈ ਵਿਦਿਆਰਥੀ ਪ੍ਰਿੰਸੀਪਲ ਦਫਤਰ ਅੱਗੇ ਧਰਨਾ ਲਗਾਈ ਬੈਠੇ ਰਹੇ, ਪ੍ਰੰਤੂ ਕਾਲਜ ਪ੍ਰਸ਼ਾਸਨ ਨੇ ਵਿਦਿਆਰਥੀ ਦੀ ਕੋਈ ਗੱਲ ਨਹੀਂ ਸੁਣੀ।ਵਿਦਿਆਰਥੀਆਂ ਨੇ ਮੀਟਿੰਗ ਉਪਰੰਤ ਐਲਾਨ ਕੀਤਾ ਕਿ ਸੰਘਰਸ਼ ਨੂੰ ਤਿੱਖਾ ਕਰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਤੱਕ ਪਹੁੰਚ ਕੀਤੀ ਜਾਵੇਗੀ।ਇਸ ਸਮੇਂ ਇਕਾਈ ਆਗੂ ਦਲਜੀਤ ਕੌਰ, ਪ੍ਰਦੀਪ ਕੌਰ, ਸੁਖਜੀਤ ਕੌਰ, ਅਰਸ, ਕਿਰਨ, ਸੁੱਖ ਬੁਰਜ, ਸਾਹਿਲਦੀਪ ਸਿੰਘ, ਲਖਵਿੰਦਰ ਸਿੰਘ, ਕਮਲਜੀਤ ਆਦਿ ਧਰਨੇ 'ਚ ਹਾਜ਼ਰ ਸਨ।

# ਸ਼ਹੀਦ ਊਧਮ ਸਿੰਘ ਦੇ ਜੀਵਨ ਤੋਂ ਅੱਜ ਦੀ ਜਵਾਨੀ ਨੂੰ ਪ੍ਰੇਰਨਾ ਲੈਣ ਦੀ ਲੋੜ : ਕਰਮਵੀਰ ਬੱਧਨੀ

**ਸੰਗਰੂਰ (ਪ੍ਰਵੀਨ ਸਿੰਘ)**-ਸਰਬ ਭਾਰਤ ਨੌਜਵਾਨ ਸਭਾ (ਏ ਆਈ ਵਾਈ ਐੱਫ) ਜ਼ਿਲ੍ਹਾ ਸੰਗਰੂਰ ਵੱਲੋਂ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ 'ਤੇ ਇੱਕ ਜ਼ਿਲ੍ਹਾ ਪੱਧਰੀ ਸੈਮੀਨਾਰ ਸਥਾਨਕ ਸੁਤੰਤਰ ਭਵਨ ਸੰਗਰੂਰ ਵਿਖੇ ਕਰਵਾਇਆ ਗਿਆ। ਇਸ ਸੈਮੀਨਾਰ ਦੀ ਪ੍ਰਧਾਨਗੀ ਕੁਲਦੀਪ ਸਿੰਘ ਘੋੜੇਨਬ ਜ਼ਿਲ੍ਹਾ ਪ੍ਰਧਾਨ, ਨਰੇਸ਼ ਕੁਮਾਰ, ਹਰਿੰਦਰ ਸਿੰਘ ਨੇ ਕੀਤੀ।ਸੈਮੀਨਾਰ ਨੂੰ ਸੰਬੋਧਨ ਸੰਬੋਧਨ ਕਰਨ ਲਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਕਰਮਵੀਰ ਬੱਧਨੀ ਉਚੇਚੇ ਤੌਰ 'ਤੇ ਹਾਜ਼ਰ ਹੋਏ।ਇਸ ਸਮੇਂ ਹਾਜ਼ਰ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਨੇ ਕਿਹਾ ਕਿ 21 ਸਾਲ ਊਧਮ ਸਿੰਘ ਨੇ ਮਨ ਵਿੱਚ ਕੇਵਲ ਬਦਲੇ ਦੀ ਭਾਵਨਾ ਬਲਦੀ ਰੱਖਣ ਵਿੱਚ ਨਹੀਂ ਲਗਾਇਆ, ਬਲਕਿ ਉਨ੍ਹਾਂ ਦੇਸ਼/ਪੰਜਾਬ ਦੀਆਂ ਸਮਾਜਿਕ/ਆਰਥਿਕ ਤੇ ਰਾਜਨੀਤਕ ਪ੍ਰਸਥਿਤੀਆਂ ਨੂੰ ਚੰਗੀ ਤਰ੍ਹਾਂ ਸਮਝਣ ਦਾ ਕੰਮ ਕੀਤਾ।ਉਹ ਕੇਵਲ ਭਾਵਨਾਤਮਕਤਾ ਦੇ ਵਹਿਣ 'ਚ ਨਹੀਂ ਵਹਿੰਦਾ, ਬਲਕਿ ਉਹ ਗਦਰੀ ਬਾਬਿਆਂ ਨੂੰ ਪੜ੍ਹਦਾ, ਕਰਤਾਰ ਸਿੰਘ ਸਰਾਭੇ ਦਾ ਛੋਟੀ ਉਮਰ ਵਿੱਚ ਦੇਸ਼ ਲਈ ਸ਼ਹੀਦ ਹੋਣਾ ਉਸ ਨੂੰ ਪ੍ਰਭਾਵਿਤ ਕਰਦਾ, ਭਗਤ ਸਿੰਘ ਨੂੰ ਆਪਣਾ ਰਾਜਸੀ ਗੁਰੂ ਮਨ ਉਸ ਦੀ ਫੋਟੋ ਆਪਣੀ ਜੇਬ ਵਿੱਚ ਰੱਖਦਾ ਤੇ ਉਨ੍ਹਾਂ ਦੀਆਂ ਦੇਸ਼ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਵਾਉਣ ਦੀਆਂ ਗਤੀਵਿਧੀਆਂ ਉਸ ਨੂੰ ਟੁੰਬਦੀਆਂ।ਉਹ ਆਪ ਇਸ ਸਮਝ ਦਾ ਧਾਰਨੀ ਬਣਦਾ ਕਿ ਕੇਵਲ ਅੰਗਰੇਜ਼ਾਂ ਨੂੰ ਦੇਸ਼ 'ਚੋਂ ਬਾਹਰ ਕੱਢਣਾ ਗੁਲਾਮੀ ਤੋਂ ਆਜ਼ਾਦੀ ਨਹੀਂ, ਬਲਕਿ ਅਸਲ ਆਜ਼ਾਦੀ ਲਈ ਸਰਮਾਏਦਾਰੀ ਪ੍ਰਬੰਧ ਦਾ ਪੂਰੀ ਤਰ੍ਹਾਂ ਖਾਤਮਾ ਕਰਨਾ ਹੋਵੇਗਾ।ਸ਼ਹੀਦ ਊਧਮ ਸਿੰਘ ਦੁਨੀਆ ਦੇ ਵੱਖ ਵੱਖ ਮੁਲਕਾਂ ਵਿੱਚ ਗਿਆ, ਉਨ੍ਹਾਂ ਮੁਲਕਾਂ ਦੀ ਆਰਥਿਕਤਾ ਲੋਕਾਂ ਦੀ ਸਥਿਤੀ ਨੂੰ ਭਾਪਦਾ, ਇਨ੍ਹਾਂ ਮੁਲਕਾਂ ਦਾ ਸਾਹਿਤ, ਜਿਸ 'ਚ ਰਾਸ਼ੀਆਂ ਦਾ ਸਾਹਿਤ ਵੀ ਸ਼ਾਮਲ ਹੈ, ਨੂੰ ਪੜ੍ਹਦਾ ਤੇ ਫੈਸਲਾ ਕਰਦਾ ਕਿ ਉਹ ਵੀ ਆਪਣੇ ਮੁਲਕ ਨੂੰ ਅਸਲ ਆਜ਼ਾਦੀ ਦਿਵਾਉਣ ਲਈ ਯੋਗਦਾਨ ਪਾਵੇਗਾ।ਇਹੀ ਉਹ ਰਾਸਤਾ ਹੈ, ਜਿਹੜਾ ਅੱਜ ਦੀ ਜਵਾਨੀ ਨੂੰ ਦੱਸਦਾ ਕਿ ਸਰਮਾਏਦਾਰੀ ਦੇ ਦੌਰ ਵਿੱਚ ਜਦੋਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਇੰਨੀ ਜ਼ਿਆਦਾ ਵਧ ਚੁੱਕੀ ਹੈ ਕਿ ਦੋ ਵੇਲੇ ਦੀ ਰੋਟੀ ਦਾ ਜੁਗਾੜ ਕਰਨਾ ਵੀ ਮੁਸ਼ਕਲ ਹੋਇਆ ਪਿਆ ਹੈ, ਉਸ ਸਮੇਂ ਸਾਨੂੰ ਆਪਣੇ ਸ਼ਹੀਦਾਂ ਦੀਆਂ ਜੀਵਨੀਆਂ ਤੋਂ ਪ੍ਰੇਰਨਾ ਲੈ ਕੇ ਕੰਮ ਕਰਨਾ ਚਾਹੀਦਾ ਹੈ। ਇਸ ਸਮੇਂ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾਈ ਮੀਤ ਸਕੱਤਰ ਨਵਜੀਤ ਸਿੰਘ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਜਦੋਂ ਦੇਸ਼ ਦੀ 40 ਕਰੋੜ ਤੋਂ ਉੱਪਰ ਜਵਾਨੀ ਬੇਰੁਜ਼ਗਾਰੀ ਦਾ ਸੰਤਾਪ ਹੰਢਾਅ ਰਹੀ ਹੈ, ਉਸ ਸਮੇਂ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਜਥੇਬੰਦੀ ਨੂੰ ਮਜ਼ਬੂਤ ਕਰਦਿਆਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ), ਜੋ ਹਰ ਇੱਕ ਨੂੰ ਉਸ ਦੀ ਯੋਗਤਾ ਅਨੁਸਾਰ ਰੁਜ਼ਗਾਰ ਦੀ ਗਰੰਟੀ ਕਰੇਗਾ ਦੀ ਪ੍ਰਾਪਤੀ ਲਈ ਲਾਮਬੰਦ ਹੋਈਏ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਤਹਿਤ ਅਣਸਿੱਖਿਅਤ ਨੂੰ 35000, ਅਰਧ ਸਿੱਖਿਅਤ ਨੂੰ 40,000, ਸਿੱਖਿਅਤ ਨੂੰ 45 ਹਜ਼ਾਰ ਰੁਪਏ ਤੇ ਉੱਚ ਸਿੱਖਿਅਤ ਨੂੰ 40 ਹਜ਼ਾਰ ਰੁਪਏ ਪ੍ਰਤੀ ਮਹੀਨਾ ਕੰਮ ਨਾ ਮਿਲਣ ਦੀ ਸੂਰਤ ਵਿੱਚ ਉਪਰੋਕਤ ਦਾ ਅੱਧ ਕੰਮ ਇੰਤਜ਼ਾਰ ਭੱਤਾ ਦਿੱਤਾ ਜਾਵੇ, ਕੰਮ ਦਿਹਾੜੀ ਸਮਾਂ 6 ਘੰਟੇ ਕਰਵਾਉਣ ਲਈ ਸੰਘਰਸ਼ ਤੇਜ਼ ਕਰੀਏ। ਕੁਲਦੀਪ ਸਿੰਘ ਘੋੜੇਨਬ ਨੇ ਕਿਹਾ ਕਿ ਬਨੇਗਾ ਨਾਲ ਸਮਾਜ ਵਿੱਚ ਫੈਲੀਆਂ ਹਰ ਤਰ੍ਹਾਂ ਦੀਆਂ ਕੁਰੀਤੀਆਂ ਨੂੰ ਖਤਮ ਕੀਤਾ ਜਾ ਸਕਦਾ ਹੈ।





ਇਸ ਸਮੇਂ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਆਗੂ ਸੁਖਦੇਵ ਸ਼ਰਮਾ ਨੇ ਨੌਜਵਾਨਾਂ ਨੂੰ ਸੰਬੋਧਨ ਹੁੰਦਿਆਂ ਵਿਸ਼ਵਾਸ ਦਿਵਾਇਆ ਕਿ ਜਿੱਥੇ ਉਨ੍ਹਾਂ ਦੇ ਸਾਥ ਦੀ ਜ਼ਰੂਰਤ ਪਵੇਗੀ, ਉਹ ਤਨਦੇਹੀ ਦੇ ਨਾਲ ਉਨ੍ਹਾਂ ਦਾ ਸਾਥ ਦੇਣਗੇ। ਉਨ੍ਹਾਂ ਨੌਜਵਾਨਾਂ ਨੂੰ ਅੱਗੇ ਵਧ ਕੇ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਆ। ਉਪਰੋਕਤ ਆਗੂਆਂ ਤੋਂ ਇਲਾਵਾ ਹਰਿੰਦਰ ਸਿੰਘ, ਜੀਵਨ ਸਿੰਘ, ਸੁਰੇਸ਼ ਕੁਮਾਰ, ਦਿਨੇਸ਼ ਕੁਮਾਰ, ਬਚਨ ਸਿੰਘ, ਨਰਾਇਣ ਮੰਡਲ ਸੇਵਕ ਕਰਮਜੀਤ ਸਿੰਘ ਜੈਮਸ ਨੇ ਸੰਬੋਧਨ ਕੀਤਾ। ਅੰਤ ਵਿੱਚ ਸਰਬ ਭਾਰਤ ਨੌਜਵਾਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਨਰੇਸ਼ ਕੁਮਾਰ ਨੇ ਸਭ ਸਾਥੀਆਂ ਦਾ ਧੰਨਵਾਦ ਕੀਤਾ ਤੇ ਜਥੇਬੰਦੀ ਨੂੰ ਮਜ਼ਬੂਤ ਕਰਨ ਦਾ ਭਰੋਸਾ ਦਿੱਤਾ ਤੇ ਸੰਘਰਸ਼ ਤੇਜ਼ ਕਰਨ ਸੱਦਾ ਵੀ ਦਿੱਤਾ।

# ਫਿਰੋਜ਼ਪੁਰ 'ਚ ਦਿਨ-ਦਿਹਾੜੇ ਚੱਲੀਆਂ ਗੋਲੀਆਂ, ਸਮਾਜ ਸੇਵੀ ਰਾਹੁਲ ਕੱਕੜ ਗੰਭੀਰ ਜ਼ਖ਼ਮੀ

**ਲੋਕਾਂ 'ਚ ਫੈਲਿਆ ਡਰ, ਪੁਲਸ ਨੇ ਦਿੱਤਾ ਕਾਰਵਾਈ ਦਾ ਭਰੋਸਾ**

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਫਿਰੋਜ਼ਪੁਰ ਸ਼ਹਿਰ 'ਚ ਇੱਕ ਹੈਰਾਨੀਜਨਕ ਘਟਨਾ ਵਿੱਚ ਪ੍ਰਸਿੱਧ ਸਮਾਜ ਸੇਵੀ ਤੇ ਇਮੀਗ੍ਰੇਸ਼ਨ ਕੰਪਨੀ ਡਬਲਯੂ ਏ ਆਈ ਸੀ ਦੇ ਮਾਲਕ ਰਾਹੁਲ ਕੱਕੜ 'ਤੇ ਦਿਨ-ਦਿਹਾੜੇ ਜਾਨਲੇਵਾ ਹਮਲਾ ਹੋਇਆ। ਇਸ ਘਟਨਾ ਨੇ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ ਤੇ ਲੋਕਾਂ ਨੂੰ ਸੁਰੱਖਿਆ ਪ੍ਰਤੀ ਚਿੰਤਤ ਕਰ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਰਾਹੁਲ ਕੱਕੜ ਆਪਣੀ ਐਕਟੀਵਾ 'ਤੇ ਸਵਾਰ ਹੋ ਕੇ ਮਾਤਾ ਚਿੰਤਪੁਰਨੀ ਦੇ ਦਰਸ਼ਨ ਕਰਕੇ ਆਪਣੇ ਘਰ ਪਰਤ ਰਹੇ ਸਨ। ਰਸਤੇ ਵਿੱਚ ਕੁਝ ਅਣਪਛਾਤੇ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਅਚਾਨਕ ਹੋਏ ਹਮਲੇ ਵਿੱਚ ਇਕ ਗੋਲੀ ਰਾਹੁਲ ਕੱਕੜ ਦੀ ਖੱਬੀ ਬਾਂਹ ਵਿੱਚ ਲੱਗੀ, ਜਿਸ ਕਾਰਨ ਉਹ ਜ਼ਖ਼ਮੀ ਹੋ ਗਏ। ਹਮਲੇ ਤੋਂ ਬਾਅਦ ਰਾਹੁਲ ਕੱਕੜ ਨੂੰ ਤੁਰੰਤ ਫਿਰੋਜ਼ਪੁਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਹਸਪਤਾਲ ਦੇ ਡਾਕਟਰਾਂ ਨੇ ਦੱਸਿਆ ਕਿ ਉਨ੍ਹਾਂ ਦੀ ਹਾਲਤ ਹੁਣ ਸਥਿਰ ਹੈ ਅਤੇ ਉਹ ਖ਼ਤਰੇ ਤੋਂ ਬਾਹਰ ਹਨ। ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਫਿਰੋਜ਼ਪੁਰ ਦੇ ਐੱਸ ਐੱਸ ਪੀ ਸਮੇਤ ਪੁਲਸ ਦੇ ਉੱਚ ਅਧਿਕਾਰੀ ਤੁਰੰਤ ਮੌਕੇ 'ਤੇ ਪਹੁੰਚੇ ਤੇ ਸਥਿਤੀ ਦਾ ਜਾਇਜ਼ਾ ਲਿਆ।




ਮੀਡੀਆ ਨਾਲ ਗੱਲਬਾਤ ਕਰਦਿਆਂ ਐੱਸ ਐੱਸ ਪੀ ਨੇ ਭਰੋਸਾ ਦਿੱਤਾ ਕਿ ਪੁਲਸ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੀ ਹੈ ਤੇ ਹਮਲਾਵਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਘਟਨਾ ਨੇ ਸ਼ਹਿਰ ਦੇ ਅਮਨ-ਕਾਨੂੰਨ ਦੀ ਸਥਿਤੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਫਿਰੋਜ਼ਪੁਰ ਵਿੱਚ ਅਜਿਹੇ ਦਿਨ-ਦਿਹਾੜੇ ਹੋ ਰਹੇ ਅਪਰਾਧਾਂ ਨੇ ਲੋਕਾਂ ਦੇ ਮਨਾਂ ਵਿਚ ਡਰ ਤੇ ਬੇਭਰੋਸਗੀ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਸ਼ਹਿਰ ਦੇ ਵਪਾਰੀ ਵਰਗ ਤੇ ਆਮ ਜਨਤਾ ਨੇ ਪੁਲਸ ਪ੍ਰਸ਼ਾਸਨ ਤੋਂ ਇਸ ਮਾਮਲੇ ਵਿੱਚ ਤੁਰੰਤ ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ, ਤਾਂ ਜੋ ਸ਼ਹਿਰ ਵਿੱਚ ਕਾਨੂੰਨ ਵਿਵਸਥਾ ਨੂੰ ਬਹਾਲ ਕੀਤਾ ਜਾ ਸਕੇ ਤੇ ਲੋਕ ਬਿਨਾਂ ਕਿਸੇ ਡਰ ਦੇ ਆਪਣੀ ਜ਼ਿੰਦਗੀ ਜੀ ਸਕਣ। ਪੁਲਸ ਵੱਲੋਂ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਆਸ ਹੈ ਕਿ ਜਲਦ ਹੀ ਦੋਸ਼ੀ ਪੁਲਸ ਦੀ ਗ੍ਰਿਫ਼ਤ ਵਿੱਚ ਹੋਣਗੇ।

# ਹਰਰਾਏਪੁਰ 'ਚ ਚਿੱਟੇ ਦੀ ਓਵਰਡੋਜ਼ ਨਾਲ ਇੱਕ ਹੋਰ ਮੌਤ

## ਨਸ਼ੇ ਨਾਲ ਪਿੰਡ 'ਚ ਹੁਣ ਤੱਕ ਹੋ ਚੁੱਕੀਆਂ ਨੇ 12 ਮੌਤਾਂ, ਕੌਣ ਹੈ ਜ਼ਿੰਮੇਵਾਰ ?

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਮੁੱਖ ਮੰਤਰੀ ਭਗਵੰਤ ਮਾਨ ਤੇ ਡੀਜੀਪੀ ਪੰਜਾਬ ਗੌਰਵ ਯਾਦਵ ਵੱਲੋਂ ਨਸ਼ਾ ਮੁਕਤ ਪੰਜਾਬ ਬਣਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ੇ ਖਤਮ ਕਰਨ ਦੇ ਦਾਅਵੇ ਵੀ ਕੀਤੇ ਜਾ ਰਹੇ ਹਨ, ਪਰ ਬਠਿੰਡਾ ਦੇ ਪਿੰਡ ਹਰਰਾਏਪੁਰ ਵਿੱਚ ਸ਼ੁੱਕਰੀਵਾਰ ਸਵੇਰੇ ਸਵੇਰੇ ਹੀ ਸਰਕਾਰ ਦੇ ਦਾਅਵਿਆਂ ਦੀ ਮੂੰਹ ਚੜਾਉਂਦੀ ਇੱਕ ਹੈਰਾਨੀਜਨਕ ਤਸਵੀਰ ਵਾਇਰਲ ਹੋਈ ਹੈ, ਜਿਸ ਵਿੱਚ ਇੱਕ ਨੌਜਵਾਨ ਮੋਟਰਸਾਈਕਲ ਕੋਲ ਨਸ਼ੇ ਦਾ ਟੀਕਾ ਲਾਉਂਦਿਆਂ, ਉੱਥੇ ਹੀ ਢਹਿ-ਢੇਰੀ ਹੋ ਗਿਆ।ਪਿੰਡ ਦੇ ਮੋਹਤਵਾਰ ਵਿਅਕਤੀ ਸੁਖਜਿੰਦਰ ਸਿੰਘ ਨੇ ਪੋਸਟ ਪਾ ਕੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਕਤ ਵਿਅਕਤੀ ਦਾ ਨਾਮ ਆਕਾਸ਼ਦੀਪ ਸਿੰਘ ਪਿੰਡ ਹਰਰਾਏਪੁਰ ਜ਼ਿਲ੍ਹਾ ਬਠਿੰਡਾ ਉਮਰ 23 ਸਾਲ ਹੈ, ਜਿਸ ਦੇ ਪਿਤਾ ਦਾ ਨਾਮ ਜਗਰੂਪ ਸਿੰਘ ਹੈ ਤੇ ਮੌਤ ਦਾ ਕਾਰਨ ਚਿੱਟੇ ਦੀ ਓਵਰਡੋਜ਼ ਹੈ।ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਵੀ ਪੱਤਰ ਦੇਕੇ ਦੱਸਿਆ ਜਾ ਚੁੱਕਿਆ ਹੈ ਕਿ ਪਿੰਡ ਵਿੱਚ ਨਸ਼ੇ ਦੀ ਸਪਲਾਈ ਜ਼ੋਰਾਂ 'ਤੇ ਹੈ, ਪਰ ਕਿਸੇ ਪ੍ਰਸ਼ਾਸਨਕ ਅਧਿਕਾਰੀ ਨੇ ਧਿਆਨ ਨਹੀਂ ਦਿੱਤਾ।ਉਨ੍ਹਾਂ ਦੱਸਿਆ ਕਿ ਇਸ ਪਿੰਡ ਵਿੱਚ ਹੁਣ ਤੱਕ ਚਿੱਟੇ ਦੇ ਨਸ਼ੇ ਦੀ ਓਵਰਡੋਜ਼ ਨਾਲ 12 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ, ਪਰ ਕਿਸੇ ਦਾ ਕੋਈ ਧਿਆਨ ਨਹੀਂ, ਆਖਰ ਇਹਨਾਂ ਮੌਤਾਂ ਲਈ ਕੌਣ ਜ਼ਿੰਮੇਵਾਰ ਹੈ? ਉਕਤ ਵਿਅਕਤੀ, ਜਿਸ ਦੀ ਮੌਤ ਹੋਈ ਹੈ, ਉਹ ਪਾਰਕ ਵਿੱਚ ਮੋਟਰਸਾਈਕਲ ਲਾ ਕੇ ਕੋਲ ਹੀ ਢਹਿ ਢੇਰੀ ਹੋਇਆ ਪਿਆ ਹੈ, ਜਿਸ ਦੀ ਵੀਡੀਓ ਵੀ ਵਾਇਰਲ ਹੋਈ ਹੈ, ਜਿਸਨੇ ਪੰਜਾਬ ਦੇ ਮੌਜੂਦਾ ਹਾਲਾਤ ਦੀ ਤਸਵੀਰ ਨੂੰ ਵੀ ਸਾਹਮਣੇ ਲਿਆ ਦਿੱਤਾ ਹੈ ਤੇ ਮਾਪਿਆਂ ਦੀ ਚਿੰਤਾ ਵੀ ਵਧਾ ਦਿੱਤੀ ਹੈ।ਹੁਣ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਆਖਰ ਨਸ਼ਾ ਖਤਮ ਹੋ ਗਿਆ ਹੈ ਜਾਂ ਫਿਰ ਪੰਜਾਬ ਸਰਕਾਰ ਦੀ ਮੁਹਿੰਮ ਗੁਮਰਾਹਕੁਨ ਪ੍ਰਚਾਰ ਹੈ?



### ਕੀ ਕਹਿਣਾ ਹੈ ਐੱਸ ਪੀ ਸਿਟੀ ਦਾ..!

ਇਸ ਮਾਮਲੇ ਸਬੰਧੀ ਐੱਸ ਪੀ ਸਿਟੀ ਨਰਿੰਦਰ ਸਿੰਘ ਨੇ ਕਿਹਾ ਕਿ ਉਕਤ ਵਿਅਕਤੀ ਦੀ ਪਹਿਚਾਣ ਹੋ ਚੁੱਕੀ ਹੈ, ਜਿਸ ਦੀ ਮੌਤ ਨਸ਼ੇ ਦੀ ਓਵਰਡੋਜ਼ ਨਾਲ ਹੋਈ ਹੈ। ਉਨ੍ਹਾਂ ਦੱਸਿਆ ਕਿ ਇਸ ਘਟਨਾ 'ਤੇ ਪੁਲਸ ਵੱਲੋਂ ਮਾਮਲਾ ਦਰਜ ਕਰਕੇ ਅਗਲੀ ਤਫਤੀਸ਼ ਆਰੰਭ ਦਿੱਤੀ ਹੈ ਅਤੇ ਮ੍ਰਿਤਕ ਵਿਅਕਤੀ ਦਾ ਮੋਬਾਇਲ ਵੀ ਕਬਜ਼ੇ ਵਿੱਚ ਲੈ ਲਿਆ ਹੈ।

# ਦੋ ਕਾਰਾਂ ਦੀ ਟੱਕਰ 'ਚ ਇੱਕ ਦੀ ਮੌਤ, ਕਈ ਜ਼ਖ਼ਮੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਨਜ਼ਦੀਕੀ ਪਿੰਡ ਲੇਲੀਵਾਲਾ ਨੇੜੇ ਬੀਤੇ ਦਿਨ ਦੋ ਕਾਰਾਂ ਵਿਚਾਲੇ ਹੋਈ ਜ਼ਬਰਦਸਤ ਟੱਕਰ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦਕਿ ਕਈ ਹੋਰ ਜ਼ਖ਼ਮੀ ਹੋ ਗਏ। ਇਸ ਦਰਦਨਾਕ ਹਾਦਸੇ ਤੋਂ ਬਾਅਦ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਥਾਣਾ ਸਦਰ ਫ਼ਿਰੋਜ਼ਪੁਰ ਦੇ ਏਐੱਸਆਈ ਕੁਲਵੰਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਹਾਦਸਾ ਪਿੰਡ ਲੇਲੀਵਾਲਾ ਨੇੜੇ ਵਾਪਰਿਆ, ਜਦੋਂ ਇੱਕ ਮਾਰੂਤੀ ਸਿਆਜ਼ ਕਾਰ (ਨੰਬਰ ਪੀਬੀ-65 ਏਵੀ-6700) ਤੇ ਇੱਕ ਵੈਨਿਊ ਕਾਰ (ਨੰਬਰ ਪੀਬੀ-03ਬੀਕੇ 2309) ਆਪਸ ਵਿੱਚ ਟਕਰਾ ਗਈਆਂ। ਇਹ ਟੱਕਰ ਇੰਨੀ ਭਿਆਨਕ ਸੀ ਕਿ ਇਸ ਵਿੱਚ ਮੌਕੇ 'ਤੇ ਹੀ ਗੁਰਨਾਮ ਸਿੰਘ ਨਾਂ ਦੇ ਵਿਅਕਤੀ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਦੋ ਹੋਰ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਪੁਲਸ ਅਨੁਸਾਰ ਇਹ ਹਾਦਸਾ ਕਥਿਤ ਤੌਰ 'ਤੇ ਤੇਜ਼ ਰਫਤਾਰ ਤੇ ਲਾਪ੍ਰਵਾਹੀ ਕਾਰਨ ਵਾਪਰਿਆ। ਮੁੱਢਲੀ ਜਾਂਚ ਤੋਂ ਬਾਅਦ ਮ੍ਰਿਤਕ ਗੁਰਨਾਮ ਸਿੰਘ ਦੇ ਰਿਸ਼ਤੇਦਾਰ ਰਣਜੋਧ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਮਹਿਮਾ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਕਾਰ ਚਾਲਕ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਤੇ ਜ਼ਖ਼ਮੀਆਂ ਦਾ ਇਲਾਜ ਚੱਲ ਰਿਹਾ ਹੈ। ਪੁਲਸ ਨੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸਰਕਾਰੀ ਸਮਾਗਮ 'ਚ ਅਧਿਆਪਕਾਂ ਨੂੰ ਵਰਤ ਕੇ ਨੇਤਾ ਤੇ ਅਧਿਕਾਰੀ ਚਲਦੇ ਬਣੇ !

## ਅਧਿਆਪਕ ਮੀਂਹ 'ਚ ਭਿੱਜਦੇ ਰਹੇ, ਅਧਿਕਾਰੀਆਂ ਫੋਨ ਤੱਕ ਨਾ ਚੱਕਿਆ


**ਜਲਾਲਾਬਾਦ (ਪਰਮਜੀਤ ਢਾਬਾਂ)**-ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ 'ਯੁੱਧ ਨਸ਼ਿਆਂ ਵਿਰੁੱਧ' ਨੂੰ ਰਾਜ ਦੇ ਸਕੂਲਾਂ ਵਿੱਚ 'ਨਸ਼ਾ ਰੋਕਥਾਮ ਪਾਠਕ੍ਰਮ' ਨੂੰ ਰਸਮੀ ਤੌਰ 'ਤੇ ਸ਼ੁਰੂ ਕਰਨ ਲਈ ਫਾਜ਼ਿਲਕਾ ਦੀ ਮੰਡੀ ਅਰਨੀਵਾਲਾ ਤੋਂ ਸੂਬਾ ਪੱਧਰੀ ਸ਼ੁਰੂਆਤ ਕੀਤੀ ਗਈ।ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਛੇ ਜ਼ਿਲ੍ਹਿਆਂ ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ, ਫਰੀਦਕੋਟ, ਮੋਗਾ ਤੇ ਬਠਿੰਡਾ ਵਿੱਚੋਂ 4 ਹਜ਼ਾਰ ਦੇ ਕਰੀਬ ਅਧਿਆਪਕਾਂ ਦੀ ਸ਼ਮੂਲੀਅਤ ਕਰਵਾਈ ਗਈ ਸੀ।ਮੁੱਖ ਮੰਤਰੀ ਦੇ ਪਹੁੰਚਣ 'ਤੇ ਪ੍ਰੋਗਰਾਮ 12:30 ਵਜੇ ਦੇ ਕਰੀਬ ਸ਼ੁਰੂ ਹੋਇਆ ਤੇ 2 ਵਜੇ ਖਤਮ ਹੋ ਗਿਆ।ਅਧਿਆਪਕਾਂ ਤੇ ਵਿਦਿਆਰਥੀਆਂ ਤੋਂ ਨਸ਼ਾ ਨਾ ਕਰਨ ਦੀ ਸਹੁੰ ਮੁੱਖ ਮੰਤਰੀ ਵੱਲੋਂ ਚੁਕਈ ਗਈ।ਸ਼ਾਇਦ ਸਰਕਾਰੀ ਸਮਾਗਮ 'ਚ ਪਹੁੰਚੇ ਅਧਿਆਪਕਾਂ ਨੂੰ ਇਹ ਕੰਨ ਚੇਤਾ ਵੀ ਨਾ ਹੋਵੇ, ਕਿ ਸਮਾਗਮ ਖਤਮ ਹੋਣ ਤੋਂ ਬਾਅਦ ਜਦੋਂ ਉਹ ਮੁਸੀਬਤ ਵਿੱਚ ਫਸ ਜਾਣਗੇ ਤਾਂ ਉਨ੍ਹਾਂ ਦੇ ਜ਼ਿਲ੍ਹਾ ਅਧਿਕਾਰੀਆਂ ਤੋਂ ਲੈ ਕੇ ਕੋਈ ਵੀ ਸਿਵਲ ਅਧਿਕਾਰੀ ਉਨ੍ਹਾਂ ਦੀ ਸਾਰ ਲੈਣ ਤੱਕ ਨਹੀਂ ਆਵੇਗਾ।ਮੁੱਖ ਮੰਤਰੀ ਦੇ ਸਮਾਗਮ ਖਤਮ ਹੋਣ ਤੋਂ ਤੁਰੰਤ ਬਾਅਦ ਭਾਰੀ ਬਾਰਿਸ਼ ਸ਼ੁਰੂ ਹੋ ਗਈ ਤੇ ਪੰਡਾਲ ਤੋਂ ਇਲਾਵਾ ਸੜਕਾਂ ਤੇ ਪਾਰਕਿੰਗ ਪਾਣੀ ਨਾਲ ਜਲਥਲ ਹੋ ਗਈਆਂ।ਇਸ ਮੌਕੇ ਸਰਕਾਰੀ ਬੱਸਾਂ 'ਤੇ ਆਏ ਅਧਿਆਪਕ ਮੀਂਹ ਵਿੱਚ ਭਿੱਜਦੇ ਰਹੇ ਤੇ ਬੱਸਾਂ ਪਾਣੀ ਵਿੱਚ ਫਸ ਗਈਆਂ।ਬੁਰੀ ਤਰ੍ਹਾਂ ਮੀਂਹ ਵਿੱਚ ਘਿਰੇ ਅਧਿਆਪਕ ਤੇ ਫਸੀਆਂ ਬੱਸਾਂ ਨੂੰ ਕੱਢਣ ਲਈ ਉਹ ਆਪਣੇ ਸਿੱਖਿਆ ਅਧਿਕਾਰੀਆਂ ਨੂੰ ਫੋਨ ਕਰਦੇ ਰਹੇ, ਪ੍ਰੰਤੂ ਉਨ੍ਹਾਂ ਨੇ ਕੋਈ ਹੱਲ ਨਹੀਂ ਕੀਤਾ।ਮੁਸੀਬਤ ਵਿੱਚ ਫਸੇ ਅਧਿਆਪਕ ਅਸ਼ੋਕ ਕੁਮਾਰ, ਸੁਰਿੰਦਰ ਕੰਬੋਜ, ਰੇਸ਼ਮ ਸਿੰਘ ਤੇ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਸਰਕਾਰੀ ਸਮਾਗਮ ਵਿੱਚ ਪਹੁੰਚੇ ਹੋਏ ਸਨ ਅਤੇ ਭਾਰੀ ਮੀਂਹ ਪੈਣ ਕਾਰਨ ਉਨ੍ਹਾਂ ਦੀਆਂ ਸਰਕਾਰੀ ਬੱਸਾਂ ਖੁੱਭ ਚੁੱਕੀਆਂ ਹਨ, ਪ੍ਰੰਤੂ ਉਨ੍ਹਾਂ ਨੂੰ ਕੱਢਣ ਲਈ ਕੋਈ ਨਹੀਂ ਆ ਰਿਹਾ।ਖਬਰ ਲਿਖੇ ਜਾਣ ਤੱਕ ਅਜੇ ਵੀ ਅਧਿਆਪਕ ਮੀਂਹ ਵਿੱਚ ਭਿੱਜ ਰਹੇ ਹਨ ਅਤੇ ਬੱਸਾਂ ਫਸੀਆਂ ਹੋਈਆਂ ਹਨ, ਪ੍ਰੰਤੂ ਉਨ੍ਹਾਂ ਦੀ ਕੋਈ ਵੀ ਅਧਿਕਾਰੀ ਸਾਰ ਲੈਣ ਤੱਕ ਨਹੀਂ ਆ ਰਿਹਾ।



ਇਸ ਸਬੰਧੀ ਪੱਤਰਕਾਰ ਵੱਲੋਂ ਐੱਸ ਡੀ ਐੱਮ ਜਲਾਲਾਬਾਦ ਕੰਵਰਜੀਤ ਸਿੰਘ ਮਾਨ ਤੇ ਜ਼ਿਲ੍ਹਾ ਸਿੱਖਿਆ ਅਫਸਰ ਅਜੇ ਕੁਮਾਰ ਸ਼ਰਮਾ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਉਨ੍ਹਾਂ ਨੇ ਫੋਨ ਅਟੈਂਡ ਨਹੀਂ ਕੀਤਾ।

# ਮਾਤਾ ਜਸਪਾਲ ਕੌਰ ਨਮਿੱਤ ਅੰਤਿਮ ਅਰਦਾਸ ਭਲਕੇ

**ਦੇਵੀਗੜ੍ਹ/ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**



ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣ ਮਾਜਰਾ ਦੇ ਪੀ. ਏ. ਗੁਰਪ੍ਰੀਤ ਸਿੰਘ ਗੁਰੀ ਦੇ ਨਾਨੀ ਮਾਤਾ ਜਸਪਾਲ ਕੌਰ, ਜਿਨ੍ਹਾਂ ਦਾ 26 ਜੁਲਾਈ ਨੂੰ ਦਿਹਾਂਤ ਹੋ ਗਿਆ ਸੀ, ਦੀ ਅੰਤਿਮ ਅਰਦਾਸ 3 ਅਗਸਤ ਰ ਨੂੰ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਅਨਾਜ ਮੰਡੀ ਦੁਧਨ ਸਾਧਾਂ ਵਿਖੇ ਹੋਵੇਗੀ। ਗੁਰਪ੍ਰੀਤ ਗੁਰੀ ਪੀ ਏ ਦੇ ਨਾਨੀ ਜਸਪਾਲ ਕੌਰ 82 ਸਾਲ ਦੀ ਉਮਰ ਵਿੱਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ, ਜੋ ਕਿ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ।ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਨਾਲ ਹਰਮੀਤ ਸਿੰਘ ਪਠਾਣ ਮਾਜਰਾ ਵਿਧਾਇਕ ਹਲਕਾ ਸਨੌਰ, ਸਿਮਰਨਜੀਤ ਕੌਰ ਪਠਾਣਮਾਜਰਾ, ਹਰਜਸ਼ਨ ਪਠਾਣ ਮਾਜਰਾ, ਜਸਵਿੰਦਰ ਸਿੰਘ ਰਾਣਾ ਸੂਬਾ ਪ੍ਰਧਾਨ ਆੜ੍ਹਤੀਆ ਐਸਸੀਏਸ਼ਨ ਪੰਜਾਬ, ਪ੍ਰਿਥੀਪਾਲ ਸਿੰਘ ਪ੍ਰਧਾਨ ਆੜ੍ਹਤੀਆ ਐਸੋ, ਹਰਦੇਵ ਸਿੰਘ ਘੜਾਮ ਪ੍ਰਧਾਨ, ਚੇਅਰਮੈਨ ਬਲਦੇਵ ਸਿੰਘ ਦੇਵੀਗੜ੍ਹ, ਡਾ. ਗੁਰਮੀਤ ਸਿੰਘ ਬਿੱਟੂ ਉਪ ਚੇਅਰਮੈਨ, ਪ੍ਰਧਾਨ ਵੇਦ ਪ੍ਰਕਾਸ਼ ਗਰਗ ਪ੍ਰਧਾਨ ਭੁਪਿੰਦਰ ਸਿੰਘ ਮੀਰਾਂਪੁਰ, ਸਾਹਿਬ ਸਿੰਘ ਵਾ. ਪ੍ਰਧਾਨ, ਬਲਜਿੰਦਰ ਸਿੰਘ ਨੰਦਗੜ੍ਹ, ਸਾਜਨ ਢਿੱਲੋਂ, ਸਿਮਰਜੀਤ ਸਿੰਘ ਸੋਹਲ, ਅਮਨ ਪਠਾਣਮਾਜਰਾ, ਨਗਰ ਪੰਚਾਇਤ ਦੇਵੀਗੜ੍ਹ ਦੇ ਪ੍ਰਧਾਨ ਬੀਬਾ ਸਵਿੰਦਰ ਕੌਰ ਧੰਜੂ, ਯਾਦਵਿੰਦਰ ਸਿੰਘ ਧੰਜੂ, ਕੰਬੋਜ ਮਹਾਂ ਸਭਾ ਦੇ ਪ੍ਰਧਾਨ ਸ਼ਵਿੰਦਰ ਸਿੰਘ ਧੰਜੂ, ਜਸਵੀਰ ਸਿੰਘ ਜੱਸੀ ਸਰਪੰਚ ਹਸਨਪੁਰ ਕੰਬੋਆਂ, ਡਾ. ਕਰਮ ਸਿੰਘ ਰਾਜਗੜ੍ਹ, ਸ਼ਵਿੰਦਰ ਕੌਰ ਧੰਜੂ ਪ੍ਰਧਾਨ, ਲਖਵੀਰ ਸਿੰਘ ਕਪੂਰੀ ਮੀਤ ਪ੍ਰਧਾਨ, ਜੱਸੀ ਸਰਪੰਚ ਜੋਗਿੰਦਰ ਸਿੰਘ ਚੂਹਟ ਵੱਲੋਂ ਗੁਰਪ੍ਰੀਤ ਗੁਰੀ ਨਾਲ ਉਨ੍ਹਾ ਦੀ ਨਾਨੀ ਦੇ ਦਿਹਾਂਤ 'ਤੇ ਆਪਣਾ ਦੁੱਖ ਪ੍ਰਗਟ ਕੀਤਾ ਹੈ।

## ਵਿਲੱਖਣ ਢੰਗ ਨਾਲ ਮਨਾਇਆ ਜਨਮ ਦਿਨ

# ਫ਼ਲਦਾਰ, ਫੁੱਲਦਾਰ, ਛਾਂਦਾਰ ਤੇ ਵਿਰਾਸਤੀ ਕਿਸਮ ਦੇ ਲਾਏ 500 ਬੂਟੇ : ਢਿੱਲੋਂ

**ਕੋਟਕਪੂਰਾ (ਰਛਪਾਲ ਭੁੱਲਰ)**

'ਗੁੱਡ ਮੌਰਨਿੰਗ ਵੈਲਫੇਅਰ ਕਲੱਬ' ਵੱਲੋਂ ਪ੍ਰਧਾਨ ਡਾ ਮਨਜੀਤ ਸਿੰਘ ਢਿੱਲੋਂ ਦੇ ਜਨਮ ਦਿਨ ਦੀ ਖ਼ੁਸ਼ੀ ਵਿੱਚ ਉਨ੍ਹਾਂ ਦੇ ਵਿੱਦਿਅਕ ਅਦਾਰੇ ਬਾਬਾ ਫਰੀਦ ਗੁਰੂਕੁਲ ਗਰੁੱਪ ਆਫ਼ ਕਾਲਜਿਜ ਵਿਖੇ 'ਬੂਟੇ ਲਾਉ' ਮੁਹਿੰਮ ਦੀ ਸ਼ੁਰੂਆਤ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ ਵੱਲੋਂ ਕੀਤੀ ਗਈ।ਕਲੱਬ ਦੇ ਚੇਅਰਮੈਨ ਪੱਪੂ ਲਹੌਰੀਆ, ਜਨਰਲ ਸਕੱਤਰ ਪ੍ਰੋ ਐੱਚ.ਐੱਸ. ਪਦਮ, ਮੁੱਖ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ ਤੇ ਪ੍ਰੋਜੈਕਟ ਇੰਚਾਰਜ ਲੈਕ. ਵਿਨੋਦ ਕੁਮਾਰ ਧਵਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਲੱਬ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜ ਲਗਾਤਾਰ ਜਾਰੀ ਹਨ। ਉਨ੍ਹਾਂ ਦੱਸਿਆ ਕਿ ਡਾ. ਢਿੱਲੋਂ ਦੇ ਜਨਮ ਦਿਨ ਦੀ ਖ਼ੁਸ਼ੀ 'ਚ ਫ਼ਲਦਾਰ, ਫੁੱਲਦਾਰ, ਛਾਂਦਾਰ ਤੇ ਵਿਰਾਸਤੀ ਕਿਸਮ ਦੇ ਵੱਖੋ ਵੱਖਰੇ 500 ਬੂਟੇ ਲਾਏ ਜਾ ਰਹੇ ਹਨ।ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ ਨੇ ਗੁੱਡ ਮੌਰਨਿੰਗ ਕਲੱਬ ਦੇ ਉਕਤ ਉਪਰਾਲੇ ਦੀ ਭਰਪੂਰ ਪ੍ਰਸੰਸਾ ਕਰਦਿਆਂ ਆਖਿਆ ਕਿ ਜਿਸ ਤਰ੍ਹਾਂ ਕਰੋਨਾ ਵਾਇਰਸ ਦੀ ਕਰੋਪੀ ਦੇ ਸੰਕਟ ਦੌਰਾਨ ਲੋਕਾਂ ਨੂੰ ਆਕਸੀਜਨ ਦੀ ਘਾਟ ਮਹਿਸੂਸ ਹੋਈ ਤੇ ਉਨ੍ਹਾਂ ਨੇ ਰੁੱਖਾਂ ਦੀ ਮਹੱਤਤਾ ਨੂੰ ਮਹਿਸੂਸ ਕੀਤਾ, ਉਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਾਨੂੰ ਵੱਧ ਤੋਂ ਵੱਧ ਬੂਟੇ ਲਾ ਕੇ ਉਨ੍ਹਾਂ ਦੀ ਸੰਭਾਲ ਯਕੀਨੀ ਬਣਾਉਣੀ ਚਾਹੀਦੀ ਹੈ, ਤਾਂ ਹੀ ਨਵੀਂ ਪੀੜ੍ਹੀ ਦਾ ਭਵਿੱਖ ਸੁਰੱਖਿਅਤ ਹੋਵੇਗਾ, ਨਹੀਂ ਤਾਂ ਪਲੀਤ ਵਾਤਾਵਰਣ ਦੌਰਾਨ ਬਿਮਾਰੀਆਂ ਹੀ ਪੈਰ ਪਸਾਰਨਗੀਆਂ।ਡਾ ਮਨਜੀਤ ਸਿੰਘ ਢਿੱਲੋਂ ਨੇ ਪ੍ਰੋਜੈਕਟ ਇੰਚਾਰਜ ਵਿਨੋਦ ਕੁਮਾਰ ਧਵਨ, ਸਹਾਇਕ ਪ੍ਰੋਜੈਕਟ ਇੰਚਾਰਜਾਂ ਮਨਤਾਰ ਸਿੰਘ ਮੱਕੜ ਤੇ ਕੈਪ. ਰੂਪ ਚੰਦ ਅਰੋੜਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਹ ਬੂਟੇ ਲਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸੰਭਾਲ ਵੱਲ ਜ਼ਿਆਦਾ ਧਿਆਨ ਦਿੰਦੇ ਹਨ।ਵਿੱਤ ਸਕੱਤਰ ਜਸਕਰਨ ਸਿੰਘ ਭੱਟੀ, ਸਹਾਇਕ ਖ਼ਜ਼ਾਨਚੀ ਓਮ ਪ੍ਰਕਾਸ਼ ਗੁਪਤਾ, ਐਨ ਆਰ ਆਈ ਵਿੰਗ ਦੇ ਇੰਚਾਰਜ ਠੇਕੇਦਾਰ ਪ੍ਰੇਮ ਮੈਣੀ, ਮੀਤ ਪ੍ਰਧਾਨ ਰਵਿੰਦਰਪਾਲ ਕੋਛੜ, ਸਲਾਹਕਾਰ ਡਾ ਦੇਵ ਰਾਜ, ਸਕੱਤਰ ਮੁਖਤਿਆਰ ਸਿੰਘ ਮੱਤਾ, ਪ੍ਰੈਸ ਸਕੱਤਰ ਗੁਰਮੀਤ ਸਿੰਘ ਮੀਤਾ, ਸਹਾਇਕ ਪ੍ਰੈਸ ਸਕੱਤਰ ਸਰਨ ਕੁਮਾਰ ਆਦਿ ਨੇ ਦਾਅਵਾ ਕੀਤਾ ਕਿ ਇਹ ਮੁਹਿੰਮ ਭਵਿੱਖ ਵਿੱਚ ਵੀ ਜਾਰੀ ਰਹੇਗੀ।ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ ਦੇ ਧਰਮਪਤਨੀ ਬੀਬਾ ਸੰਦੀਪ ਕੌਰ, ਦਫ਼ਤਰ ਇੰਚਾਰਜ ਦਲੇਰ ਸਿੰਘ ਡੋਡ, ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਪੀਆਰਓ ਮਨਪ੍ਰੀਤ ਸਿੰਘ ਮਨੀ ਧਾਲੀਵਾਲ, ਕਾਲਜ ਦੇ ਚੇਅਰਮੈਨ ਡਾ. ਮਨਜੀਤ ਸਿੰਘ ਢਿੱਲੋਂ, ਮੈਨੇਜਿੰਗ ਡਾਇਰੈਕਟਰ ਹਰਪ੍ਰੀਤ ਸਿੰਘ ਬੱਬੂ ਸਮੇਤ ਇਲਾਕੇ ਦੀਆਂ ਉੱਘੀਆਂ ਸ਼ਖ਼ਸ਼ੀਅਤਾਂ ਨੇ ਵੀ ਵੱਖ-ਵੱਖ ਕਿਸਮਾਂ ਦਾ ਇੱਕ-ਇੱਕ ਬੂਟਾ ਆਪਣੇ ਹੱਥੀਂ ਲਾ ਕੇ ਕਲੱਬ ਦੇ ਉਕਤ ਉਪਰਾਲੇ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਹੋਟਲਾਂ ਜਾਂ ਪੈਲੇਸਾਂ 'ਚ ਜਨਮ ਦਿਨ ਮਨਾਉਣ ਵਾਲਿਆਂ ਨੂੰ ਇਸ ਤੋਂ ਪ੍ਰੇਰਣਾ ਮਿਲਣੀ ਸੁਭਾਵਕ ਹੈ।ਇਸ ਮੌਕੇ ਹਰਪ੍ਰੀਤ ਸਿੰਘ ਚਾਨਾ ਪ੍ਰਧਾਨ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਇਕਾਈ ਕੋਟਕਪੂਰਾ ਸਮੇਤ ਹੋਰ ਵੀ ਪਤਵੰਤਿਆਂ ਨੇ ਇਸ ਕਾਰਜ ਵਿੱਚ ਪੂਰਾ ਸਹਿਯੋਗ ਦਿੱਤਾ।



# ਅਲਾਇੰਸ ਇੰਟਰਨੈਸ਼ਨਲ ਸਕੂਲ ਨੇ ਸਮਾਗਮ ਕਰਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**

ਅਲਾਇੰਸ ਇੰਟਰਨੈਸ਼ਨਲ ਸਕੂਲ ਨੇ ਕਿੰਡਰਗਾਰਟਨ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸਮਰਪਤ ਇੱਕ ਅਨੰਦਮਈ ਜਸ਼ਨ ਮਨਾਇਆ। ਸਮਾਗਮ ਨੇ ਮੁਸਕਰਾਹਟ ਤੇ ਹਾਸੇ ਨੂੰ ਜਨਮ ਦਿੱਤਾ, ਕਿਉਂਕਿ ਸਕੂਲ ਦੇ ਸਭ ਤੋਂ ਛੋਟੇ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦੇ ਨਾਲ ਮਜ਼ੇਦਾਰ ਗਤੀਵਿਧੀਆਂ ਵਿੱਚ ਹਿੱਸਾ ਲਿਆ।ਇਸ ਜਸ਼ਨ ਦਾ ਉਦੇਸ਼ ਬੱਚਿਆਂ ਵਿੱਚ ਰਚਨਾਤਮਕਤਾ, ਬੰਧਨ ਤੇ ਸ਼ੁਰੂਆਤੀ ਸਮਾਜਿਕ ਵਿਕਾਸ ਨੂੰ ਉਤਸ਼ਾਹਤ ਕਰਨਾ ਸੀ, ਨਾਲ ਹੀ ਅਧਿਆਪਨ ਸਟਾਫ਼ ਦੇ ਸਮਰਪਣ ਦਾ ਸਨਮਾਨ ਵੀ ਕੀਤਾ ਗਿਆ ਸੀ।ਪ੍ਰਿੰਸੀਪਲ ਸ਼੍ਰੀ ਬ੍ਰਿਜੇਸ਼ ਸਕਸੈਨਾ ਨੇ ਸ਼ਿਰਕਤ ਕੀਤੀ ਤੇ ਪ੍ਰੇਰਨਾਦਾਇਕ ਸ਼ਬਦਾਂ ਨਾਲ ਇਕੱਠ ਨੂੰ ਸੰਬੋਧਨ ਕੀਤਾ।ਉਨ੍ਹਾਂ ਨੌਜਵਾਨ ਮਨਾਂ ਨੂੰ ਪਾਲਣ-ਪੋਸ਼ਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤੇ ਵਿਦਿਆਰਥੀਆਂ ਨੂੰ ਉਤਸੁਕਤਾ ਅਤੇ ਉਤਸ਼ਾਹ ਨਾਲ ਸਿੱਖਣ ਨੂੰ ਅਪਣਾਉਣ ਲਈ ਉਤਸ਼ਾਹਤ ਕੀਤਾ। ਵਾਈਸ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸਕਸੈਨਾ ਨੇ ਭਵਿੱਖ ਨੂੰ ਆਕਾਰ ਦੇਣ ਵਿੱਚ ਮਹਿਲਾ ਸਿੱਖਿਅਕਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕਰਨ ਦਾ ਮੌਕਾ ਲਿਆ।ਉਸ ਨੇ ਅਧਿਆਪਕਾਵਾਂ ਨੂੰ ਅੱਗੇ ਵਧਣ ਤੇ ਸਿੱਖਿਆ ਤੇ ਸਕੂਲ ਜੀਵਨ ਵਿੱਚ ਆਪਣੇ ਯੋਗਦਾਨ 'ਤੇ ਮਾਣ ਕਰਨ ਲਈ ਪ੍ਰੇਰਿਤ ਕੀਤਾ। ਇਹ ਜਸ਼ਨ ਰਵਾਇਤੀ ਪ੍ਰਦਰਸ਼ਨਾਂ, ਰੈਂਪ ਵਾਕ ਸੈਸ਼ਨਾਂ ਅਤੇ ਅਧਿਆਪਕਾਂ ਲਈ ਪ੍ਰਸ਼ੰਸਾ ਦੇ ਇੱਕ ਛੋਟੇ ਜਿਹੇ ਚਿੰਨ੍ਹ ਨਾਲ ਸਮਾਪਤ ਹੋਇਆ, ਜਿਸ ਨਾਲ ਦਿਨ ਸਾਰਿਆਂ ਲਈ ਯਾਦਗਾਰ ਬਣ ਗਿਆ।

# ਲੇਖਕ ਮੰਚ ਵੱਲੋਂ ਡਾ. ਹਰਿੰਦਰਜੀਤ ਸਿੰਘ ਕਲੇਰ ਦਾ ਸਨਮਾਨ

**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮਾਲਵਾ ਕਾਲਜ ਤੋਂ 33 ਸਾਲ ਦੀ ਸੇਵਾ ਉਪਰੰਤ ਰਿਟਾਇਰ ਹੋਏ ਪੰਜਾਬੀ ਵਿਭਾਗ ਦੇ ਮੁਖੀ ਤੇ ਐਸੋਸੀਏਟ ਪ੍ਰੋਫੈਸਰ ਡਾ. ਹਰਿੰਦਰਜੀਤ ਸਿੰਘ ਕਲੇਰ ਨੂੰ ਲੇਖਕ ਮੰਚ ਸਮਰਾਲਾ ਵੱਲੋਂ ਸਥਾਨਕ ਕਿੰਡਰਗਾਰਟਨ ਵਿੱਚ ਸਮਾਗਮ ਦੌਰਾਨ ਸਨਮਾਨਤ ਕੀਤਾ ਗਿਆ।ਡਾ. ਕਲੇਰ ਤੇ ਉਨ੍ਹਾਂ ਦੀ ਪਤਨੀ ਜਤਿੰਦਰ ਕੌਰ ਨੂੰ ਮੰਚ ਵੱਲੋਂ ਇੱਕ ਲੋਈ ਤੇ ਫੁਲਕਾਰੀ ਭੇਟ ਕੀਤੀ ਗਈ।ਡਾ. ਹਰਿੰਦਰਜੀਤ ਸਿੰਘ ਕਲੇਰ ਦੇ ਸਨਮਾਨ ਵਿੱਚ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਬੈਨੀਪਾਲ ਨੇ ਸਨਮਾਨ ਪੱਤਰ ਹਾਜ਼ਰ ਮੈਂਬਰਾਂ ਦੀ ਮੌਜੂਦਗੀ ਵਿੱਚ ਪੜ੍ਹ ਕੇ ਪੇਸ਼ ਕੀਤਾ, ਜਿਸ ਵਿੱਚ ਡਾ. ਕਲੇਰ ਤੇ ਉਨ੍ਹਾਂ ਦੇ ਭਾਰਤ ਸਰਕਾਰ ਵੱਲੋਂ ਪਦਮ ਭੂਸ਼ਣ ਨਾਲ ਸਨਮਾਨਤ ਵੱਡੇ ਭਰਾ ਡਾ. ਟੀ ਐੱਸ ਕਲੇਰ ਤੇ ਭਾਬੀ ਡਾ. ਨੀਲਮ ਕਲੇਰ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ।ਬੁਲਾਰਿਆਂ ਵੱਲੋਂ ਡਾ. ਕਲੇਰ ਦੀਆਂ ਕਾਲਜ ਨੂੰ 33 ਸਾਲ ਦੌਰਾਨ ਦਿੱਤੀਆਂ ਸ਼ਾਨਦਾਰ ਸੇਵਾਵਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ। ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਬੈਨੀਪਾਲ ਤੇ ਮੌਜੂਦਾ ਸਮੇਂ ਕਾਲਜ ਪ੍ਰੋਫੈਸਰ ਡਾ. ਜਗਦੀਪ ਸਿੰਘ ਨੇ ਕਿਹਾ ਕਿ ਡਾ. ਕਲੇਰ ਨੇ ਆਪਣੀ ਕਰਮਭੂਮੀ ਮਾਲਵਾ ਕਾਲਜ ਵਿੱਚ ਰਹਿੰਦਿਆਂ ਜਿੱਥੇ ਵਿਦਿਆਰਥੀਆਂ ਦੇ ਕੈਰੀਅਰ ਬਿਲਡਿੰਗ ਵਿੱਚ ਜ਼ਿਕਰਯੋਗ ਯੋਗਦਾਨ ਪਾਇਆ, ਉਥੇ ਕਾਲਜ ਦੀ ਬਿਹਤਰੀ ਲਈ ਤਨੋਂ ਮਨੋਂ ਨਿਰਸਵਾਰਥ ਭਾਵਨਾ ਨਾਲ ਕੰਮ ਕੀਤਾ।ਡਾ. ਕਲੇਰ ਨੇ ਆਪਣੇ ਸੰਬੋਧਨ ਵਿੱਚ ਹਾਜ਼ਰ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਕਾਲਜ ਦੀ 33 ਸਾਲਾਂ ਦੀ ਸੇਵਾ ਦੌਰਾਨ ਆਪਣੀ ਕਰਮਭੂਮੀ ਮਾਲਵਾ ਕਾਲਜ ਵਿੱਚ ਰਹਿ ਕੇ ਬਹੁਤ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਕੰਮ ਕੀਤਾ, ਜਿਸ ਦੀ ਉਨ੍ਹਾਂ ਨੂੰ ਖੁਸ਼ੀ ਹੈ।ਉਨ੍ਹਾਂ ਗਿਲਾ ਕਰਦਿਆਂ ਕਿਹਾ ਕਿ ਹਾਲਾਤ ਦੇ ਕੁੱਝ ਅਣਸੁਖਾਵੇਂ ਕਰਨਾਂ ਕਰਕੇ ਉਨ੍ਹਾਂ ਮਾਨਸਿਕ ਸੰਤਾਪ ਵੀ ਆਪਣੇ ਪਿੰਡੇ 'ਤੇ ਹੰਡਾਇਆ ਹੈ।ਉਨ੍ਹਾਂ ਕਿਹਾ ਕਿ ਉਸ ਨੇ ਕਦੇ ਕਿਸੇ ਪ੍ਰਤੀ ਨਕਾਰਾਤਮਕ ਸੋਚ ਨਹੀਂ ਰੱਖੀ, ਬਲਕਿ ਸਰਬੱਤ ਤੇ ਕਾਲਜ ਦੇ ਭਲੇ ਲਈ ਕੰਮ ਕੀਤਾ ਹੈ।ਇਸ ਦੌਰਾਨ ਮੰਚ ਦੇ ਪ੍ਰਧਾਨ ਰਾਜਵਿੰਦਰ ਸਮਰਾਲਾ, ਰਾਮ ਸਰੂਪ ਰਿਖੀ, ਐੱਸ. ਨਸੀਮ, ਸੁਰਿੰਦਰ ਰਾਮਪੁਰੀ ਤੇ ਹਰਜਿੰਦਰਪਾਲ ਸਿੰਘ ਨੇ ਡਾ. ਕਲੇਰ ਬਾਰੇ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ।ਇਸ ਮੌਕੇ ਲਖਬੀਰ ਸਿੰਘ ਬਲਾਲਾ, ਰਾਜਿੰਦਰ ਜੰਡਿਆਲੀ, ਪੱਤਰਕਾਰ ਬਲਬੀਰ ਸਿੰਘ ਬੱਬੀ, ਲਖਬੀਰ ਸਿੰਘ, ਕਰਮਜੀਤ ਬਾਸੀ ਤੇ ਬਲਜੀਤ ਕੌਰ ਤੋਂ ਇਲਾਵਾ ਕਿੰਡਰਗਾਰਟਨ ਸਕੂਲ ਦੀ ਡਾਇਰੈਕਟਰ ਸਰਬਜੀਤ ਕੌਰ ਸ਼ਾਹੀ ਉਚੇਚੇ ਤੌਰ 'ਤੇ ਸਮਾਗਮ ਵਿੱਚ ਸ਼ਾਮਲ ਹੋਏ।ਲੇਖਕ ਮੰਚ ਦੇ ਸਰਪ੍ਰਸਤ ਕਹਾਣੀਕਾਰ ਐਡਵੋਕੇਟ ਦਲਜੀਤ ਸਿੰਘ ਸ਼ਾਹੀ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।ਮੰਚ ਸੰਚਾਲਨ ਪੱਤਰਕਾਰ ਸੁਰਜੀਤ ਵਿਸ਼ਦ ਨੇ ਕੀਤਾ।



2-AUG-PAGE-6.qxd 8/1/2025 10:48 PM Page 1



## ਨਸ਼ਾ ਇੱਕ ਵਿਅਕਤੀ ਨੂੰ ਨਹੀਂ, ਸਗੋਂ ਪੂਰੇ ਪਰਵਾਰ ਨੂੰ ਤਬਾਹ ਕਰਦਾ : ਹਰਮਨ ਸਿੱਧੂ



**ਮਮਦੋਟ (ਜਸਵੀਰ ਸਿੰਘ ਕੰਬੋਜ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਸੂਬੇ 'ਚ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਅਧੀਨ ਪਿੰਡਾਂ ਤੇ ਸ਼ਹਿਰਾਂ ਵਿੱਚ ਜਾਗਰੂਕਤਾ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਚੰਗੁਲ ਤੋਂ ਬਚਾਉਣਾ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣਾ ਹੈ। ਇਸ ਲੜੀ ਤਹਿਤ ਮਮਦੋਟ ਨਗਰ ਪੰਚਾਇਤ ਵੱਲੋਂ ਗੁਰਦੁਆਰਾ ਸਿੰਘ ਸਭਾ ਵਿੱਚ ਇੱਕ ਵਿਸ਼ਾਲ ਨਸ਼ਾ ਵਿਰੋਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਬੁਲਾਰਿਆਂ ਵੱਲੋਂ ਨਸ਼ਿਆਂ ਦੇ ਮਨੁੱਖੀ ਸਿਹਤ, ਪਰਵਾਰ ਅਤੇ ਸਮਾਜ 'ਤੇ ਹੋਣ ਵਾਲੇ ਘਾਤਕ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਲੋਕਾਂ ਨੂੰ ਦੱਸਿਆ ਗਿਆ ਕਿ ਨਸ਼ਾ ਸਿਰਫ਼ ਇੱਕ ਵਿਅਕਤੀ ਹੀ ਨਹੀਂ, ਸਗੋਂ ਪੂਰੇ ਪਰਵਾਰ ਦੀ ਤਬਾਹੀ ਦਾ ਕਾਰਨ ਬਣਦਾ ਹੈ। ਹਰਮਨ ਸਿੰਘ ਸਿੱਧੂ ਹਲਕਾ ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ, ਉਪਿੰਦਰ ਸਿੰਘ ਸਿੱਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ ਤੇ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਹਰ ਪਿੰਡ ਤੇ ਸ਼ਹਿਰ ਨਸ਼ਾ ਵਿਰੋਧੀ ਸੰਦੇਸ਼ ਪਹੁੰਚੇ ਤੇ ਇਸ ਸਬੰਧੀ ਮੁੱਖ ਮੰਤਰੀ ਪੰਜਾਬ ਵੱਲੋਂ ਇੱਕ ਵਟਸਅਪ ਨੰਬਰ ਵੀ ਜਾਰੀ ਕੀਤਾ ਗਿਆ ਹੈ, ਜਿਸ 'ਤੇ ਮੈਸੇਜ ਕਰਕੇ ਨਸ਼ੇ ਦੇ ਕਾਰੋਬਾਰ ਕਰਨ ਵਾਲਿਆਂ ਦੀ ਸ਼ਿਕਾਇਤ ਕੀਤੀ ਜਾ ਸਕਦੀ ਹੈ ਤੇ ਸ਼ਿਕਾਇਤ ਕਰਤਾ ਵੱਲੋਂ ਭੇਜੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਵਾਰ ਦੇ ਨੌਜਵਾਨਾਂ 'ਤੇ ਨਿਗਰਾਨੀ ਰੱਖਣ ਅਤੇ ਜੇਕਰ ਕਿਸੇ ਨੂੰ ਨਸ਼ੇ ਦੀ ਲਤ ਤੋਂ ਛੁਟਕਾਰਾ ਲੈਣ ਦੀ ਲੋੜ ਹੈ ਤਾਂ ਸਰਕਾਰ ਵੱਲੋਂ ਚਲਾਏ ਜਾ ਰਹੇ ਮੁਫ਼ਤ ਇਲਾਜ ਕੇਂਦਰ ਜੋ ਸਿਵਲ ਹਸਪਤਾਲ ਫ਼ਿਰੋਜ਼ਪੁਰ ਤੇ ਫਰੀਦਕੋਟ ਮਿਸ਼ਨ ਹਸਪਤਾਲ ਫ਼ਿਰੋਜ਼ਪੁਰ ਛਾਉਣੀ ਵਿਖੇ ਆਪਣਾ ਇਲਾਜ ਕਰਾ ਕੇ ਲਾਭ ਲੈ ਸਕਦੇ ਹਨ।

## ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਵੱਲੋਂ ਸੰਘਰਸ਼ ਤੇਜ਼ ਕਰਨ ਦਾ ਫੈਸਲਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਦੀ ਮੀਟਿੰਗ ਸੂਬਾ ਪ੍ਰਧਾਨ ਹਰਿੰਦਰ ਕੌਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਿਹਤ ਵਿਭਾਗ ਅਧੀਨ ਕੰਮ ਕਰਦੀਆਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰ ਵਰਕਰਾਂ ਦੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਸਬੰਧੀ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਮੀਤ ਪ੍ਰਧਾਨ ਹਰਿੰਦਰ ਕੌਰ ਨੇ ਕਿਹਾ ਕਿ ਆਸ਼ਾ ਵਰਕਰ ਪਿਛਲੇ ਲੰਬੇ ਸਮੇਂ ਤੋਂ ਨਿਗੂਣੇ ਮਾਣ ਭੱਤੇ ਉੱਤੇ ਕੰਮ ਕਰ ਰਹੀਆਂ ਹਨ, ਪਰ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਦੱਸਿਆ ਕਿ ਜਥੇਬੰਦੀ ਕੇਂਦਰ ਸਰਕਾਰ ਤੋਂ ਆਸ਼ਾ ਵਰਕਰਾਂ ਨੂੰ ਰੈਗੂਲਰ ਕਰਨ ਤੇ 28000 ਮਹੀਨਾ ਤਨਖਾਹ ਦੇਣ ਦੇ ਨਾਲ ਨਾਲ ਪੱਕਿਆਂ ਵਾਲਾ ਕਰਨ ਦੀ ਮੰਗ ਕਰਦੀ ਹੈ। ਇਸ ਤੋਂ ਇਲਾਵਾ ਜਥੇਬੰਦੀ ਦੀਆਂ ਲਟਕਦੀਆਂ ਆ ਰਹੀਆਂ ਮੰਗਾਂ ਵਿੱਚ ਕੱਟਿਆ ਮਾਣ ਭੱਤਿਆਂ ਨੂੰ ਬਹਾਲ ਕਰਨਾ, ਸੇਵਾ ਮੁਕਤ ਹੋ ਰਹੇ ਵਰਕਰਾਂ ਨੂੰ ਗੁਆਂਢੀ ਰਾਜ ਹਰਿਆਣਾ ਦੀ ਤਰਜ਼ 'ਤੇ ਸਹਾਇਤਾ ਫੰਡ 5 ਲੱਖ ਰੁਪਏ ਦੇਣਾ, ਫੈਸਿਲੀਟੇਟਰ ਦੇ ਟੂਰ ਮਨੀ ਵਿੱਚ ਵਾਧਾ ਕਰਨਾ, ਕੀਤੇ ਵਾਅਦੇ ਅਨੁਸਾਰ ਮਿਲਣ ਵਾਲਾ ਫਿਕਸ ਭੱਤਾ ਵਧਾ ਕੇ 10 ਹਜ਼ਾਰ ਕਰਨਾ ਆਦਿ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਇਨ੍ਹਾਂ ਸਾਰੀਆਂ ਮੰਗਾਂ ਮਨਵਾਉਣ ਲਈ ਪੰਜਾਬ ਭਰ ਦੀਆਂ ਸੈਕਟਰਿਆਂ ਦੀ ਗਿਣਤੀ ਵਿੱਚ ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਸਾਂਝਾ ਮੋਰਚਾ ਪੰਜਾਬ ਵੱਲੋਂ ਸੰਘਰਸ਼ ਨੂੰ ਤੇਜ਼ ਕਰਦਿਆਂ 25 ਤੋਂ 31 ਅਗਸਤ ਤੱਕ ਸਿਹਤ ਵਿਭਾਗ ਦੇ ਸਾਰੇ ਕੰਮਾਂ ਦਾ ਬਾਈਕਾਟ ਕੀਤਾ ਜਾਵੇਗਾ, ਇਸ ਦੇ ਨਿਕਲ ਵਾਲੇ ਸਿੱਟਿਆਂ ਦੀ ਪੰਜਾਬ ਸਰਕਾਰ ਆਪ ਜ਼ਿੰਮੇਵਾਰ ਹੋਵੇਗੀ। ਇਸ ਮੀਟਿੰਗ ਵਿੱਚ ਸੁੱਖ ਦੇਵੀ ਛਬੀਲਪੁਰ, ਅਮਨਦੀਪ ਕੌਰ ਮੰਲੋਵੀਵਾਲਾ, ਕੁਲਵਿੰਦਰ ਕੌਰ ਸ਼ੇਰਗੜ੍ਹ, ਦਵਿੰਦਰ ਕੌਰ ਸਮਾਣਾ ਦੇ ਐੱਫ, ਕੁਲਵੀਰ ਕੌਰ ਦੇ ਐੱਫ ਦੁਤਾਲ, ਗੀਤਾ ਰਾਣੀ, ਮਨਜੀਤ ਕੌਰ, ਗੁਰਵਿੰਦਰ ਕੌਰ, ਹਰਮੀਤ ਕੌਰ, ਪਰਮਜੀਤ ਕੌਰ ਦੁਤਾਲ, ਸੰਨੂ ਰਾਣੀ ਪਾਤੜਾਂ ਤੇ ਰਜਨੀ ਆਦਿ ਹਾਜ਼ਰ ਸਨ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਮਨਾਉਣ ਲਈ ਮੁੱਖ ਮੰਤਰੀ ਤੇ ਵਿੱਤ ਮੰਤਰੀ ਖ਼ਿਲਾਫ਼ ਹੋਵੇਗਾ ਪ੍ਰਦਰਸ਼ਨ

**ਚੋਕੀਮਾਨ (ਇੰਦ ਬਲਵੀਰ ਸਿੰਘ ਮਾਨ)**
ਸ਼ਹੀਦ ਊਧਮ ਸਿੰਘ ਸੁਨਾਮ ਦੀ ਬਰਸੀ ਨੂੰ ਸਮਰਪਤ ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਦੀ ਵਿਕੋਤਰਤਾ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਭਗਵੰਤ ਸਿੰਘ ਮਾਨ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਚੁੱਪ ਵੱਟਣ 'ਤੇ ਸਖ਼ਤ ਫੈਸਲਾ ਲੈਂਦਿਆਂ ਕਿਹਾ ਕਿ ਲਿਖਤੀ ਮੀਟਿੰਗਾਂ ਤੋਂ ਭੱਜਣਾ ਮੌਜੂਦਾ ਸਰਕਾਰ ਦੀ ਨਾਕਾਮਯਾਬੀ ਹੈ। ਇਸ ਵਾਰ 29 ਜੁਲਾਈ ਦੀ ਮੀਟਿੰਗ ਕੈਂਸਲ ਕਰਕੇ 20 ਅਗਸਤ ਦੀ ਮੀਟਿੰਗ ਕਰਕੇ ਟਾਲ-ਮਟੋਲ ਦੀ ਨੀਤੀ ਖਿਲਾਫ਼ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਜ਼ਬਰਦਸਤ ਗੁੱਸਾ ਪੈਦਾ ਕਰ ਦਿੱਤਾ ਗਿਆ ਹੈ। ਇਸ ਕਰਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਨੇ ਮੀਟਿੰਗ ਕਰਕੇ ਪੰਜਾਬ ਸਰਕਾਰ ਵਿਰੁੱਧ ਐਕਸ਼ਨ ਕਰਨ ਦਾ ਫੈਸਲਾ ਕਰ ਦਿੱਤਾ ਗਿਆ ਹੈ। ਮੀਟਿੰਗ ਵਿੱਚ ਪ੍ਰਧਾਨ ਰਾਧੇ ਸ਼ਿਆਮ, ਵਰਕਿੰਗ ਪ੍ਰਧਾਨ ਚਮਕੌਰ ਸਿੰਘ ਬਰਮੀ, ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ, ਵਰਕਿੰਗ ਜਨਰਲ ਸਕੱਤਰ ਨਰਿੰਦਰ ਕੁਮਾਰ ਬੱਲ, ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ, ਰਾਜਿੰਦਰ ਸਿੰਘ, ਚਰਨ ਸਿੰਘ ਰਾਜਪੁਰਾ, ਸੰਤੋਖ ਸਿੰਘ ਬੋਪਾਰਾਏ, ਛਿੰਦਰ ਸਿੰਘ ਚਾਹਲ, ਸਕੱਤਰ ਗੁਰਮੇਲ ਸਿੰਘ ਨਾਹਰ, ਬਲਬੀਰ ਸਿੰਘ ਮਾਨ, ਜਗਦੇਵ ਸਿੰਘ ਬਾਹੀਆ ਆਦਿ ਸ਼ਾਮਲ ਹੋਏ। ਸਾਂਝੇ ਫਰੰਟ ਦੇ ਫੈਸਲੇ ਅਨੁਸਾਰ 5 ਤੋਂ 12 ਅਗਸਤ ਜ਼ਿਲ੍ਹਾ ਤੇ ਤਹਿਸੀਲਾਂ ਉਪਰ ਮੁੱਖ ਮੰਤਰੀ ਭਗਵੰਤ ਮਾਨ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਪਿੱਟ ਸਿਆਪਾ ਕਰਕੇ ਪੁਤਲੇ ਸਾੜੇ ਜਾਣਗੇ। ਇਨ੍ਹਾਂ ਰੋਸ ਰੈਲੀਆਂ ਦੀ ਤਿਆਰੀ ਲਈ 1 ਅਗਸਤ ਨੂੰ 2.30 ਵਜੇ ਸਾਰੇ ਜ਼ਿਲ੍ਹਿਆਂ ਵਿੱਚ ਮੀਟਿੰਗਾਂ ਕੀਤੀਆਂ ਜਾਣਗੀਆਂ। ਜੇਕਰ 20 ਅਗਸਤ ਦੀ ਮੀਟਿੰਗ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਸਲੇ ਹੱਲ ਨਾ ਕਰਕੇ ਫਿਰ ਅੱਗੇ ਪਾਉਣ ਦੀ ਕੋਸ਼ਿਸ਼ ਕੀਤੀ ਤਾਂ 23 ਅਗਸਤ ਨੂੰ ਵੱਡੀ ਮੀਟਿੰਗ ਲੁਧਿਆਣਾ ਵਿਖੇ ਕਰਕੇ ਸਰਕਾਰ ਖ਼ਿਲਾਫ਼ ਸਖ਼ਤ ਘੋਲ ਸ਼ੁਰੂ ਹੋਵੇਗਾ।

ਪੰਜਾਬ ਪੈਨਸ਼ਨਰਾਂ ਦੇ ਮੁੱਖ ਮਸਲੇ 31.12.2015 ਤੋਂ ਪਹਿਲਾਂ ਰਿਟਾਇਰਡ ਸਾਥੀਆਂ ਦੀ ਪੈਨਸ਼ਨ 2.59 ਦੇ ਗੁਣਕ ਨਾਲ ਸੁਧਾਈ ਕਰਨਾ, 66 ਮਹੀਨਿਆਂ ਦੇ ਏਰੀਅਰ ਦਾ ਬਕਾਇਆ ਯੱਕਮੁਸ਼ਤ ਦੇਣਾ, ਮਹਿੰਗਾਈ ਭੱਤੇ ਦੀਆਂ ਪਿਛਲੀਆਂ ਕਿਸ਼ਤਾਂ ਅਤੇ 13% ਡੀ ਏ ਸੈਂਟਰ ਸਰਕਾਰ ਦੀ ਤਰਜ਼ 'ਤੇ ਦਿੱਤਾ ਜਾਵੇ, 200/- ਰੁਪਏ ਜਜ਼ੀਆ ਟੈਕਸ ਬੰਦ ਕੀਤਾ ਜਾਵੇ 'ਤੇ ਇਸ ਦੀ ਵਾਧੂ ਕੀਤੀ ਕਟੌਤੀ ਵਾਪਸ ਕੀਤੀ ਜਾਵੇ। ਜੁਆਇੰਟ ਫੋਰਮ ਬਿਜਲੀ ਮੁਲਾਜ਼ਮ ਏਕਤਾ ਮੰਚ ਤੇ ਪਾਵਰਕਾਮ ਤੇ ਟਰਾਂਸਕੋ ਪੈਨਸ਼ਨ ਯੂਨੀਅਨ ਪੰਜਾਬ ਸਬੰਧਤ ਏਟਕ, ਨਾਲ ਪਾਵਰਕਾਮ ਮੈਨੇਜਮੈਂਟ ਅਤੇ ਬਿਜਲੀ ਮੰਤਰੀ ਮੰਗਾਂ 'ਤੇ ਸਹਿਮਤੀਆਂ ਦੇ ਕੇ ਲਾਗੂ ਨਾ ਕਰਨ ਕਰਕੇ ਸਾਂਝੇ ਮੁਹਾਜ਼ ਵਜੋਂ ਬਿਜਲੀ ਮੰਤਰੀ ਦੀ ਕੋਠੀ ਅੱਗੇ ਮਿਤੀ 27.7.2025 ਨੂੰ ਅੰਮ੍ਰਿਤਸਰ ਵਿਖੇ ਸਾਂਝਾ ਵਿਸ਼ਾਲ ਧਰਨਾ ਮਾਰਿਆ ਗਿਆ। 11.8.2025 ਤੋਂ 13.8.2025 ਤੱਕ ਸਮੂਹ ਮੁਲਾਜ਼ਮ ਮਾਸ ਛੁੱਟੀ ਲੈਣਗੇ। ਪੈਨਸ਼ਨਰ ਵੱਡੀ ਗਿਣਤੀ ਵਿੱਚ ਦਫ਼ਤਰ ਧਰਨਿਆਂ ਵਿੱਚ ਪੂਰੇ ਜੋਸ਼-ਜ਼ੋਰ ਨਾਲ ਸ਼ਾਮਲ ਹੋਣਗੇ। ਜੇਕਰ ਫ਼ੇਰ ਵੀ ਝੂਠੇ ਵਾਅਦੇ ਕਰਕੇ ਸੱਤਾ 'ਚ ਆਈ ਭੱਤਾਂ ਦੀ ਸਰਕਾਰ ਦੇ ਕੰਨਾਂ 'ਤੇ ਜੂੰ ਨਾ ਸਰਕੀ ਤਾਂ ਫਰਵਰੀ 2027 ਦੀਆਂ ਚੋਣਾਂ ਅੰਦਰ ਪੱਕੇ ਤੌਰ 'ਤੇ ਕੁਰਸੀ ਤੋਂ ਲਾਂਭੇ ਕਰਕੇ ਰਿਆਂਗੇ, ਜਿਸ ਦਾ ਮੁੱਢ ਤਰਨਤਾਰਨ ਜ਼ਿਮਨੀ ਚੋਣਾਂ ਅੰਦਰ ਬੰਨ੍ਹ ਦਿੱਤਾ ਜਾਵੇਗਾ।

## ਬ੍ਰਹਮਾਕੁਮਾਰੀ ਸੰਸਥਾਨ ਨੇ ਜੇਲ੍ਹ ਤੇ ਬਿਰਧ ਆਸ਼ਰਮ 'ਚ ਮਨਾਇਆ ਰੱਖੜੀ ਦਾ ਤਿਉਹਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਤਿਲਕ ਨਗਰ ਗਲੀ ਨੰਬਰ 5 ਵਿੱਚ ਸਥਿਤ ਬ੍ਰਹਮਾਕੁਮਾਰੀ ਈਸ਼ਵਰੀਆ ਵਿਸ਼ਵ ਵਿਦਿਆਲਿਆ ਵੱਲੋਂ ਬੁਡਾਗੁੱਜਰ ਸਥਿਤ ਜੇਲ੍ਹ ਤੇ ਜਲਾਲਾਬਾਦ ਰੋਡ 'ਤੇ ਸਥਿਤ ਬਿਰਧ ਆਸ਼ਰਮ 'ਚ ਰੱਖੜੀ ਦੇ ਤਿਉਹਾਰ ਨੂੰ ਸਮਰਪਤ ਪ੍ਰੋਗਰਾਮ ਕਰਵਾਏ ਗਏ। ਇਸ ਦੌਰਾਨ ਸੰਸਥਾਨ ਵੱਲੋਂ ਬ੍ਰਹਮਾਕੁਮਾਰੀ ਸ਼ੋਭਾ ਦੀਦੀ, ਸਚਲ ਦੀਦੀ, ਸਿੰਮੀ ਦੀਦੀ ਨੇ ਭਰਾਵਾਂ ਨੂੰ ਰੱਖੜੀਆਂ ਬੰਨ੍ਹੀਆਂ। ਉਨ੍ਹਾਂ ਰੱਖੜੀ ਦੇ ਤਿਉਹਾਰ ਬਾਰੇ ਵੀ ਚਾਨਣਾ ਪਾਇਆ। ਜੇਲ੍ਹ ਵਿੱਚ ਬ੍ਰਹਮਾ ਕੁਮਾਰੀ ਭੈਣਾਂ ਨੇ ਜੇਲ੍ਹ ਸੁਪਰਡੈਂਟ ਨਵਜੀਤ ਸਿੰਘ, ਡਿਪਟੀ ਸੁਪਰਡੈਂਟ ਵਰਿੰਦਰ ਸਿੰਘ ਤੇ ਹੋਰ ਸਟਾਫ਼ ਮੈਂਬਰਾਂ ਨੂੰ ਰੱਖੜੀ ਦੇ ਤਿਉਹਾਰ ਦੀ ਵਧਾਈ ਦਿੱਤੀ। ਉਨ੍ਹਾਂ ਸੰਸਥਾਨ ਵੱਲੋਂ ਲਿਆਂਦਾ ਗਿਆ ਪ੍ਰਸ਼ਾਦ ਵੀ ਵੰਡਿਆ। ਇਸ ਮੌਕੇ ਭੈਣ ਰੇਣੂ, ਨੇਹਾ, ਪ੍ਰਭਜੋਤ, ਭੂਸ਼ਨ ਭਾਈ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਬਾਂਸਲ ਤੇ ਹੋਰ ਵੀ ਹਾਜ਼ਰ ਸਨ। ਦੂਜੇ ਪਾਸੇ ਬਿਰਧ ਆਸ਼ਰਮ 'ਚ ਬ੍ਰਹਮਾਕੁਮਾਰੀ ਭੈਣਾਂ ਨੇ ਪ੍ਰਧਾਨ ਸਰਬਜੀਤ ਸਿੰਘ ਦਰਦੀ, ਬੂਟਾ ਰਾਮ ਕਾਮਰਾ, ਕ੍ਰਿਸ਼ਨ ਲਾਲ, ਲੀਲਾਧਰ ਗੁਪਤਾ, ਐਡਵੋਕੇਟ ਸਵਰਨਜੀਤ, ਬਲਜੀਤ ਸਿੰਘ ਤੋਂ ਇਲਾਵਾ ਬਿਧ ਆਸ਼ਰਮ 'ਚ ਰਹਿ ਰਹੇ ਬਜ਼ੁਰਗਾਂ ਨੂੰ ਰੱਖੜੀਆਂ ਬੰਨ੍ਹਆਂ ਤੇ ਇਸ ਤਿਉਹਾਰ ਦੀ ਵਧਾਈ ਦਿੱਤੀ।

## 62 ਕਰੋੜ ਰੁਪਏ ਦੀ ਜੀ ਐੱਸ ਟੀ ਚੋਰੀ ਦਾ ਪਰਦਾਫਾਸ਼

**ਲੁਧਿਆਣਾ (ਰੈਕਟਰ ਕਥੂਰੀਆ)**-ਖਾਸ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਸੈਂਟਰਲ ਜੀਐਸਟੀ ਲੁਧਿਆਣਾ ਵੱਲੋਂ ਆਡੀਓ-ਵੀਡੀਓ ਉਤਪਾਦਨ ਖੇਤਰ ਦੀਆਂ ਕਈ ਫਰਮਾਂ ਵਿਰੁੱਧ ਜਾਂਚ ਕੀਤੀ ਗਈ, ਜਿਸ ਵਿੱਚ 62 ਕਰੋੜ ਰੁਪਏ ਦੀ ਜੀਐਸਟੀ ਚੋਰੀ ਦਾ ਖੁਲਾਸਾ ਹੋਇਆ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਫਰਮਾਂ ਨੇ ਵਿਦੇਸ਼ੀ ਸੰਸਥਾਵਾਂ ਤੋਂ 342 ਕਰੋੜ ਰੁਪਏ ਦੀਆਂ ਸੇਵਾਵਾਂ ਆਯਾਤ ਕੀਤੀਆਂ ਸਨ ਤੇ ਉਨ੍ਹਾਂ 'ਤੇ ਜੀਐਸਟੀ ਦਾ ਭੁਗਤਾਨ ਨਹੀਂ ਕੀਤਾ। ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਫਰਮਾਂ ਨੇ ਜੀਐਸਟੀ ਕਾਨੂੰਨਾਂ ਅਧੀਨ ਨਿਰਧਾਰਤ ਕਿਸੇ ਵੀ ਦਸਤਾਵੇਜ਼ੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ, ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਟੈਕਸ ਚੋਰੀ ਚੰਗੀ ਤਰ੍ਹਾਂ ਯੋਜਨਾਬੱਧ ਤੇ ਜਾਣਬੁੱਝ ਕੇ ਕੀਤੀ ਗਈ ਸੀ। ਇਨ੍ਹਾਂ ਫਰਮਾਂ ਨੂੰ ਚਲਾਉਣ ਤੇ ਬਣਾਉਣ 'ਚ ਸ਼ਾਮਲ ਦੋ ਵਿਅਕਤੀਆਂ ਨੂੰ 30 ਜੁਲਾਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਹੁਣ ਤੱਕ ਕੀਤੀਆਂ ਗਈਆਂ ਇਨ੍ਹਾਂ ਦੋ ਗ੍ਰਿਫ਼ਤਾਰੀਆਂ ਦੇ ਨਾਲ ਇਸ ਨੈੱਟਵਰਕ ਦੀ ਪੂਰੀ ਲੜੀ ਅਤੇ ਚੋਰੀ ਦੀ ਕੁੱਲ ਰਕਮ ਦਾ ਪਰਦਾਫਾਸ਼ ਕਰਨ ਲਈ ਜਾਂਚ ਅਜੇ ਵੀ ਜਾਰੀ ਹੈ। ਸੀਜੀਐਸਟੀ ਲੁਧਿਆਣਾ ਕਮਿਸ਼ਨਰੇਟ ਇਮਾਨਦਾਰ ਟੈਕਸਦਾਤਾਵਾਂ ਲਈ ਬਰਾਬਰੀ ਦੇ ਮੈਦਾਨ ਨੂੰ ਯਕੀਨੀ ਬਣਾਉਣ ਤੇ ਟੈਕਸ ਧੋਖਾਧੜੀ ਦੀ ਪਛਾਣ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਾ ਹੈ

## ਬੇਅਦਬੀ ਰੋਕੂ ਬਿੱਲ ਸੰਬੰਧੀ ਇਕੱਤਰਤਾ 'ਚ ਪੰਜਾਬ ਦੇ ਸਾਰੇ ਧਰਮਾਂ ਦੇ ਪੈਰੋਕਾਰ ਪਹੁੰਚਣ : ਭਾਈ ਗੁਰਪ੍ਰੀਤ ਸਿੰਘ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿਛਲੇ 10 ਸਾਲਾਂ ਤੋਂ ਪੰਜਾਬੀਆਂ ਵੱਲੋਂ ਝੱਲੀ ਜਾ ਰਹੀ ਬੇਅਦਬੀਆਂ ਦੀ ਲੰਬੀ ਤੜਫਣਾ ਤੋਂ ਬਾਅਦ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ ਸੂਬੇ ਦਾ ਸਪੈਸ਼ਲ ਐਕਟ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਸਬੰਧੀ ਪੰਜਾਬ ਵਿਧਾਨ ਸਭਾ ਵੱਲੋਂ ਗਠਿਤ ਸਿਲੈਕਟ ਕਮੇਟੀ ਨੇ 31 ਅਗਸਤ ਤੱਕ ਸੁਝਾਅ ਮੰਗੇ ਹਨ, ਜੋ ਕਿ ਇੱਕ ਚੰਗਾ ਕਦਮ ਹੈ, ਪਰ ਏਸੇ ਹੀ ਤੇਜ਼ੀ ਨਾਲ ਇਹ ਬਿੱਲ ਕਾਨੂੰਨ ਬਣ ਸਕੇ, ਇਸ ਲਈ ਸ਼ਹੀਦਾਂ ਦੀ ਧਰਤੀ ਸ੍ਰੀ ਫਤਿਹਗੜ੍ਹ ਸਾਹਿਬ ਦੇ ਦੀਵਾਨ ਟੋਡਰ ਮੱਲ ਹਾਲ ਵਿਖੇ 'ਧਰਮ ਕਾ ਜੈਕਾਰ' ਇਕੱਤਰਤਾ ਬੁਲਾਈ ਗਈ ਹੈ। ਇਹ ਵਿਚਾਰ ਭਾਈ ਗੁਰਪ੍ਰੀਤ ਸਿੰਘ ਮੋਰਚਾ ਕੋਆਰਡੀਨੇਟਰ ਸਰਬ ਧਰਮ ਬੇਅਦਬੀ ਰੋਕੂ ਕਾਨੂੰਨ ਮੋਰਚਾ (ਟਾਵਰ ਮੋਰਚਾ) ਸਮਾਣਾ ਤੇ ਮੁੱਖ ਸੇਵਾਦਾਰ ਅੱਠੇ ਪਹਿਰ ਟਹਿਲ ਸੇਵਾ ਲਹਿਰ ਸ੍ਰੀ ਅਨੰਦਪੁਰ ਸਾਹਿਬ ਨੇ ਮੀਡੀਆ ਨਾਲ ਸਾਂਝੇ ਕਰਦੇ ਹੋਏ ਦੱਸਿਆ ਕਿ ਸ੍ਰੀ ਫਤਿਹਗੜ੍ਹ ਸਾਹਿਬ ਦੀ ਧਰਤੀ 'ਤੇ ਹੀ ਬਾਬਾ ਬੰਦਾ ਸਿੰਘ ਬਹਾਦਰ ਨੇ ਪਾਪੀਆਂ ਨੂੰ ਦੰਡ ਦਿੱਤਾ ਸੀ, ਇਸ ਲਈ ਬੇਅਦਬੀਆਂ ਦੇ ਦੋਸ਼ੀਆਂ ਲਈ ਸਖ਼ਤ ਕਾਨੂੰਨ ਬਣਾਉਣ 'ਤੇ ਵਿਚਾਰਾਂ ਕਰਨ ਲਈ ਵੀ ਇਸ ਧਰਤੀ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਾਰੇ ਧਰਮਾਂ ਦੇ ਪੈਰੋਕਾਰਾਂ ਦੀ ਇੱਕ ਇਕੱਤਰਤਾ 3 ਜੁਲਾਈ ਨੂੰ ਸਵੇਰੇ 10 ਵਜੇ ਬੁਲਾਈ ਗਈ ਹੈ। ਇਸ ਇਕੱਤਰਤਾ ਵਿੱਚ ਸਭ ਧਰਮਾਂ ਦੇ ਆਗੂ ਸਾਹਿਬਾਨ, ਵਿਦਵਾਨ ਤੇ ਕਾਨੂੰਨੀ ਮਾਹਰ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਨਗੇ ਤਾਂ ਕਿ ਇੱਕ ਸਾਂਝੀ ਰਾਏ ਸਿਲੈਕਟ ਕਮੇਟੀ ਤੱਕ ਪਹੁੰਚਾਈ ਜਾ ਸਕੇ। ਇਸ ਲਈ ਅਸੀਂ ਮੋਰਚੇ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਡਾਕਟਰ ਇੰਦਰਬੀਰ ਸਿੰਘ ਨਿੱਜਰ ਚੇਅਰਮੈਨ, ਸਿਲੈਕਟ ਕਮੇਟੀ ਨੂੰ ਇਸ ਇਕੱਤਰਤਾ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣ ਲਈ ਮਿਲ ਕੇ ਬੇਨਤੀ ਕਰ ਚੁੱਕੇ ਹਾਂ ਅਤੇ ਹੁਣ ਮੀਡੀਆ ਰਾਹੀਂ ਵੀ ਬੇਨਤੀ ਕਰਦੇ ਹਾਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਭਰਪੂਰ ਸਿੰਘ, ਬਾਬਾ ਸੁਖਜਿੰਦਰ ਸਿੰਘ, ਭਾਈ ਰਣਜੀਤ ਸਿੰਘ, ਬਾਬਾ ਗੁਰਦੀਪ ਸਿੰਘ ਭੁੱਲਰ, ਭਾਈ ਮੁੱਖਤਿਆਰ ਸਿੰਘ, ਚੇਅਰਮੈਨ ਹਰਿੰਦਰ ਸਿੰਘ, ਬਾਬਾ ਜੱਸਾ ਸਿੰਘ, ਭਾਈ ਜਸਵਿੰਦਰ ਸਿੰਘ, ਭਾਈ ਜਰਨੈਲ ਸਿੰਘ, ਭਾਈ ਸੁਖਜਿੰਦਰ ਸਿੰਘ ਫੌਜੀ, ਭਾਈ ਸਾਹਿਬ ਸਿੰਘ, ਭਾਈ ਗੁਰਜੰਟ ਸਿੰਘ, ਭਾਈ ਪ੍ਰਗਟ ਸਿੰਘ ਹਾਜ਼ਰ ਸਨ।

## 'ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਕੀਤਾ ਜਾਗਰੂਕ



**ਸ਼ੇਰਪੁਰ (ਰਵੀ ਟਿੱਬਾ)**-ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ ਦੇ ਹੁਕਮਾਂ ਤੇ ਸਿਵਲ ਸਰਜਨ ਮਲੇਰਕੋਟਲਾ ਡਾ. ਸੰਜੇ ਗੋਇਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਮਨਦੀਪ ਕੌਰ ਤੇ ਸੀਨੀਅਰ ਮੈਡੀਕਲ ਅਫ਼ਸਰ ਇੰ. ਪੀ ਐੱਚ ਸੀ. ਫਤਿਹਗੜ੍ਹ ਪੰਜਗਰਾਈਆਂ ਡਾ. ਗੁਰਪ੍ਰੀਤ ਸਿੰਘ ਭਿੰਡਰ ਦੀ ਯੋਗ ਅਗਵਾਈ ਹੇਠ ਪਿੰਡ ਕੁਠਾਲਾ ਵਿਖੇ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਲੋਕਾਂ ਨੂੰ ਡੇਂਗੂ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਬਲਾਕ ਐਜੂਕੇਟਰ ਜਗਸੀਰ ਸਿੰਘ ਟਿੱਬਾ ਨੇ ਦੱਸਿਆ ਕਿ ਡੇਂਗੂ ਤੋਂ ਬਚਾਅ ਲਈ ਆਪਣੇ ਘਰ ਤੇ ਆਲੇ-ਦੁਆਲੇ ਸਾਫ਼-ਸਫ਼ਾਈ ਰੱਖਣੀ ਚਾਹੀਦੀ ਹੈ ਤੇ ਇਸ ਦੇ ਨਾਲ ਹੀ ਮੱਛਰਾਂ ਤੋਂ ਬਚਾਅ ਦੇ ਉਪਾਅ ਕਰਨੇ ਬਹੁਤ ਜ਼ਰੂਰੀ ਹਨ, ਜਿਸ ਵਿੱਚ ਘਰਾਂ 'ਚ ਗਮਲਿਆਂ, ਕੂਲਰਾਂ ਜਾਂ ਪੁਰਾਣੇ ਟਾਇਰਾਂ ਆਦਿ ਵਿੱਚ ਪਾਣੀ ਨੂੰ ਜਮ੍ਹਾਂ ਨਾ ਹੋਣ ਦੇਣਾ ਬਹੁਤ ਜ਼ਰੂਰੀ ਹੈ, ਕਿਉਂਕਿ ਡੇਂਗੂ ਦਾ ਲਾਰਵਾ ਸਾਫ਼ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਸਰੀਰ 'ਤੇ ਪੂਰੇ ਕੱਪੜੇ ਪਾ ਕੇ ਰੱਖਣਾ ਤੇ ਮੱਛਰਦਾਨੀ ਦੀ ਵਰਤੋਂ ਕਰਨ ਨਾਲ ਡੇਂਗੂ ਤੋਂ ਬਚਿਆ ਜਾ ਸਕਦਾ ਹੈ। ਡੇਂਗੂ ਦੇ ਲੱਛਣਾਂ ਬਾਰੇ ਗੱਲ ਕਰਦੇ ਉਨ੍ਹਾਂ ਕਿਹਾ ਕਿ ਤੇਜ਼ ਬੁਖਾਰ, ਸਰੀਰ ਤੇ ਜੋੜਾਂ ਵਿੱਚ ਦਰਦ, ਚਮੜੀ 'ਤੇ ਰੈਸ਼, ਅੱਖਾਂ ਦੇ ਪਿੱਛੇ ਦਰਦ, ਨੱਕ ਜਾਂ ਮੂੰਹ ਤੋਂ ਖੂਨ ਆਉਣਾ ਡੇਂਗੂ ਦੇ ਲੱਛਣ ਹੋ ਸਕਦੇ ਹਨ। ਜੇਕਰ ਕੋਈ ਵੀ ਵਿਅਕਤੀ ਡੇਂਗੂ ਤੋਂ ਪੀੜਤ ਹੋ ਜਾਂਦਾ ਹੈ ਤਾਂ ਉਸ ਨੂੰ ਘਬਰਾਉਣ ਦੀ ਲੋੜ ਨਹੀਂ ਹੈ। ਵਿਅਕਤੀ ਨੂੰ ਜਲਦੀ ਤੋਂ ਜਲਦੀ ਆਪਣੇ ਨੇੜੇ ਤੇ ਸਿਹਤ ਕੇਂਦਰ 'ਚ ਜਾ ਕੇ ਆਪਣੀ ਖ਼ੂਨ ਦੀ ਜਾਂਚ ਕਰਾਉਣੀ ਚਾਹੀਦੀ ਹੈ ਅਤੇ ਡਾਕਟਰ ਦੀ ਸਲਾਹ ਨਾਲ ਹੀ ਲੋੜੀਂਦਾ ਇਲਾਜ ਲੈਣਾ ਚਾਹੀਦਾ ਹੈ।

## ਸਿਵਲ ਹਸਪਤਾਲ ਤੋਂ ਫਰਾਰ ਦੋਸ਼ੀ ਯੂ ਪੀ ਤੋਂ ਗ੍ਰਿਫਤਾਰ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸੀਨੀਅਰ ਕਪਤਾਨ ਪੁਲਸ ਮਾਲੇਰਕੋਟਲਾ ਗਗਨ ਅਜੀਤ ਸਿੰਘ ਨੇ ਦੱਸਿਆ ਕਿ ਮਾੜੇ ਅਨਸਰਾਂ ਨੂੰ ਗ੍ਰਿਫਤਾਰ ਕਰਨ ਲਈ ਚਲਾਈ ਗਈ ਮੁਹਿੰਮ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ, ਜਦੋਂ ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸੱਤਪਾਲ ਸ਼ਰਮਾ ਤੇ ਉਪ ਕਪਤਾਨ ਪੁਲਿਸ (ਇੰਨ:) ਸ਼ਤੀਸ਼ ਕੁਮਾਰ ਦੀ ਨਿਗਰਾਨੀ ਹੇਠ ਇੰਸਪੈਕਟਰ ਹਰਸਿਮਰਨਜੀਤ ਸਿੰਘ ਇੰਚਾਰਜ ਸੀ.ਆਈ.ਏ ਮਾਹੋਰਾਣਾ ਤੇ ਉਨ੍ਹਾਂ ਦੀ ਟੀਮ ਵੱਲੋਂ ਮੁਕੱਦਮਾ ਨੰਬਰ 148 ਮਿਤੀ 14/06/2025 ਅ/ਧ 262,115(2) ਥਾਣਾ ਸਿਟੀ-1 ਮਾਲੇਰਕੋਟਲਾ ਦੇ ਦੋਸ਼ੀ ਅਬਦੁਲ ਰਹਿਮਾਨ ਪੁੱਤਰ ਅਬਦੁਲ ਸਤਾਰ ਵਾਸੀ ਪੱਕਾ ਦਰਵਾਜਾ ਮਾਲੇਰਕੋਟਲਾ ਨੂੰ ਉੱਤਰ ਪ੍ਰਦੇਸ (ਯੂ.ਪੀ) ਤੋਂ ਹਸਬ ਜਾਬਤਾ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਕਤ ਦੋਸ਼ੀ ਅਬਦੁਲ ਰਹਿਮਾਨ ਦੇ ਖਿਲਾਫ ਮੋਟਰਸਾਈਕਲ ਚੋਰੀ ਕਰਨ ਸਬੰਧੀ ਮੁਕੱਦਮਾ ਨੰਬਰ 45 ਮਿਤੀ 12/06/2025 ਅ/ਧ 303 (2) ਵਾਧਾ ਜੁਰਮ 317 (2) ਥਾਣਾ ਸਿਟੀ ਅਹਿਮਦਗੜ੍ਹ ਵਿਖੇ ਦਰਜ ਕੀਤਾ ਗਿਆ ਸੀ। ਇਸ ਮੁਕੱਦਮੇ 'ਚ ਥਾਣਾ ਸਿਟੀ ਅਹਿਮਦਗੜ੍ਹ ਦੀ ਪੁਲਿਸ ਪਾਰਟੀ ਦੋਸ਼ੀ ਮੁਹੰਮਦ ਰਹਿਮਾਨ ਉਕਤ ਦਾ ਮੈਡੀਕਲ ਕਰਾਉਣ ਲਈ ਸਿਵਲ ਹਸਪਤਾਲ ਮਾਲੇਰਕੋਟਲਾ ਲੈ ਕੇ ਆਈ ਸੀ, ਜਿੱਥੋਂ ਦੋਸ਼ੀ ਅਬਦੁਲ ਰਹਿਮਾਨ ਉਕਤ ਪੁਲਿਸ ਪਾਰਟੀ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ ਸੀ, ਜਿਸ ਕਰਕੇ ਦੋਸ਼ੀ ਅਬਦੁਲ ਰਹਿਮਾਨ ਉਕਤ ਦੇ ਖਿਲਾਫ ਮੁਕੱਦਮਾ ਨੰਬਰ ਮੁਕੱਦਮਾ ਨੰਬਰ 148 ਮਿਤੀ 14/06/2025 ਅ/ਧ 262, 115(2) ਥਾਣਾ ਸਿਟੀ-1 ਮਾਲੇਰਕੋਟਲਾ ਵਿਖੇ ਦਰਜ ਕੀਤਾ ਗਿਆ ਸੀ।

## ਅਧਿਆਪਕਾਂ ਦੀਆਂ ਮੰਗਾਂ ਨੂੰ ਲੈ ਕੇ 5 ਨੂੰ ਮੋਹਾਲੀ ਤੋਂ ਵੱਜੇਗਾ ਸੰਘਰਸ਼ੀ ਬਿਗੁਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀਟੀਐੱਫ) ਨੇ ਅਧਿਆਪਕਾਂ ਦੀਆਂ ਮੰਗਾਂ ਪੂਰੀਆਂ ਨਾ ਹੋਣ ਕਾਰਨ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ, ਜਿਸ ਦੇ ਤਹਿਤ 5 ਅਗਸਤ ਨੂੰ ਅਧਿਆਪਕਾਂ ਦਾ ਇੱਕ ਸਮੂਹਕ ਵਫ਼ਦ ਪੀੜਤ ਅਧਿਆਪਕਾਂ ਨੂੰ ਨਾਲ ਲੈ ਕੇ ਸਵੇਰੇ 10 ਵਜੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਤੋਂ ਸਿੱਖਿਆ ਡਾਇਰੈਕਟੋਰੇਟ ਮੋਹਾਲੀ ਤੱਕ ਰੋਸ ਮਾਰਚ ਕਰੇਗਾ। ਇਸ ਰੋਸ ਮਾਰਚ ਤੋਂ ਬਾਅਦ ਸਿੱਖਿਆ ਮੰਤਰੀ ਤੇ ਸਿੱਖਿਆ ਸਕੱਤਰ ਨੂੰ 5 ਸਤੰਬਰ 'ਅਧਿਆਪਕ ਦਿਵਸ' ਲਈ ਫੈਸਲਾਕੁੰਨ ਸੰਘਰਸ਼ ਦਾ 'ਨੋਟਿਸ' ਤੇ 'ਮੰਗ ਪੱਤਰ' ਸੌਂਪਿਆ ਜਾਵੇਗਾ। ਜੇਕਰ ਅਧਿਆਪਕਾਂ ਦੀਆਂ ਮੰਗਾਂ ਦਾ ਕੋਈ ਹੱਲ ਨਾ ਨਿਕਲਿਆ ਤਾਂ 'ਅਧਿਆਪਕ ਦਿਵਸ' ਮੌਕੇ ਵੱਡਾ ਐਕਸ਼ਨ ਹੋਵੇਗਾ। ਡੀਟੀਐੱਫ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਤੇ ਜਨਰਲ ਸਕੱਤਰ ਮਹਿੰਦਰ ਕੌੜਿਆਂ ਵਾਲੀ ਨੇ ਦੱਸਿਆ ਕਿ ਸਿੱਖਿਆ ਸਕੱਤਰ ਵੱਲੋਂ ਡਾ. ਰਵਿੰਦਰ ਕੰਬੋਜ ਤੇ ਨਰਿੰਦਰ ਭੰਡਾਰੀ ਨੂੰ ਜਾਰੀ ਕੀਤੀਆਂ ਟਰਮੀਨੇਸ਼ਨਾਂ ਰੱਦ ਕਰਕੇ ਸੇਵਾਵਾਂ ਰੈਗੂਲਰ ਕਰਨ ਤੇ ਓਡੀਐੱਲ ਅਧਿਆਪਕਾਂ ਦੇ ਰੈਗੂਲਰ ਆਰਡਰ ਇੱਕ ਹਫ਼ਤੇ ਵਿੱਚ ਜਾਰੀ ਕਰਨ ਦਾ ਭਰੋਸਾ ਸਿਰਫ਼ ਇੱਕ ਲਾਰਾ ਸਾਬਿਤ ਹੋਇਆ ਹੈ। ਡੀਟੀਐੱਫ ਨੇ ਦੱਸਿਆ ਕਿ 6635 ਈਟੀਟੀ, 3704 ਮਾਸਟਰ ਤੇ 899 ਅੰਗਰੇਜ਼ੀ ਅਧਿਆਪਕ ਭਰਤੀ ਦੀਆਂ ਰਿਕਵੈਸਟ ਚੋਣ ਸੂਚੀਆਂ ਤੋਂ ਬਾਹਰ ਕੀਤੇ 300 ਅਧਿਆਪਕਾਂ ਦੀਆਂ ਸੇਵਾਵਾਂ ਖ਼ਤਮ ਕਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਦੇ ਨਾਲ ਹੀ ਰੈਗੂਲਰ ਹੋ ਚੁੱਕੇ ਓਡੀਐੱਲ ਅਧਿਆਪਕਾਂ ਦੇ 10 ਸਾਲਾਂ ਦੇ ਤਨਖ਼ਾਹ ਬਕਾਏ ਤੇ 180 ਅਧਿਆਪਕਾਂ ਨੂੰ ਮੁੱਢਲੀ ਭਰਤੀ 4500 ਈਟੀਟੀ ਦੇ ਬਣਦੇ ਲਾਭ ਵੀ ਨਹੀਂ ਮਿਲੇ ਹਨ। ਇਸ ਤੋਂ ਇਲਾਵਾ ਕੰਪਿਊਟਰ ਫੈਕਲਟੀ, ਮੈਰੀਟੋਰੀਅਸ ਅਧਿਆਪਕਾਂ ਤੇ ਸਾਰੇ ਕੱਚੇ ਅਧਿਆਪਕਾਂ ਅਤੇ ਨਾਨ-ਟੀਚਿੰਗ ਸਟਾਫ਼ ਨੂੰ ਵੀ ਸਿੱਖਿਆ ਵਿਭਾਗ ਵਿੱਚ ਪੂਰੀ ਤਰ੍ਹਾਂ ਰੈਗੂਲਰ ਨਹੀਂ ਕੀਤਾ ਗਿਆ ਹੈ। ਆਗੂਆਂ ਨੇ ਦੱਸਿਆ ਕਿ 3582 ਮਾਸਟਰ ਕਾਡਰ ਨੂੰ ਸਾਰੇ ਬਕਾਏ ਦੇਣ, ਠੇਕੇ ਦੇ ਆਧਾਰ 'ਤੇ ਕੀਤੀ ਸੇਵਾ ਨੂੰ ਵੀ ਸਾਲਾਨਾ ਛੁੱਟੀਆਂ ਵਿੱਚ ਸ਼ਾਮਲ ਕਰਨ ਤੇ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਅਧਿਆਪਕਾਂ ਲਈ ਛੇਵੇਂ ਪੰਜਾਬ ਤਨਖ਼ਾਹ ਸਕੇਲਾਂ ਅਨੁਸਾਰ ਪੇਅ ਫਿਕਸੇਸ਼ਨ ਦੀ ਮੰਗ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪ੍ਰਮੋਸ਼ਨਾਂ ਨੂੰ ਮੁਕੰਮਲ ਕਰਨ ਦਾ ਭਰੋਸਾ ਵੀ ਝੂਠ ਦਾ ਪੁਲੰਦਾ ਸਾਬਿਤ ਹੋਇਆ ਹੈ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ 5 ਸਤੰਬਰ ਨੂੰ ਵੱਡਾ ਐਕਸ਼ਨ ਕੀਤਾ ਜਾਵੇਗਾ।

## ਫ਼ਤਹਿ ਸਕੂਲ ਦੇ ਵਿਦਿਆਰਥੀਆਂ ਮਾਰੀਆਂ ਜ਼ੋਨ ਪੱਧਰੀ ਖੇਡਾਂ 'ਚ ਮੱਲਾਂ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫ਼ਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਫ਼ਤਿਹ ਸਕੂਲ ਨੇ ਜ਼ੋਨ ਪੱਧਰੀ ਸਕੂਲ ਖੇਡਾਂ ਦੇ ਕਬੱਡੀ ਮੁਕਾਬਲਿਆਂ ਵਿੱਚ ਵੱਖ-ਵੱਖ ਸਕੂਲਾਂ ਦੇ ਖਿਡਾਰੀਆਂ-ਖਿਡਾਰਨਾਂ ਨੂੰ ਚਿੱਤ ਕਰਕੇ ਧੋਬੀ ਪਟਕਾ ਦੇ ਦਿੱਤਾ ਹੈ, ਜਿਸ ਕਾਰਨ ਸੰਸਥਾ ਵਿੱਚ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ। ਖੇਡ ਵਿਭਾਗ ਦੇ ਮੁਖੀ ਪ੍ਰੋ ਕੁਲਦੀਪ ਸਿੰਘ ਤੇ ਪ੍ਰੋ ਵਰਿੰਦਰ ਕੌਰ ਨੇ ਦੱਸਿਆ ਕਿ ਕਬੱਡੀ ਸਰਕਲ ਅੰਡਰ-19 ਲੜਕੀਆਂ ਦੀ ਟੀਮ ਨੇ ਮਾਤਾ ਸੁੰਦਰੀ ਗਰਲਜ਼ ਸਕੂਲ ਢੱਡੇ ਨੂੰ 9.5/2 ਦੇ ਵੱਡੇ ਫ਼ਰਕ ਨਾਲ ਹਰਾਇਆ ਤੇ ਆਦਰਸ਼ ਸਕੂਲ ਚਾਉਕੇ ਨੂੰ 9/8.5 ਦੇ ਫਸਵੇਂ ਮੁਕਾਬਲੇ ਨਾਲ ਹਰਾ ਕੇ ਗੋਲਡ ਮੈਡਲ ਜਿੱਤਿਆ। ਇਸੇ ਤਰ੍ਹਾਂ ਕਬੱਡੀ ਸਰਕਲ ਅੰਡਰ-19 ਲੜਕਿਆਂ (ਮੁੰਡਿਆਂ) ਦੀ ਟੀਮ ਨੇ ਡੀ.ਐਮ. ਸਕੂਲ ਕਰਾੜਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੁੱਤੀਵਾਲ ਕਲਾਂ ਤੇ ਫਾਈਨਲ ਵਿੱਚ ਗੁਰੂ ਰਾਮਦਾਸ ਪਬਲਿਕ ਸਕੂਲ ਲਹਿਰਾ ਮੁਹੱਬਤ ਨੂੰ ਹਰਾ ਕੇ ਦੂਜਾ ਗੋਲਡ ਮੈਡਲ ਫੁੰਡਿਆ। ਤੀਜਾ ਕਬੱਡੀ ਗੋਲਡ ਮੈਡਲ ਕਬੱਡੀ ਨੈਸ਼ਨਲ ਅੰਡਰ-9 ਮੁੰਡਿਆਂ ਦੀ ਟੀਮ ਨੇ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਅਤੇ ਸਰਕਾਰੀ ਸੀਨੀਅਰ ਸਕੂਲ ਕੁੱਤੀਵਾਲ ਨੂੰ ਹਰਾ ਕੇ ਜਿੱਤਿਆ। ਫਤਿਹ ਗਰੁੱਪ ਦੇ ਚੇਅਰਮੈਨ ਐਸ. ਐਸ. ਚੱਠਾ ਨੇ ਖੇਡ ਜਿੱਤਾਂ 'ਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਇਹ ਸਾਡੀ ਸੰਸਥਾ ਦੇ ਖਿਡਾਰੀਆਂ ਤੇ ਅਧਿਆਪਕਾਂ ਦੀ ਲਗਨ ਦਾ ਨਤੀਜਾ ਹੈ। ਇਹ ਸਫਲਤਾ ਸਾਡੀ ਖੇਡ ਨੀਤੀ ਦੀ ਮਜ਼ਬੂਤੀ ਨੂੰ ਦਰਸਾਉਂਦੀ ਹੈ। ਉਨ੍ਹਾਂ ਨੌਜਵਾਨ ਲੜਕੇ ਲੜਕੀਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਲਈ ਪ੍ਰੇਰਿਆ ਤੇ ਸੂਬੇ ਨੂੰ ਨਸ਼ਾ ਮੁਕਤ ਕਰਨ ਦਾ ਸੱਦਾ ਦਿੱਤਾ। ਸਕੂਲ ਦੇ ਪ੍ਰਿੰਸੀਪਲ ਬਘੇਲ ਸਿੰਘ ਨੇ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਜੋ ਉਪਲਬਧੀਆਂ ਹਾਸਲ ਕੀਤੀਆਂ ਹਨ, ਉਹ ਉਨ੍ਹਾਂ ਦੀ ਸਖ਼ਤ ਮਿਹਨਤ, ਸਮਰਪਣ ਤੇ ਇਕਜੁੱਟਤਾ ਦਾ ਨਤੀਜਾ ਹਨ। ਅਸੀਂ ਅੱਗੇ ਵੀ ਉਨ੍ਹਾਂ ਨੂੰ ਹਰ ਪੱਖੋਂ ਹੌਸਲਾ ਅਫ਼ਜ਼ਾਈ ਦਿੰਦੇ ਰਹਾਂਗੇ।


**ਪਬਲਿਕ ਨੋਟਿਸ**

ICICI Bank Registered Office: ICICI Bank Tower, Near Chakli Circle, Old Padra Road, Vadodara- 390007
Corporate Office: ICICI Bank Towers, Bandra-Kurla Complex Mumbai 400051

**ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 13 ਅਗਸਤ 2025 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਮਾਨਸਾ | |
| 044662004605 | ਰਾਜਵਿੰਦਰ ਕੌਰ |

ਮਿਤੀ : 02.08.2025 ਸਹੀ/- ਅਧਿਕਾਰਤ ਅਫਸਰ
ਸਥਾਨ : ਮਾਨਸਾ ਵਾਸਤੇ ਆਈ ਸੀ ਆਈ ਸੀ ਆਈ ਬੈਂਕ ਲਿਮਟਿਡ


## ਆਲ ਇੰਡੀਆ ਹਿਊਮਨ ਰਾਈਟਸ ਵੱਲੋਂ ਪੈਨਸ਼ਨ ਵੰਡ ਸਮਾਰੋਹ




**ਜਗਰਾਉਂ (ਅਮਿਤ ਖੰਨਾ)**-ਸ਼ਿਵਾਲਿਕ ਮਾਡਲ ਸਕੂਲ ਦੇ ਐਮਡੀ ਡੀਕੇ ਸ਼ਰਮਾ ਤੇ ਪ੍ਰਿੰਸੀਪਲ ਨੀਲਮ ਸ਼ਰਮਾ ਨੇ ਆਪਣੀ ਸਵ: ਬੇਟੀ ਸਾਕਸ਼ੀ ਸ਼ਰਮਾ ਦੀ 16ਵੀਂ ਬਰਸੀ 'ਤੇ ਆਲ ਇੰਡੀਆ ਹਿਊਮਨ ਰਾਈਟਸ ਦੇ 185ਵੇਂ ਪੈਨਸ਼ਨ ਵੰਡ ਸਮਾਰੋਹ 'ਤੇ 25 ਬਜ਼ੁਰਗਾਂ ਨੂੰ ਪੈਨਸ਼ਨ ਵੰਡੀ ਤੇ ਨਾਲ ਹੀ ਰੂਹ ਅਫਜ਼ਾ ਦੀ ਇੱਕ-ਇੱਕ ਬੋਤਲ ਵੰਡੀ। ਸਮਾਗਮ ਦੇ ਗੈਸਟ ਆਫ਼ ਗਵਰਨਰ ਅਪਾਰ ਸਿੰਘ ਸਾਬਕਾ ਐਮਸੀ ਤੇ ਚੰਦਰ ਮੋਹਨ ਓਹਰੀ ਹਨ, ਜਿਨ੍ਹਾਂ ਨੇ ਸਵ: ਸਾਕਸ਼ੀ ਸ਼ਰਮਾ ਨੂੰ ਸ਼ਰਧਾ ਦੇ ਫੁੱਲ ਅਰਪਣ ਕੀਤੇ। ਸੰਸਥਾ ਦੇ ਪ੍ਰਧਾਨ ਮਨਜਿੰਦਰ ਪਾਲ ਸਿੰਘ ਹਨੀ ਤੇ ਸੈਕਟਰੀ ਰਾਜਨ ਬਾਂਸਲ ਨੇ ਦੱਸਿਆ ਕਿ ਸ਼ਰਮਾ ਪਰਵਾਰ ਲਗਭਗ 14-15 ਸਾਲਾਂ ਤੋਂ ਬੇਟੀ ਸਾਕਸ਼ੀ ਸ਼ਰਮਾ ਦੀ ਯਾਦ ਵਿੱਚ ਇਨ੍ਹਾਂ ਬਜ਼ੁਰਗਾਂ ਦੀ ਸੇਵਾ ਕਰਦੇ ਆ ਰਹੇ ਹਨ। ਪ੍ਰਿੰਸੀਪਲ ਨੀਲਮ ਸ਼ਰਮਾ ਦੀ ਨੂੰਹ ਈਸ਼ਤਾ ਸ਼ਰਮਾ ਨੇ ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਦੇ ਇਸ ਨੇਕ ਕੰਮ ਦੀ ਭਰਪੂਰ ਸ਼ਲਾਘਾ ਕੀਤੀ। ਸਟੇਜ ਦੀ ਭੂਮਿਕਾ ਦਮਨਦੀਪ ਸਿੰਘ ਤੇ ਰਾਜਨ ਜੈਨ ਨੇ ਬਹੁਤ ਵਧੀਆ ਢੰਗ ਨਾਲ ਨਿਭਾਈ। ਇਨ੍ਹਾਂ ਬਜ਼ੁਰਗਾਂ ਨੂੰ ਆਟੇ ਦੀਆਂ ਥੈਲੀਆਂ, ਸਰਬਜੀਤ ਸਿੰਘ ਛੀਨਾ ਸਪੁੱਤਰ ਮੇਜਰ ਸਿੰਘ ਛੀਨਾ ਦੇ ਪਰਵਾਰ ਵੱਲੋਂ ਦਿੱਤੀਆਂ ਗਈਆਂ।

## ਪੈਰਾਡਾਈਜ਼ ਸਕੂਲ 'ਚ ਮਨਾਇਆ ਤੀਆਂ ਦਾ ਤਿਉਹਾਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਵਿਖੇ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਦੇ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਦੀ ਅਗਵਾਈ ਵਿੱਚ ਸਕੂਲ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਸਜਾਇਆ ਗਿਆ।


ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੀ ਪੁਰਾਤਨ ਚੌਕਾ ਚੁੱਲ੍ਹਾ, ਚਰਖਾ, ਛੱਜ, ਪੀੜ੍ਹੀ, ਮੰਜਾ, ਪਿੱਤਲ ਦੇ ਭਾਂਡੇ, ਪੰਜਾਬੀ ਪਹਿਰਾਵਾ, ਗਹਿਣੇ, ਦੇਸੀ ਖਾਣੇ ਜਿਵੇਂ ਕਿ ਖੀਰ, ਮਾਲ ਪੂੜੇ, ਪਕੌੜੇ, ਕੜ੍ਹੀ ਆਦਿ ਪੇਸ਼ ਕੀਤੇ ਗਏ। ਇਸ ਦੌਰਾਨ ਅਧਿਆਪਕਾਵਾਂ ਤੇ ਵਿਦਿਆਰਥਣਾਂ ਨੇ ਲੋਕ ਗੀਤ, ਟੱਪੇ ਤੇ ਬੋਲੀਆਂ ਗਾ ਕੇ ਅਤੇ ਗਿੱਧਾ ਤੇ ਭੰਗੜਾ ਪਾ ਕੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਪ੍ਰੋਗਰਾਮ ਨੂੰ ਚਾਰ ਚੰਨ ਲਾਏ। ਵਿਦਿਆਰਥਣਾਂ ਤੇ ਅਧਿਆਪਕਾਵਾਂ ਨੇ ਪੀਂਘ ਝੂਟ ਕੇ ਆਨੰਦ ਮਾਣਿਆ। ਛੋਟੀਆਂ ਵਿਦਿਆਰਥਣਾਂ ਵੱਲੋਂ ਪੇਸ਼ ਰੈਂਪ ਵਾਕ ਨੇ ਪ੍ਰੋਗਰਾਮ ਨੂੰ ਸਿਖਰ 'ਤੇ ਪਹੁੰਚਾਇਆ। ਸਮਾਗਮ ਦੌਰਾਨ ਵਿਦਿਆਰਥਣਾਂ ਤੇ ਅਧਿਆਪਕਾਵਾਂ ਨੂੰ ਸੋਹਣੀ ਫੁਲਕਾਰੀ, ਸੋਹਣੀ ਜੁੱਤੀ, ਵੰਗਾਂ, ਝਾਂਜਰਾਂ, ਪਰਾਂਦਾ ਆਦਿ ਲਈ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ। ਵਿਦਿਆਰਥਣਾਂ ਵਿੱਚੋਂ ਮਿਸ ਤੀਜ ਮੰਨਤ ਕੌਰ ਤੇ ਰਨਰਅੱਪ ਗਗਨਦੀਪ ਕੌਰ ਨੂੰ ਚੁਣਿਆ ਗਿਆ। ਅਧਿਆਪਕਾਂ ਵਿੱਚੋਂ ਮਿਸ ਤੀਜ ਅਵਨੀਤ ਕੌਰ ਤੇ ਰਨਰਅੱਪ ਮਹਿਕ ਸੈਣੀ ਨੂੰ ਚੁਣਿਆ ਗਿਆ। ਰਵਾਇਤੀ ਪੁਸ਼ਾਕ ਪਹਿਨਣ ਵਿੱਚ ਵਿਦਿਆਰਥਣਾਂ 'ਚੋਂ ਅਪਨੀਤ ਕੌਰ ਤੇ ਅਧਿਆਪਕਾਵਾਂ 'ਚੋਂ ਤਰਨਜੀਤ ਕੌਰ ਨੇ ਖਿਤਾਬ ਜਿੱਤਿਆ। ਅਖ਼ੀਰ ਵਿੱਚ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਤੀਜ ਦੇ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ।

## ਮਰਹੂਮ ਸਾਬਕਾ ਵਿਧਾਇਕ ਅਜੀਤ ਸਿੰਘ ਸ਼ਾਂਤ ਦੇ ਬੇਟੇ ਨੇ ਫੜਿਆ ਅਕਾਲੀ ਦਲ ਦਾ ਪੱਲਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੋਗਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਦੀ ਰਾਜਨੀਤੀ ਵਿੱਚ ਅਹਿਮ ਸਥਾਨ ਰੱਖਦੇ ਮਰਹੂਮ ਸਾਬਕਾ ਵਿਧਾਇਕ ਅਜੀਤ ਸਿੰਘ ਸ਼ਾਂਤ ਦੇ ਸਪੁੱਤਰ ਰਾਜੂ ਸ਼ਾਂਤ ਵੱਲੋਂ ਚੇਅਰਮੈਨ ਖਣਮੁੱਖ ਭਾਰਤੀ ਪੱਤੋ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵਿੱਚ ਘਰ ਵਾਪਸੀ ਕਰ ਕੇ ਜਿੱਥੇ ਆਪਣੇ ਸੁਨਹਿਰੇ ਰਾਜਸੀ ਭਵਿੱਖ ਦੀ ਨਵੀਂ ਸ਼ੁਰੂਆਤ ਕੀਤੀ ਹੈ, ਉਥੇ ਹੀ ਇਸ ਨਾਲ ਅਕਾਲੀ ਦਲ ਨੂੰ ਵੀ ਕਾਮਯਾਬੀ ਮਿਲੇਗੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਕੋਰ ਕਮੇਟੀ ਦੇ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ, ਹਲਕਾ ਇੰਚਾਰਜ ਮੋਗਾ ਸੰਜੀਤ ਸਿੰਘ ਸਨੀ ਗਿੱਲ, ਰਾਜਵਿੰਦਰ ਧਰਮਕੋਟ ਲੋਕ ਸਭਾ ਇੰਚਾਰਜ ਤੇ ਚੇਅਰਮੇਨ ਖਣਮੁੱਖ ਭਾਰਤੀ ਪੱਤੋ ਦੀ ਹਾਜ਼ਰੀ ਵਿੱਚ ਰਾਜੂ ਸ਼ਾਂਤ ਦਾ ਅਕਾਲੀ ਦਲ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕਰਦਿਆਂ ਕਿਹਾ ਕਿ ਸ਼ਾਂਤ ਪਰਵਾਰ ਨੇ ਦਹਾਕਿਆਂ ਤੱਕ ਸਫਲ ਰਾਜਨੀਤੀ ਕਰਦਿਆਂ ਆਪਣੀ ਚਿੱਟੀ ਚਾਦਰ 'ਤੇ ਕਦੇ ਦਾਗ ਨਹੀਂ ਲੱਗਣ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੇ ਟਕਸਾਲੀ ਪਰਵਾਰਾਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਅਕਾਲੀ ਦਲ ਮਜ਼ਬੂਤ ਹੋਵੇਗਾ। ਉਨ੍ਹਾਂ ਆਖਿਆ ਕਿ ਪੰਜਾਬ ਦੇ ਲੋਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਚੱਟਾਨ ਦੀ ਤਰ੍ਹਾਂ ਖੜ੍ਹੇ ਹਨ, ਕਿਉਂਕਿ ਪੰਜਾਬੀ ਸਮਝ ਚੁੱਕੇ ਹਨ ਕਿ ਅਕਾਲੀ ਦਲ ਦੀ ਮਜ਼ਬੂਤੀ ਬਿਨਾਂ ਪੰਜਾਬ ਦੀ ਤਰੱਕੀ ਸੰਭਵ ਨਹੀਂ ਹੈ। ਚੇਅਰਮੈਨ ਭਾਰਤੀ ਪੱਤੋ ਨੇ ਵੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਸ਼ਾਂਤ ਪਰਵਾਰ ਦੀ ਅਕਾਲੀ ਦਲ ਵਿੱਚ ਸ਼ਮੂਲੀਅਤ ਕਰਵਾਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਮੂਹ ਟੀਮ ਜ਼ਿਲ੍ਹਾ ਮੋਗਾ ਅੰਦਰ ਸ਼ਾਂਤ ਪਰਵਾਰ ਨੂੰ ਬਣਦਾ ਮਾਨ ਸਨਮਾਨ ਦੇਵੇਗੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ ਭੰਗੇਰੀਆ, ਕੁਲਦੀਪ ਸਿੰਘ ਮਧੇਕੇ, ਅਤਿੰਦਰਪਾਲ ਸਿੰਘ ਦੀਨਾ ਸਾਹਿਬ ਪੀ ਏ ਆਦਿ ਹਾਜ਼ਰ ਸਨ।

## ਹਲਕਾ ਦਿਹਾਤੀ ਦੇ 31 ਪਿੰਡਾਂ 'ਚ ਬਣਨਗੇ ਮਾਡਲ ਖੇਡ ਮੈਦਾਨ : ਦਹੀਆ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵੱਡਾ ਕਦਮ ਪੁੱਟਦੇ ਹੋਏ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ 31 ਪਿੰਡਾਂ ਵਿੱਚ 10 ਕਰੋੜ 96 ਲੱਖ 42 ਹਜ਼ਾਰ (ਕਰੀਬ 11 ਕਰੋੜ) ਰੁਪਏ ਦੀ ਲਾਗਤ ਨਾਲ ਮਾਡਲ ਖੇਡ ਮੈਦਾਨ ਬਣਾਏ ਜਾਣਗੇ। ਇਸ ਬਾਰੇ ਜਾਣਕਾਰੀ ਦਿੰਦਿਆਂ ਵਿਧਾਇਕ ਰਜਨੀਸ਼ ਕੁਮਾਰ ਦਹੀਆ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਰਾਜ ਪੱਧਰ 'ਤੇ 13 ਹਜ਼ਾਰ ਅਤਿ ਆਧੁਨਿਕ ਖੇਡ ਮੈਦਾਨਾਂ ਦੀ ਉਸਾਰੀ ਦੀ ਘੋਸ਼ਣਾ ਕੀਤੀ ਗਈ ਹੈ, ਜਿਸ ਦੇ ਪਹਿਲੇ ਪੜ੍ਹਾਅ ਅਧੀਨ 3083 ਅਜਿਹੇ ਖੇਡ ਮੈਦਾਨਾਂ ਦੀ ਉਸਾਰੀ ਦਾ ਕੰਮ ਪਹਿਲਾਂ ਹੀ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਰੋੜਾਂ ਰੁਪਏ ਦੀ ਰਾਸ਼ੀ ਦੇ ਨਾਲ ਮਾਡਲ ਖੇਡ ਮੈਦਾਨ ਤਿਆਰ ਕੀਤੇ ਜਾਣਗੇ ਤਾਂ ਜੋ ਨੌਜਵਾਨ ਆਪਣਾ ਧਿਆਨ ਖੇਡਾਂ ਵੱਲ ਲਗਾ ਸਕਣ ਤੇ ਨਸ਼ੇ ਵਰਗੀਆਂ ਮਾੜੀਆਂ ਅਲਾਮਤਾਂ ਤੋਂ ਬਚ ਸਕਣ। ਵਿਧਾਇਕ ਦਹੀਆ ਨੇ ਦੱਸਿਆ ਕਿ ਪਿੰਡ ਚੰਦੜ ਵਿਖੇ 44.02 ਲੱਖ, ਫਰੀਦੇਵਾਲਾ 24 ਲੱਖ, ਲੋਹਾਮ 21.07, ਖਵਾਜਾ ਖੜਕ ਵਿਖੇ 30.50 ਲੱਖ, ਭਾਲਾ ਫਰਾਇਆ ਮੱਲ ਵਿਖੇ 31.02 ਲੱਖ, ਭਾਂਗਰ ਵਿਖੇ 45.63 ਲੱਖ, ਹਰਾਜ ਵਿਖੇ 46.54, ਜਵਾਹਰ ਸਿੰਘ ਵਾਲਾ 18.31 ਲੱਖ, ਕਾਦਾ ਬੋੜਾ ਵਿਖੇ 45.02, ਲੱਲ੍ਹੇ 41.03 ਲੱਖ, ਮੱਲਵਾਲ ਕਦੀਮ ਵਿਖੇ 40.70 ਲੱਖ, ਮਾਣਾ ਸਿੰਘ ਵਾਲਾ 29.16, ਫਿੱਡੇ ਵਿਖੇ 43.14, ਰੁਕਨਾ ਬੇਗੂ 47.16, ਸ਼ੇਰਖਾਂ ਵਿਖੇ 48.51 ਲੱਖ, ਸੁਲਹਾਨੀ ਵਿਖੇ 31.36 ਲੱਖ, ਸੁਰ ਸਿੰਘ ਵਾਲਾ 23.39 ਲੱਖ, ਠੇਠਰ ਕਲਾਂ 32.45 ਲੱਖ, ਤੂਤ ਵਿਖੇ 35.67 ਲੱਖ, ਉਗੋਕੇ 44.47 ਲੱਖ, ਵਾੜਾ ਜਵਾਹਰ ਸਿੰਘ ਵਾਲਾ 23.15 ਲੱਖ, ਮੱਲਾ ਰਹਿਮੇ ਕੇ 30.48 ਲੱਖ, ਚੱਕ ਦੋਨਾ ਰਹੀਮੇ ਕੇ 27.31 ਲੱਖ, ਕੋਠੇ ਕਿੱਲੀ ਵਾਲੇ 21.01 ਲੱਖ, ਚੱਕ ਭੰਗੇ ਵਾਲਾ 37.88 ਲੱਖ, ਲਖਮੀਰ ਕੇ ਹਿਠਾੜ 17.08 ਲੱਖ, ਬੇਟੂ ਕਦੀਮ 55.07 ਲੱਖ, ਬੂਟੇ ਵਾਲਾ 46.10 ਲੱਖ, ਧੀਰਾ ਪੱਤਰਾ 51.89 ਲੱਖ, ਝੋਕ ਹਰੀਹਰ 42.21 ਲੱਖ, ਮੋਹਰੇ ਵਾਲਾ 19.68 ਲੱਖ ਰੁਪਏ ਦੀ ਲਾਗਤ ਦੇ ਨਾਲ ਮਾਡਲ ਖੇਡ ਸਟੇਡੀਅਮ ਬਣਾਏ ਜਾਣਗੇ। ਵਿਧਾਇਕ ਦਹੀਆ ਨੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਖੇਡਾਂ ਵੱਲ ਧਿਆਨ ਦੇਣ ਤੇ ਨਸ਼ਿਆਂ ਦੇ ਖਾਤਮੇ ਲਈ ਇਕਜੁੱਟ ਹੋ ਕੇ ਮਾਨ ਸਰਕਾਰ ਦਾ ਸਾਥ ਦੇਣ। ਉਨ੍ਹਾਂ ਕਿਹਾ ਕਿ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਦਾ ਦੌਰ ਜਾਰੀ ਰਹੇਗਾ।

## ਕੁੱਟਮਾਰ ਦੇ ਮਾਮਲੇ 'ਚ 3 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਇੱਕ ਵਿਅਕਤੀ ਦੇ ਘਰ ਅੰਦਰ ਦਾਖਲ ਹੋ ਕੇ ਉਸ ਦੀ ਡਾਂਗਾਂ ਸੋਟਿਆਂ ਨਾਲ ਸੱਟਾਂ ਮਾਰ ਕੇ ਧਮਕੀਆਂ ਦੇਣ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਬਾਏ ਨੇਮ ਵਿਅਕਤੀ ਸਮੇਤ ਦੋ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਨੋਜ ਕੁਮਾਰ ਪੁੱਤਰ ਦਰਸ਼ਨ ਲਾਲ ਵਾਸੀ ਗਲੀ ਤੇਲ ਮੱਲ ਨੇੜੇ ਹੀਰਾ ਮੰਡੀ ਫਿਰੋਜ਼ਪੁਰ ਸ਼ਹਿਰ ਨੇ ਦੱਸਿਆ ਕਿ 26 ਜੁਲਾਈ 2025 ਨੂੰ ਕਰੀਬ 7.30 ਪੀਐੱਮ ਵਜੇ ਉਹ ਆਪਣੇ ਘਰ ਹਾਜ਼ਰ ਸੀ ਤਾਂ ਸੁਖਚੈਨ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਬਸਤੀ ਭਾਈ ਕੇ ਸਮੇਤ ਦੋ ਹੋਰ ਅਣਪਛਾਤੇ ਲੜਕੇ ਡਾਂਗਾਂ ਸੋਟੇ ਲੈ ਕੇ ਉਸ ਦੇ ਘਰ ਅੰਦਰ ਦਾਖਲ ਹੋ ਗਏ ਤੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਮਨੋਜ ਕੁਮਾਰ ਨੇ ਦੱਸਿਆ ਕਿ ਉਸ ਦੇ ਰੌਲਾ ਪਾਉਣਾ ਤਾਂ ਉਕਤ ਤਿੰਨੋਂ ਦੋਸ਼ੀਆਨ ਉਸ ਨੂੰ ਧਮਕੀਆਂ ਦਿੰਦੇ ਹੋਏ ਮੌਕੇ ਤੋਂ ਆਪਣੇ ਹਥਿਆਰਾਂ ਸਮੇਤ ਫਰਾਰ ਹੋ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਦੇਵ ਰਾਜ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਅਜ਼ਾਦੀ ਦਿਹਾੜੇ ਦੇ ਮੱਦੇਨਜ਼ਰ 16 ਨਾਕਿਆਂ 'ਤੇ ਚੈਕਿੰਗ

### ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ : ਐਸ ਐਸ ਪੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਅਜ਼ਾਦੀ ਦਿਵਸ ਦੇ ਮੱਦੇਨਜ਼ਰ ਜ਼ਿਲ੍ਹੇ ਭਰ 'ਚ ਲੋਕਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਸ਼ਰਾਰਤੀ ਅਨਸਰਾਂ ਤੇ ਨਸ਼ਾ ਤਸਕਰਾਂ ਖਿਲਾਫ਼ ਕਾਰਵਾਈ ਦੌਰਾਨ 16 ਨਾਕਿਆਂ 'ਤੇ ਨਾਕੇਬੰਦੀ ਕਰਕੇ ਵਿਸ਼ੇਸ਼ ਤਲਾਸ਼ੀ ਮੁਹਿੰਮ ਚਲਾਈ ਗਈ। ਇਹ ਮੁਹਿੰਮ ਡਾ. ਅਖਿਲ ਚੌਧਰੀ, ਆਈ.ਪੀ.ਐਸ, ਸੀਨੀਅਰ ਸੁਪਰਡੈਂਟ ਆਫ਼ ਪੁਲਸ ਦੀ ਅਗਵਾਈ ਹੇਠ ਅਮਲ ਵਿੱਚ ਲਿਆਂਦੀ ਗਈ। ਜ਼ਿਲ੍ਹੇ ਦੇ ਚਾਰ ਹੀ ਸਬ-ਡਵੀਜ਼ਨਾਂ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਤੇ ਲੰਬੀ ਵਿੱਚ ਟੋਟਲ 16 ਨਾਕੇ ਲਾਏ ਗਏ। ਹਰ ਨਾਕੇ 'ਤੇ 10 ਪੁਲਸ ਮੁਲਾਜ਼ਮ ਤਾਇਨਾਤ ਕੀਤੇ ਗਏ। ਪੁਲਸ ਦੀਆਂ ਵਿਸ਼ੇਸ਼ ਟੀਮਾਂ ਵੱਲੋਂ ਸਾਰੀਆਂ ਸਬ ਡਵੀਜ਼ਨਾਂ 'ਚ ਹੋਟਲਾਂ, ਢਾਬਿਆਂ, ਗੈਸਟ ਹਾਊਸਾਂ, ਧਰਮਸ਼ਾਲਾਵਾਂ ਤੇ ਰੈਸਟੋਰੈਂਟਾਂ 'ਚ ਜਾ ਕੇ ਸ਼ੱਕੀ ਵਿਅਕਤੀਆਂ ਦੀ ਜਾਂਚ ਅਤੇ ਪੁੱਛਗਿੱਛ ਕੀਤੀ ਗਈ ਤੇ ਜਿਨ੍ਹਾਂ ਵਿਅਕਤੀਆਂ ਨੇ ਕਿਰਾਏ 'ਤੇ ਠਹਿਰਨ ਲਈ ਕਮਰੇ ਲਏ ਹੋਏ ਹਨ, ਉਨ੍ਹਾਂ ਦੀ ਡਿਟੇਲਡ ਵੈਰੀਫਿਕੇਸ਼ਨ ਕੀਤੀ ਗਈ, ਜਿਨ੍ਹਾਂ 'ਤੇ ਪਹਿਲਾਂ ਹੀ ਨਸ਼ੇ ਜਾਂ ਹੋਰ ਗੈਰਕਾਨੂੰਨੀ ਤੇ ਮੁਕੱਦਮੇ ਦਰਜ ਸਨ, ਉਨ੍ਹਾਂ ਦੀ ਗਤੀਵਿਧੀ, ਘਰਾਂ ਟਿਕਾਣਿਆਂ ਦੀ ਖਾਸ ਤਲਾਸ਼ੀ ਲਈ ਗਈ। ਨਾਕਿਆਂ ਦੀ ਨਿਗਰਾਨੀ ਐਸ.ਪੀ (ਡੀ) ਮਨਮੀਤ ਸਿੰਘ ਢਿੱਲੋਂ ਵੱਲੋਂ ਕੀਤੀ ਗਈ। ਡੀ.ਐਸ.ਪੀ ਨਵੀਨ ਕੁਮਾਰ (ਮੁਕਤਸਰ), ਜਸਪਾਲ ਸਿੰਘ (ਲੰਬੀ), ਇਕਬਾਲ ਸਿੰਘ (ਮਲੋਟ) ਤੇ ਅਵਤਾਰ ਸਿੰਘ (ਗਿੱਦੜਬਾਹਾ) ਮੌਕੇ 'ਤੇ ਮੌਜੂਦ ਰਹੇ। ਕੁੱਲ 160 ਤੋਂ ਵੱਧ ਪੁਲਿਸ ਅਧਿਕਾਰੀ ਅਤੇ ਮੁਲਾਜ਼ਮ ਮੁਹਿੰਮ ਵਿੱਚ ਸ਼ਾਮਲ ਰਹੇ।

28 ਵਾਹਨ ਚਲਾਨ ਹੋਏ, ਜਿਨ੍ਹਾਂ ਕੋਲ ਕਾਗਜ਼ਾਤ ਪੂਰੇ ਨਹੀਂ ਸਨ। 110 ਸ਼ੱਕੀ ਵਿਅਕਤੀਆਂ ਦੀ ਪੁੱਛਗਿੱਛ ਕੀਤੀ ਗਈ। ਪੀ ਐਸ ਐਲ ਐਸ ਐਪ ਰਾਹੀਂ ਵਿਅਕਤੀਆਂ ਦੀ ਸ਼ਨਾਖਤ ਕੀਤੀ ਗਈ। ਵੀ ਏ ਏ ਐਨ ਐਪ ਰਾਹੀਂ ਵਾਹਨਾਂ ਦੀ ਡਿਟੇਲਡ ਜਾਂਚ ਕੀਤੀ ਗਈ। ਚੋਰੀ ਹੋਣ ਜਾਂ ਕ੍ਰਿਮੀਨਲ ਗਤੀਵਿਧੀਆਂ 'ਚ ਵਰਤੇ ਜਾਣ ਦੀ ਸੰਭਾਵਨਾ ਦੀ ਜ਼ਿਲ੍ਹਾ ਮੁਕਤਸਰ ਸਾਹਿਬ ਦੀ ਸ਼ਾਂਤੀ ਤੇ ਸੁਰੱਖਿਆ ਪਹਿਲੀ ਤਰਜ਼ੀਹ ਹੈ, ਜਿਨ੍ਹਾਂ ਨੇ ਕਾਨੂੰਨ ਦੀ ਉਲੰਘਣਾ ਕੀਤੀ ਜਾਂ ਕਰਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ 15 ਅਗਸਤ ਮੌਕੇ ਕੋਈ ਵੀ ਗੜਬੜੀ ਸਹਿਣਯੋਗ ਨਹੀਂ ਹੋਵੇਗੀ।


Capital Small Finance Bank

Capital Small Finance Bank Limited
H.O: MIDAS Corporate Park, 3rd Floor, 37 G.T. Road, Jalandhar City

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸ੍ਰੀਮਤੀ ਗੀਤਾ ਪਤਨੀ ਬਲਵਿੰਦਰ ਵਾਸੀ ਮਕਾਨ ਨੰ. 62, ਜਸਵੰਤ ਨਗਰ, ਸੁਭਾਨਾ, ਜਲੰਧਰ, ਪੰਜਾਬ-144022, ਨਾਲ ਹੀ : ਵਾਸੀ ਮਕਾਨ ਨੰ. 62, ਜਸਵੰਤ ਨਗਰ ਗੜ੍ਹਾ, ਜਲੰਧਰ, ਪੰਜਾਬ-144022 (2) ਬਲਵਿੰਦਰ ਕੁਮਾਰ ਪੁੱਤਰ ਰਾਮ ਲੁਭਾਇਆ, ਵਾਸੀ ਮਕਾਨ ਨੰ. 62, ਜਸਵੰਤ ਨਗਰ, ਗੜ੍ਹਾ, ਜਲੰਧਰ, ਪੰਜਾਬ-144022 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ (3) ਸ੍ਰੀ ਅਨਿਲ ਕੁਮਾਰ ਪੁੱਤਰ ਸ੍ਰੀ ਸੁੰਦਰ ਲਾਲ, ਵਾਸੀ ਮਕਾਨ ਨੰ. 36, ਖਟੀਕ ਮੰਡੀ, ਜਲੰਧਰ-99, ਜਲੰਧਰ, ਪੰਜਾਬ-144005 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਐੱਚ ਐੱਲ/013611000925 'ਚ ਰੁਪਏ 7,24,104.61 ਦੀ ਬਕਾਇਆ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ 'ਚ ਮੋੜਨ ਲਈ ਮਿਤੀ 26.03.2025 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।
ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।
ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੀ ਐੱਚ ਐੱਲ/013611000925 'ਚ ਬਕਾਇਆ ਰਕਮ ਰੁਪਏ 7,24,104.61 ਸਮੇਤ 01.03.2025 ਤੋਂ ਭਵਿੱਖੀ ਵਿਆਜ ਦੇ ਵਸੂਲ ਕੀਤੀ ਜਾਵੇਗੀ।
ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 10089 ਮਿਤੀ 03.02.2006 ਅਨੁਸਾਰ ਸ੍ਰੀ ਬਲਵਿੰਦਰ ਕੁਮਾਰ ਪੁੱਤਰ ਰਾਮ ਲੁਭਾਇਆ ਦੀ ਮਲਕੀਅਤ ਜਾਇਦਾਦ ਰਕਬਾ 2 ਮਰਲੇ (272 ਵਰਗ ਫੁੱਟ) ਮਕਾਨ ਨੰ. 62/1, ਗੜ੍ਹਾ ਵਹਿੰਦਾ, ਜਸਵੰਤ ਨਗਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ।

ਸਥਾਨ : ਜਲੰਧਰ ਮਿਤੀ : 30.07.2025 ਸਹੀ/- (ਅਧਿਕਾਰਤ ਅਫਸਰ)

# ਟੱਕਰ ਪਰਵਾਰ ਵੱਲੋਂ ਮਾਂ ਚਿੰਤਪੁਰਨੀ ਦਰਬਾਰ ਜਾਣ ਵਾਲੇ ਸ਼ਰਧਾਲੂਆਂ ਲਈ ਲਾਇਆ ਲੰਗਰ



ਕੋਟ ਈਸੇ ਖਾਂ (ਅਰੋੜਾ) ਹਰ ਸਾਲ ਸਾਵਣ ਦੇ ਮਹੀਨੇ ਬਹੁਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਮਾਂ ਚਿੰਤਪੁਰਨੀ ਦਰਬਾਰ ਵਿਖੇ ਨਤਮਸਤਕ ਹੋਣ ਲਈ ਜਾਂਦੇ ਹਨ, ਜਿਸ ਦੇ ਚੱਲਦਿਆਂ ਮਹਾਂਮਾਈ ਦੇ ਭਗਤਾਂ ਵੱਲੋਂ ਆਪੋ ਆਪਣੇ ਤਰੀਕੇ ਨਾਲ ਲੰਗਰ ਲਗਾ ਕੇ ਸੇਵਾ ਕੀਤੀ ਜਾਂਦੀ ਹੈ।ਇਸ ਕੋਟ ਈਸੇ ਖਾਂ, ਧਰਮਕੋਟ ਰੋਡ 'ਤੇ ਸਥਿਤ ਟੱਕਰ ਪਰਵਾਰ ਵੱਲੋਂ ਆਪਣੇ ਘਰ ਦੇ ਸਾਹਮਣੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੂੜੀਆਂ-ਛੋਲੇ, ਕੜੀ-ਚਾਵਲ, ਪ੍ਰਸ਼ਾਦ ਤੇ ਖੀਰ ਦਾ ਲੰਗਰ ਲਾਇਆ ਗਿਆ, ਜਿਸ ਵਿੱਚ ਸੇਵਾਦਾਰਾਂ ਵੱਲੋਂ ਬੜੇ ਹੀ ਪਿਆਰ ਤੇ ਸ਼ਰਧਾ ਨਾਲ ਆਉਂਦੇ ਜਾਂਦੇ ਰਾਹਗੀਰਾਂ ਨੂੰ ਰੋਕ ਕੇ ਲੰਗਰ ਛਕਾਇਆ ਗਿਆ। ਭਗਤਾਂ ਦੱਸਿਆ ਕਿ ਪਰਵਾਰ ਵੱਲੋਂ ਹਰ ਸਾਲ ਸਾਵਣ ਦੇ ਮਹੀਨੇ ਮਾਤਾ ਚਿੰਤਪੁਰਨੀ ਦੇ ਦਰਸ਼ਨਾਂ ਲਈ ਆਉਣ-ਜਾਣ ਵਾਲੇ ਯਾਤਰੀਆਂ ਦੀ ਸਹੂਲਤ ਲਈ ਲੰਗਰ ਲਾਇਆ ਜਾਂਦਾ। ਇਸ ਨਾਲ ਲੋਕਾਂ ਨੂੰ ਉਨ੍ਹਾਂ ਦੇ ਸਫ਼ਰ 'ਚ ਕਾਫ਼ੀ ਰਾਹਤ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਮਾਜ ਸੇਵੀ ਕੰਮਾਂ ਵਿੱਚ ਵਧ ਕੇ ਹਿੱਸਾ ਪਾਉਣਾ ਚਾਹੀਦਾ ਹੈ, ਕਿਉਂਕਿ ਸਾਨੂੰ ਗੁਰੂਆਂ ਵੱਲੋਂ ਲੰਗਰ ਲਾਉਣ, ਗੁਰਦਵਾਰਿਆਂ ਦੀ ਸਰਪਰਸਤੀ ਤੇ ਹੱਕ ਸੱਚ ਦੀ ਕਮਾਈ ਕਰਨ ਦੀ ਸਿੱਖਿਆ ਦਿੱਤੀ ਗਈ ਹੈ। ਭਗਤਾਂ ਵੱਲੋਂ ਸਮੂਹ ਸੰਗਤਾਂ ਨੂੰ ਮਾਤਾ ਚਿੰਤਪੁਰਨੀ ਯਾਤਰਾ ਦੀ ਵਧਾਈ ਦਿੱਤੀ ਗਈ।

# ਪਾਤੜਾਂ ਖ਼ੁਦਕੁਸ਼ੀ ਕਾਂਡ : ਲਾਸ਼ਾਂ ਲੈ ਕੇ ਸੈਂਕੜਿਆਂ ਦੀ ਗਿਣਤੀ 'ਚ ਲੋਕਾਂ ਵੱਲੋਂ ਸ਼ਹਿਰ 'ਚ ਰੋਸ ਮਾਰਚ

## ਸੰਘਰਸ਼ ਦੇ ਛੇਵੇਂ ਦਿਨ ਪਾਤੜਾਂ ਦੇ ਬਾਜ਼ਾਰ ਬੰਦ ਰਹੇ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪੈਸੇ ਚੋਰੀ ਦਾ ਇਲਜ਼ਾਮ ਲਗਾ ਕੇ ਟਰੱਕ ਮਾਲਕ ਪੁਲਸ ਮੁਲਾਜ਼ਮ ਵੱਲੋਂ ਡਰਾਈਵਰ ਅਤੇ ਕੰਡਕਟਰ ਦੀ ਕੀਤੀ ਗਈ ਕੁੱਟਮਾਰ ਮਗਰੋਂ ਨਮੋਸ਼ੀ ਨਾ ਸਹਾਰਦਿਆਂ ਖ਼ੁਦਕੁਸ਼ੀ ਕਰਨ ਵਾਲੇ ਪਿੰਡ ਨਿਆਲ ਦੇ ਦੋਵੇਂ ਨੌਜਵਾਨਾਂ ਦੇ ਪੀੜਤ ਪਰਵਾਰਾਂ ਨੂੰ ਇਨਸਾਫ ਦਿਵਾਉਣ ਅਤੇ ਮਾਮਲੇ ਦੇ ਮੁੱਖ ਦੋਸ਼ੀ ਦੀ ਗ੍ਰਿਫਤਾਰੀ ਦੀ ਮੰਗ ਪੂਰੀ ਨਾ ਹੋਣ ਤੱਕ ਅੰਤਿਮ ਸੰਸਕਾਰ ਨਾ ਕੀਤੇ ਜਾਣ ਨੂੰ ਲੈ ਕੇ ਚੱਲ ਰਿਹਾ ਸੰਘਰਸ਼ ਲਗਾਤਾਰ ਜਾਰੀ ਹੈ। ਪਾਤੜਾਂ ਪਟਿਆਲਾ ਸੜਕ 'ਤੇ ਬਾਈਪਾਸ ਚੌਂਕ ਨਿਆਲ ਵਿਖੇ ਸੜਕ ਕਿਨਾਰੇ ਲਾਸ਼ਾਂ ਰੱਖ ਕੇ ਦਿੱਤਾ ਜਾ ਰਿਹਾ ਧਰਨਾ ਛੇਵੇਂ ਦਿਨ ਵੀ ਜਾਰੀ ਰਿਹਾ। ਇਸ ਦੌਰਾਨ ਪੀੜਤ ਪਰਵਾਰਾਂ ਤੇ ਪਿੰਡ ਵਾਸੀਆਂ ਵੱਲੋਂ ਬਣਾਈ ਐਕਸ਼ਨ ਕਮੇਟੀ ਦੇ ਸੱਦੇ 'ਤੇ ਚਾਰ ਘੰਟਿਆਂ ਲਈ ਦਿੱਤੇ ਬੰਦ ਦੇ ਸੱਦੇ ਨੂੰ ਸ਼ਹਿਰ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ। ਸਵੇਰੇ ਦਸ ਵਜੇ ਦੇ ਕਰੀਬ ਹਲਕੀ ਬਰਸਾਤ ਦੌਰਾਨ ਜਦੋਂ ਮ੍ਰਿਤਕਾਂ ਦੀਆਂ ਲਾਸ਼ਾਂ ਲੈ ਕੇ ਸ਼ਹਿਰ ਵਿੱਚ ਰੋਸ ਮਾਰਚ ਕੱਢਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ ਤਾਂ ਵੱਡੀ ਗਿਣਤੀ ਵਿੱਚ ਪੁਲਸ ਫੋਰਸ ਤਾਇਨਾਤ ਕਰ ਦਿੱਤੀ ਗਈ। ਪੁਲਸ ਵੱਲੋਂ ਮਿੱਟੀ ਦੇ ਭਰੇ ਟਰੱਕ ਲਗਾ ਕੇ ਸੜਕ ਨੂੰ ਰੋਕਣ ਦਾ ਯਤਨ ਕੀਤਾ। ਇਸ ਦੌਰਾਨ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਹੋਈ ਜਿਸ ਵਿੱਚ ਕੀਤੇ ਗਏ ਫੈਸਲੇ ਤਹਿਤ ਜਦੋਂ ਵੱਡੀ ਗਿਣਤੀ ਵਿੱਚ ਕਿਸਾਨ ਜਥੇਬੰਦੀਆਂ ਨਾਲ ਸੰਬੰਧਤ ਵਰਕਰ ਧਰਨੇ ਵਾਲੀ ਥਾਂ ਉੱਤੇ ਪੁੱਜੇ ਗਏ। ਪਤਾ ਲੱਗਦਿਆਂ ਹੀ ਪੁਲਸ ਵੱਲੋਂ ਸੜਕ 'ਤੇ ਲਗਾਈਆਂ ਗਈਆਂ ਰੋਕਾਂ ਹਟਾ ਦਿੱਤੀਆਂ ਗਈਆਂ ਜਿਸ ਮਗਰੋਂ ਰੋਹ ਵਿੱਚ ਆਏ ਪ੍ਰਦਰਸ਼ਨਕਾਰੀਆਂ ਅਤੇ ਕਿਸਾਨ ਜਥੇਬੰਦੀਆਂ ਦੇ ਵਰਕਰਾਂ ਵੱਲੋਂ ਦੋਵੇਂ ਮ੍ਰਿਤਕ ਨੌਜਵਾਨਾਂ ਦੀਆਂ ਲਾਸ਼ਾਂ ਟਰਾਲੀ ਵਿੱਚ ਰੱਖ ਕੇ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਗਿਆ। ਰੋਸ ਮਾਰਚ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕਰਕੇ ਪਰਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ। ਰੋਸ ਮਾਰਚ ਮੋਰਚੇ ਵਾਲੀ ਥਾਂ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਪਟਿਆਲਾ ਰੋਡ, ਨਰਵਾਣਾ ਰੋਡ ਅਨਾਜ ਮੰਡੀ ਹੁੰਦਾ ਹੋਇਆ ਜਾਖਲ ਰੋਡ ਰਾਹੀਂ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਂਕ ਵਿਖੇ ਰੋਸ ਰੈਲੀ ਕੀਤੀ।ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਡਿਪਟੀ ਜਨਰਲ ਸਕੱਤਰ ਕੁਲਵੰਤ ਸਿੰਘ ਮੌਲਵੀ ਵਾਲਾ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ ਨੇ ਮ੍ਰਿਤਕ ਨੌਜਵਾਨਾਂ ਨੂੰ ਕਤਲ ਕਰਾਰ ਦਿੰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਮੁਤਾਬਕ ਕਿਸੇ ਨੂੰ ਮਰਨ ਲਈ ਮਜਬੂਰ ਕਰਨਾ ਬਹੁਤ ਵੱਡਾ ਗੁਨਾਹ ਹੈ, ਇਸ ਲਈ ਕਤਲ ਕੇਸ ਦੇ ਮੁੱਖ ਦੋਸ਼ੀ ਦੀ ਗ੍ਰਿਫਤਾਰੀ ਤੇ ਜ਼ਿੰਮੇਵਾਰ ਵਿਅਕਤੀਆਂ ਉੱਤੇ ਕਤਲ ਦੀਆਂ ਧਾਰਾਵਾਂ ਤਹਿਤ ਪਰਚਾ ਦਰਜ ਕਰਨਾ ਬਣਦਾ ਹੈ। ਸ਼ੁਕਰਵਾਰ ਨੂੰ ਕੀਤੇ ਗਏ ਇਸ ਪ੍ਰਦਰਸ਼ਨ ਦੌਰਾਨ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਟਰੱਕ ਡਰਾਈਵਰ ਯੂਨੀਅਨ ਦੇ ਆਗੂਆਂ ਸਮੇਤ ਹਰਿਆਣਾ ਦਿੱਲੀ ਗੁਜਰਾਤ ਅਤੇ ਓੜੀਸਾ ਤੋਂ ਟਰੱਕ ਡਰਾਈਵਰ ਭਾਈਚਾਰੇ ਨਾਲ ਸੰਬੰਧਤ ਲੋਕਾਂ ਨੇ ਸ਼ਮੂਲੀਅਤ ਕੀਤੀ। ਰੋਸ ਮਾਰਚ ਦੀ ਸਮਾਪਤੀ ਉਪਰੰਤ ਜਦੋਂ ਵੱਡੀ ਗਿਣਤੀ ਵਿੱਚ ਲੋਕ ਵਾਪਸ ਮੋਰਚੇ ਵਾਲੀ ਥਾਂ ਉੱਤੇ ਪੁੱਜੇ ਤਾਂ ਪ੍ਰਸ਼ਾਸਨ ਦੀ ਤਰਫੋਂ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਏ ਡੀ ਸੀ ਵਿਕਾਸ ਅਮਰਿੰਦਰ ਸਿੰਘ ਟਿਵਾਣਾ, ਐਸ ਪੀ ਹੈੱਡਕੁਆਰਟਰ ਵੈਭਵ ਚੌਧਰੀ, ਸੇਵਾ ਮੁਕਤ ਐਸ ਪੀ ਜਸਵਿੰਦਰ ਸਿੰਘ ਟਿਵਾਣਾ, ਡੀ ਐਸ ਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਵੱਲੋਂ ਐਕਸ਼ਨ ਕਮੇਟੀ ਦੇ ਆਗੂਆਂ ਕਿਸਾਨ ਆਗੂ ਮਨਜੀਤ ਸਿੰਘ ਨਿਆਲ, ਪ੍ਰਿਤਪਾਲ ਸਿੰਘ, ਬਲਮ ਸਿੰਘ, ਸਰਪੰਚ ਪ੍ਰਕਾਸ਼ ਸਿੰਘ, ਅਮਰੀਕ ਸਿੰਘ, ਪੂਰਨ ਸਿੰਘ ਅਤੇ ਸੁਖਦੇਵ ਸਿੰਘ ਨਾਲ ਮੀਟਿੰਗ ਕੀਤੀ। ਦੋਵਾਂ ਧਿਰਾਂ ਵਿਚਕਾਰ ਸੁਖਾਵੇਂ ਮਾਹੌਲ ਵਿੱਚ ਹੋਈ ਮੀਟਿੰਗ ਦੌਰਾਨ ਐਕਸ਼ਨ ਕਮੇਟੀ ਦੇ ਆਗੂਆਂ ਵੱਲੋਂ ਮੁੱਖ ਦੋਸ਼ੀ ਨੂੰ ਗ੍ਰਿਫਤਾਰ ਕਰਨ ਦੇ ਨਾਲ ਨਾਲ ਪਰਵਾਰ ਲਈ ਵਿੱਤੀ ਸਹਾਇਤਾ ਤੇ ਇੱਕ ਇੱਕ ਮੈਂਬਰ ਨੂੰ ਯੋਗਤਾ ਅਨੁਸਾਰ ਨੌਕਰੀ ਦੇਣ ਦੀ ਮੰਗ ਰੱਖੀ ਗਈ। ਇਸ ਦੌਰਾਨ ਐਸ ਪੀ ਵੈਭਵ ਚੌਧਰੀ ਨੇ ਦੱਸਿਆ ਕਿ ਪੁਲਸ ਮੁੱਖ ਦੋਸ਼ੀ ਲਖਵਿੰਦਰ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ ਅਤੇ ਜਲਦੀ ਉਸ ਨੂੰ ਕਾਬੂ ਕਰ ਲਿਆ ਜਾਵੇਗਾ। ਇਸ ਦੇ ਨਾਲ ਨਾਲ ਉਹਨਾਂ ਪਰਵਾਰ ਵੱਲੋਂ ਰੱਖੀਆਂ ਗਈਆਂ ਮੰਗਾਂ ਨੂੰ ਹੱਲ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ ਦਾ ਭਰੋਸਾ ਦਿੱਤਾ।ਮ੍ਰਿਤਕ ਨੌਜਵਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਲਈ ਹਰਿਆਣਾ ਦੇ ਸੋਨੀਪਤ ਤੋਂ ਸਤੀਸ਼ ਕੁਮਾਰ ਨਾਂ ਦਾ ਟਰੱਕ ਡਰਾਈਵਰ ਆਪਣੇ ਆਪ ਨੂੰ ਜ਼ੰਜੀਰਾਂ ਵਿੱਚ ਜਕੜ ਕੇ ਧਰਨੇ ਵਿੱਚ ਪੁੱਜਿਆ। ਆਪਣੇ ਕਈ ਹੋਰ ਸਾਥੀਆਂ ਸਮੇਤ ਧਰਨੇ ਵਿੱਚ ਸ਼ਾਮਲ ਹੋਏ ਸਤੀਸ਼ ਕੁਮਾਰ ਨੇ ਕਿਹਾ ਕਿ ਦੇਸ਼ ਦੀ ਅਰਥਵਿਵਸਥਾ ਵਿੱਚ ਤੀਜਾ ਵੱਡਾ ਹਿੱਸਾ ਟਰਾਂਸਪੋਰਟ ਰਾਹੀਂ ਪੈਂਦਾ ਹੈ ਪਰ ਬਦਕਿਸਮਤੀ ਦੀ ਗੱਲ ਹੈ ਕਿ ਆਜ਼ਾਦੀ ਦੇ 8 ਦਹਾਕੇ ਦੇ ਕਰੀਬ ਸਮਾਂ ਬੀਤ ਜਾਣ ਬਾਵਜੂਦ ਤੇ ਅੱਜ ਵੀ ਗੁਲਾਮਾਂ ਵਾਲੀ ਜ਼ਿੰਦਗੀ ਜਿਊਣ ਲਈ ਮਜਬੂਰ ਹੈ।

# ਡਾ. ਪੰਕਜਪ੍ਰੀਤ ਸਿੰਘ ਵਰਲਡ ਯੂਨੀਵਰਸਿਟੀ ਦੇ ਡੀਨ ਮੈਡੀਕਲ ਸਾਇੰਸਜ਼ ਤੇ ਡਾ. ਸੁਪਰੀਤ ਬਿੰਦਰਾ ਵਿਭਾਗ ਪ੍ਰਮੁੱਖ ਨਿਯੁਕਤ



**ਸ੍ਰੀ ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** : ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਨੇ ਸਿਹਤ ਸੰਬੰਧੀ ਸਿੱਖਿਆ ਤੇ ਖੋਜ ਖੇਤਰ ਵਿੱਚ ਉੱਚ ਦਰਜੇ ਦੀ ਪ੍ਰਗਤੀ ਵੱਲ ਇਕ ਹੋਰ ਮਹੱਤਵਪੂਰਨ ਕਦਮ ਚੁੱਕਦਿਆਂ ਦੋ ਪ੍ਰਸਿੱਧ ਅਕਾਦਮਿਕ ਵਿਅਕਤੀਆਂ ਨੂੰ ਆਗੂ ਅਹੁਦਿਆਂ 'ਤੇ ਨਿਯੁਕਤ ਕੀਤਾ ਹੈ।ਡਾ. ਪੰਕਜਪ੍ਰੀਤ ਸਿੰਘ, ਬੀਪੀਟੀ, ਐੱਮਪੀਟੀ (ਨਿਊਰੋਲੋਜੀ), ਪੀਐੱਚਡੀ ਨੂੰ ਡੀਨ, ਫੈਕਲਟੀ ਆਫ ਮੈਡੀਕਲ ਸਾਇੰਸਜ਼ ਨਿਯੁਕਤ ਕੀਤਾ ਗਿਆ ਹੈ।ਨਿਊਰੋਲੋਜੀਕਲ ਫਿਜੀਓਥੈਰੇਪੀ ਦੇ ਖੇਤਰ ਵਿੱਚ ਉੱਚ ਅਕਾਦਮਿਕ ਤੇ ਕਲੀਨਿਕਲ ਪਿਛੋਕੜ ਵਾਲੇ ਡਾ. ਪੰਕਜਪ੍ਰੀਤ ਸਿੰਘ ਨੇ ਸਿੱਖਿਆ, ਖੋਜ ਤੇ ਪ੍ਰਸ਼ਾਸਨ ਵਿੱਚ ਨਿਰੰਤਰ ਉਤਕ੍ਰਿਸ਼ਟਤਾ ਦਰਸਾਈ ਹੈ।ਉਨ੍ਹਾਂ ਦੀ ਅਗਵਾਈ ਮੈਡੀਕਲ ਸਾਇੰਸਜ਼ ਖੇਤਰ ਵਿੱਚ ਯੂਨੀਵਰਸਿਟੀ ਦੇ ਲਗਾਤਾਰ ਵਿਕਾਸ ਲਈ ਕੀਮਤੀ ਸਾਧਨ ਸਾਬਿਤ ਹੋਵੇਗੀ।ਡਾ. ਸੁਪਰੀਤ ਬਿੰਦਰਾ, ਬੀਪੀਟੀ, ਐੱਮਪੀਟੀ (ਮਸਕਿਊਲੋਸਕੈਲੇਟਲ), ਪੀਐੱਚਡੀ ਨੂੰ ਡਿਪਾਰਟਮੈਂਟ ਆਫ ਫਿਜੀਓਥੈਰੇਪੀ ਦੀ ਮੁਖੀ ਨਿਯੁਕਤ ਕੀਤਾ ਗਿਆ ਹੈ।ਉਹ ਇਕ ਸਮਰਪਤ ਅਕਾਦਮਿਕ, ਕਲੀਨੀਸ਼ੀਅਨ ਤੇ ਖੋਜਕਰਤਾ ਹਨ, ਜਿਨ੍ਹਾਂ ਕੋਲ ਮਸਕਿਊਲੋਸਕੈਲੇਟਲ ਫਿਜੀਓਥੈਰੇਪੀ ਵਿੱਚ ਗਹਿਰੀ ਦਖਲਅੰਦਾਜ਼ੀ ਹੈ।ਖੋਜ, ਵਿਦਿਆਰਥੀ ਮਾਰਗਦਰਸ਼ਨ ਤੇ ਈਵੀਡੈਂਸ-ਬੇਸਡ ਕਲੀਨਿਕਲ ਟ੍ਰੇਨਿੰਗ ਵਿੱਚ ਉਨ੍ਹਾਂ ਦੀ ਲਗਾਤਾਰ ਭਾਗੀਦਾਰੀ ਨੇ ਉਨ੍ਹਾਂ ਨੂੰ ਵਿਭਾਗ ਅੰਦਰ ਇਕ ਗਤੀਸ਼ੀਲ ਆਗੂ ਵਜੋਂ ਸਥਾਪਤ ਕੀਤਾ ਹੈ।ਡਾ. ਸੁਪਰੀਤ ਬਿੰਦਰਾ ਦੀ ਅਗਵਾਈ ਤੇ ਡਾ. ਪੰਕਜਪ੍ਰੀਤ ਸਿੰਘ ਦੀ ਰਣਨੀਤਕ ਦਿਸ਼ਾ ਹੇਠ ਵਿਭਾਗ ਖਾਸ ਟ੍ਰੇਨਿੰਗ ਪ੍ਰੋਗਰਾਮ, ਨਵੇਂ ਕਲੀਨਿਕਲ ਸਾਂਝੇਦਾਰੀਆਂ ਤੇ ਖੋਜ-ਮੂਲਕ ਅਕਾਦਮਿਕ ਸੰਸਕ੍ਰਿਤੀ ਦੀ ਵਧਾਵੀ ਯੋਜਨਾ ਬਣਾ ਰਿਹਾ ਹੈ।ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਤੇ ਡੀਨ ਅਕਾਦਮਿਕਸ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿੱਲਿੰਗ ਨੇ ਡਾ. ਪੰਕਜਪ੍ਰੀਤ ਸਿੰਘ ਤੇ ਡਾ. ਸੁਪਰੀਤ ਬਿੰਦਰਾ ਨੂੰ ਉਨ੍ਹਾਂ ਦੀ ਨਵੀਂ ਜ਼ਿੰਮੇਵਾਰੀਆਂ ਲਈ ਮੁਬਾਰਕਬਾਦ ਦਿੱਤੀ।ਉਨ੍ਹਾਂ ਨੇ ਵਿਭਾਗ ਦੀ ਅਕਾਦਮਿਕ ਪ੍ਰਗਤੀ ਤੇ ਰਿਹੈਬਿਲੀਟੇਸ਼ਨ ਸਾਇੰਸਜ਼ ਖੇਤਰ ਵਿੱਚ ਕੀਤੇ ਯੋਗਦਾਨ ਦੀ ਸਰਾਹਨਾ ਕਰਦਿਆਂ ਵਿਸ਼ਵਾਸ ਜਤਾਇਆ ਕਿ ਇਹ ਨਵਾਂ ਨੇਤ੍ਰਤਵ ਯੂਨੀਵਰਸਿਟੀ ਦੀ ਸਿੱਖਿਆ, ਖੋਜ ਤੇ ਸਮਾਜ ਸੇਵਾ ਦੀ ਉੱਚ ਸਤਹ ਨੂੰ ਹੋਰ ਉੱਚਾਈ 'ਤੇ ਲੈ ਜਾਵੇਗਾ।

# ਕੰਬੋਜ ਮਹਾਂਸਭਾ ਨੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ



ਸਨੌਰ/ਪਟਿਆਲਾ (ਰਜਿੰਦਰ ਸਿੰਘ ਥਿੰਦ) ਵਿਧਾਨ ਸਭਾ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਆਪਣੇ ਸਾਥੀਆਂ ਸਮੇਤ ਊਧਮ ਸਿੰਘ ਪਾਰਕ ਵਿਖੇ ਸ਼ਹੀਦ ਊਧਮ ਦੇ ਬੁੱਤ 'ਤੇ ਫੁੱਲ ਮਲਾਵਾਂ ਪਾ ਕੇ ਸ਼ਹੀਦ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਸ਼ਹੀਦ ਊਧਮ ਸਿੰਘ ਕੰਬੋਜ਼ ਵੱਲੋਂ ਦੇਸ਼ ਕੌਮ ਲਈ ਕੁਰਬਾਨੀ ਨੂੰ ਲੋਕ ਰਹਿੰਦੀ ਦੁਨੀਆ ਤੱਕ ਸਿਜਦਾ ਕਰਦੇ ਰਹਿਣਗੇ। ਕੰਬੋਜ ਮਹਾਂਸਭਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਹ ਦਿਹਾੜਾ ਉਤਸ਼ਾਹ ਨਾਲ ਮਨਾਇਆ ਗਿਆ।ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ ਮਾਈਕਲ ਐਡਵਾਇਰ ਨੂੰ ਮਾਰ ਕੇ ਜਲਿਆਂਵਾਲੇ ਬਾਗ਼ ਦਾ ਬਦਲਾ ਲਿਆ ਸੀ, ਪਰ 31 ਜੁਲਾਈ 1940 ਨੂੰ ਸ਼ਹੀਦ ਊਧਮ ਸਿੰਘ ਨੂੰ ਫ਼ਾਂਸੀ ਦੇ ਦਿੱਤੀ ਗਈ ਸੀ।ਇਸ ਮੌਕੇ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ ਵੱਲੋਂ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਮੌਕੇ ਜਾਗਰੂਕਤਾ, ਦੰਦਾਂ ਤੇ ਜਨਰਲ ਮੈਡੀਕਲ ਕੈਂਪ ਲਾਏ ਗਏ, ਜਿਨ੍ਹਾਂ ਵਿੱਚ ਮਰੀਜ਼ਾਂ ਦੇ ਮੁਫ਼ਤ ਟੈੱਸਟ ਕੀਤੇ ਗਏ ਅਤੇ ਦਵਾਈਆਂ ਦਿੱਤੀਆਂ ਗਈਆਂ।

## ਪਬਲਿਕ ਨੋਟਿਸ

ਸੂਚਿਤ ਕੀਤਾ ਜਾਂਦਾ ਹੈ ਕਿ ਅਸੀਂ ਅਨਿਲ ਮੈਸੀ ਪੁੱਤਰ ਗੁਲਜਾਰ ਮੈਸੀ ਅਤੇ ਸੁਕਰੀਤੀ ਮੈਸੀ ਪਤਨੀ ਅਨਿਲ ਮੈਸੀ ਵਾਸੀ ਮਕਾਨ ਨੰਬਰ 15/62 ਸਿਵਲ ਲਾਈਨਜ, ਕਾਨਪੁਰ ਨਗਰ, ਉਤਰ ਪ੍ਰਦੇਸ਼- 208001 ਨੇ ਇੱਕ ਬੱਚੀ ਮੰਨਤ ਜਿਸ ਦੀ ਜਨਮ ਮਿਤੀ 11-7-2025 ਹੈ ਉਸ ਦੀ ਮਾਤਾ ਨੇਹਾ ਦਾ ਦੇਹਾਂਤ ਹੋ ਗਿਆ ਸੀ ਨੂੰ ਉਸ ਦੇ ਪਿਤਾ ਅਬਰਾਹਿਮ ਮਸੀਹ ਪੁੱਤਰ ਮੇਜਰ ਸਮੀਹ ਵਾਸੀ ਪਿੰਡ ਧਾਰੀਵਾਲ, ਬੱਚੀਵਿੰਡ, ਅੰਮ੍ਰਿਤਸਰ, ਪੰਜਾਬ ਤੋਂ ਮਿਤੀ 22-7-2025 ਨੂੰ ਗੋਦ ਲੈ ਲਿਆ ਹੈ।

## COURT NOTICE

(U/o 5 Rule 20 CPC)
In The Court of Sh. Pankaj Garg
Civil Judge (Junior Division), Hoshiarpur
CNR No. PBHO02-000493-2023
Next Date:- 22-08-2025

M/s Shailputri Enterprises, Through Sh. Sunil Kapoor proprietor resident of A-18, New Gautam, Una Road Hoshiarpur.
.........Plaintiff(S)
Vs.
M/s Hari Om Enterprises, Sh. Deepak Sharma, Proprietor resident of Village Reru Pind, Pathankot Chowk, Near Balle Balle Farm, Jalandhar and another.
.......Defendant(S)

Publication Issued To:
1. MA Hari Om Enterprises, Sh. Deepak Sharma, Proprietor
2. Sh Deepak Sharma, Proprietor Ms/ Hari Om Enterprises, Both resident of Village Reru Pind, Pathankot Chowk, Near Balle Balle Farm, Jalandhar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 22-08-2025 at 10:00 a.m.

For details logon to https://highcourtchd.gov.in/?trs=district_notice&district=Hoshiarpur

Civil Judge (Junior Division)
Hoshiarpur
Dated, this day of 24-07-2025

# ਭਗਤਾ ਬਲਾਕ ਤੋੜਨ ਦੇ ਫ਼ੈਸਲੇ 'ਤੇ 'ਆਪ' ਆਗੂ ਵੀ ਨਰਾਜ਼

ਬਠਿੰਡਾ (ਰਾਜੀਵ ਗੋਇਲ) ਭਗਤਾ ਭਾਈ ਕਾ ਬਲਾਕ ਸਰਕਾਰ ਵੱਲੋਂ ਤੋੜੇ ਜਾਣ ਦੀ ਖਬਰ ਲੋਕਾਂ ਦੇ ਕੰਨਾਂ ਤੱਕ ਪਈ ਤਾਂ ਆਮ ਆਦਮੀ ਪਾਰਟੀ ਦੇ ਪੁਰਾਣੇ ਭੁਮੱਕੜ ਤੇ ਸੀਨੀਅਰ ਆਗੂ ਨਛੱਤਰ ਸਿੰਘ ਸਿੱਧੂ ਵੱਲੋਂ ਆਪਣੀ ਹੀ ਸਰਕਾਰ ਤੇ ਵਿਧਾਇਕ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਗਿਆ।ਭਾਵੇਂ ਹੀ ਅਜੇ ਤੱਕ ਇਸ ਮਸਲੇ ਨੂੰ ਲੈ ਕੇ ਸਰਕਾਰ ਦਾ ਕੋਈ ਆਰਡਰ ਸਾਹਮਣੇ ਨਹੀਂ ਆਇਆ ਪਰ ਭਰੋਸੇਯੋਗ ਸੂਤਰਾਂ ਮੁਤਾਬਕ ਭਗਤਾ ਬਲਾਕ ਨੂੰ ਖਤਮ ਕਰਕੇ ਫੂਲ ਨਾਲ ਜੋੜ ਦਿੱਤੇ ਜਾਣ ਦੀ ਚਰਚਾ ਜ਼ੋਰਾਂ 'ਤੇ ਹੈ।ਨਛੱਤਰ ਸਿੱਧੂ ਵੱਲੋਂ ਹਲਕਾ ਵਿਧਾਇਕ ਨੂੰ ਕਰੜੇ ਹੱਥੀ ਲੈਂਦਿਆਂ ਕਿਹਾ ਕਿ ਅਸੀਂ ਕੀ ਮਾੜਾ ਕਰ ਦਿੱਤਾ ਸਿੱਧੂ ਨੂੰ



ਐਮ.ਐਲ.ਏ ਬਣਾ ਕੇ।' ਉਨ੍ਹਾਂ ਕਿਹਾ ਕਿ ਪਿੰਡਾਂ ਦੇ ਪੰਚਾਂ ਤੇ ਸਰਪੰਚਾਂ ਨੂੰ ਵੀ ਇਸ ਮਸਲੇ ਦੇ ਵਿਰੋਧ ਵਿੱਚ ਉਤਰਨਾ ਚਾਹੀਦਾ ਹੈ। ਉਨ੍ਹਾਂ ਬਠਿੰਡਾ ਦੇ ਸ਼ਹਿਰੀ ਪ੍ਰਧਾਨ ਤੇ ਚੇਅਰਮੈਨ ਭੱਲਾ 'ਤੇ ਵੀ ਤੰਜ ਕਸਦੇ ਹੋਏ ਕਿਹਾ ਕਿ ਜੋ ਵੀ ਕੰਮ ਕੀਤੇ ਜਾ ਰਹੇ ਹਨ, ਉਹ ਲੋਕ ਵਿਰੋਧੀ ਹਨ ਅਤੇ ਹਲਕੇ ਅੰਦਰ ਆਮ ਆਦਮੀ ਪਾਰਟੀ ਦਾ ਅੰਦਰੋਂ ਅੰਦਰੀ ਭੋਗ ਪਾਇਆ ਜਾ ਰਿਹਾ ਹੈ।ਭਾਵੇਂ ਇਸ ਮਾਮਲੇ ਵਿੱਚ ਚੇਅਰਮੈਨ ਭੱਲਾ ਵੱਲੋਂ ਕੁਝ ਵੀ ਕਹਿਣ ਤੋਂ ਗੁਰੇਜ਼ ਕਰਦੇ ਹੋਏ ਅਣਜਾਨਤਾ ਪ੍ਰਗਟ ਕੀਤੀ ਗਈ, ਪਰ ਜੇਕਰ ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦੇ ਆਪਣੇ ਹੀ ਆਗੂ ਆਪਣੀ ਸਰਕਾਰ ਖਿਲਾਫ ਬੋਲਣ ਤਾਂ ਫ਼ਰਕ ਤਾਂ ਪੈਂਦੇ।

# ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ (ਏਟਕ) ਦੀ ਮੀਟਿੰਗ



**ਲੁਧਿਆਣਾ (ਰੈਕਟਰ ਕਥੂਰੀਆ)** ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ (ਏਟਕ) ਦੀ ਮੀਟਿੰਗ ਸ਼੍ਰੀ ਦੀਦਾਰ ਸਿੰਘ ਸੂਬਾ ਪ੍ਰਧਾਨ ਤੇ ਸ਼੍ਰੀ ਗੁਰਜੰਟ ਸਿੰਘ ਕੋਕਰੀ, ਸੂਬਾ ਜਨਰਲ ਸਕੱਤਰ ਦੀ ਪ੍ਰਧਾਨਗੀ ਹੇਠ ਈਸੜੂ ਭਵਨ ਵਿਖੇ ਹੋਈ।ਮੀਟਿੰਗ ਵਿੱਚ ਲੁਧਿਆਣਾ ਡਿਪੂ ਦੀ ਏਟਕ ਜਥੇਬੰਦੀ ਵੱਲੋਂ ਸ਼੍ਰੀ ਹਰਬੰਸ ਸਿੰਘ ਪੰਧੇਰ ਨੂੰ ਪ੍ਰਧਾਨ, ਸ਼੍ਰੀ ਰੁਪਿੰਦਰ ਸਿੰਘ ਜਨਰਲ ਸਕੱਤਰ, ਸ਼੍ਰੀ ਹਰਮਨਦੀਪ ਸਿੰਘ ਚੇਅਰਮੈਨ, ਗੁਰਸ਼ਰਨ ਸਿੰਘ ਸੀਨੀਅਰ ਮੀਤ ਪ੍ਰਧਾਨ, ਰਵਿੰਦਰ ਕੁਮਾਰ ਕੈਸ਼ੀਅਰ, ਅਮਨ ਪ੍ਰਸ਼ਾਰ ਡਿਪਟੀ ਜਨਰਲ ਸਕੱਤਰ, ਰਾਜੇਸ਼ ਕਪਿਲਾ ਮੀਤ ਪ੍ਰਧਾਨ, ਅਮਨਦੀਪ ਸਿੰਘ ਮੀਤ ਪ੍ਰਧਾਨ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ ਤੇ ਮਹਿਕਮੇ ਵਿੱਚ ਆ ਰਹੀਆਂ ਸਮੱਸਿਆ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ।ਮੀਟਿੰਗ ਵਿੱਚ ਸ਼੍ਰੀ ਸੁਰਿੰਦਰ ਸਿੰਘ ਬਰਾੜ ਸੂਬਾ ਕੈਸ਼ੀਅਰ, ਸ਼੍ਰੀ ਮਨਪ੍ਰੀਤ ਸਿੰਘ ਸੂਬਾ ਜੁਆਇੰਟ ਸਕੱਤਰ, ਸ਼੍ਰੀ ਰਣਧੀਰ ਸਿੰਘ ਸੂਬਾ ਜੁਆਇੰਟ ਸਕੱਤਰ, ਮਨਦੀਪ ਸਿੰਘ, ਜਸਵੀਰ ਸਿੰਘ ਤੇ ਹੋਰ ਸਾਥੀ ਸ਼ਾਮਲ ਹੋਏ।ਕੈਪਸ਼ਨ: ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਅਧਿਆਪਕ ਜਾਣਕਾਰੀ ਦਿੰਦੇ ਹੋਏ।

## ਪਬਲਿਕ ਨੋਟਿਸ

ਮੈਂ, ਅਵਤਾਰ ਸਿੰਘ ਪੁੱਤਰ ਹਰੀ ਸਿੰਘ ਵਾਸੀ ਮੁੱਹਲਾ ਬਸੰਤ ਨਗਰ ਗਲੀ ਨੰਬਰ 6, ਖੇੜਾ ਰੋਡ ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੁੱਹਲਾ ਬਸੰਤ ਨਗਰ ਗਲੀ ਨੰਬਰ 6 ਵਿਖੇ ਬੀਬੀ ਪ੍ਰਕਾਸ਼ ਕੌਰ ਤੇ ਮੈਂ ਅਵਤਾਰ ਸਿੰਘ ਵਲੋਂ ਆਪਣੀ ਨਿਜੀ ਕਮਾਈ ਵਿਚੋਂ ਸੰਗਤਾ ਦੇ ਨਾਲ ਇਕ ਸਿੱਖ ਗੁਰਦੁਆਰਾ ਪ੍ਰਕਾਸ਼ ਪੁਰੀ ਦੇ ਨਾਂ ਤੇ ਉਸਾਰਿਆ ਗਿਆ ਹੈ ਜੋ ਸਾਡੀ ਨਿੱਜੀ ਜਾਇਦਾਦ ਹੈ। ਬੀਬੀ ਪ੍ਰਕਾਸ਼ ਕੌਰ ਜੀ ਮਿਤੀ 01-03-2025 ਨੂੰ ਸਵਰਗਵਾਸ ਹੋ ਗਏ ਸਨ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਮੈਂ ਇਸ ਗੁਰਦੁਆਰਾ ਪ੍ਰਕਾਸ਼ ਪੁਰੀ ਅਤੇ ਇਸ ਨਾਲ ਸਬੰਧਤ ਹੋਰ ਜਾਇਦਾਦ /ਪਲਾਟ ਆਦਿ ਦਾ ਮਾਲਕ ਹਾਂ। ਬੀਬੀ ਪ੍ਰਕਾਸ਼ ਕੌਰ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਮੇਰੇ ਵਲੋਂ ਗੁਰਦੁਆਰਾ ਪ੍ਰਕਾਸ਼ ਪੁਰੀ ਨੂੰ ਚਲਾਇਆ ਜਾ ਰਿਹਾ ਹੈ। ਅਸੀਂ ਗੁਰਦੁਆਰਾ ਪ੍ਰਕਾਸ਼ ਪੁਰੀ ਜੀ ਦੀ ਕਮੇਟੀ ਦਾ ਗਠਨ ਕੀਤਾ ਹੈ ਜਿਸ ਵਿੱਚ 11 ਮੈਂਬਰੀ ਕਮੇਟੀ ਦੇ ਮੈਂਬਰ ਹਨ ਅਤੇ ਇਨ੍ਹਾਂ ਕਮੇਟੀ ਮੈਂਬਰਾਂ ਤੋਂ ਇਲਾਵਾ ਹੋਰ ਕਿਸੇ ਵਿਅਕਤੀ ਦਾ ਕਮੇਟੀ ਨਾਲ ਕੋਈ ਤਲਕ ਵਾਸਤਾ ਨਹੀਂ ਹੈ ਅਤੇ ਜਦੋ ਤਕ ਮੈਂ ਯਾਨਿ ਅਵਤਾਰ ਸਿੰਘ ਜਿਉਂਦਾ ਹਾਂ ਉਦੋ ਤਕ ਮੈਂ ਹੀ ਪ੍ਰੈਜ਼ੀਡੈਂਟ ਰਹਾਂਗਾ।

## COURT NOTICE

(U/o 5 Rule 20 CPC)
In The Court of
Dr. Seema Agnihotri
Civil Judge (Junior Division),
Rupnagar
CNR No. PBRO02-001607-2024
Next Date:- 20-08-2025
Maharaja Land Developer Pvt. Ltd.
Vs.
Mohinder Singh

Publication Issued To:
Mohinder Singh S/o Ujagar Singh, H. No. 35/5 Gautam Nagar New Delhi - 49 and Owner of Plot No. 79, 80 Maharaja City Rupnagar, Tehsil and District Rupnagar

in above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 20-08-2025 at 10:00 a.m.

For details logon to https://highcourtchd.gov.in/?mod=district_notice&district=Rupnagar

Civil Judge (Junior Division)
Rupnagar
Dated, this day of 31-07-2025

## COURT NOTICE

(U/o 5 Rule 20 CPC)
In The Court of
Sh. Jagmilap Singh Khushdil
Civil Judge (Senior Division),
Sangrur
CNR No. PBSG02-000318-2025
Next Date:- 22-08-2025
Punjab National Bank
Vs.
Rattan Singh

Execution for the recovery of Rs.287035/- as per Judgement dated 11.02.2025 in CS/503/2024

Publication Issued To:
Rattan Singh S/o Ajit @ Jeet Singh R/o Village Dhadrian Longowal, Sangrur, Punjab

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 22-08-2025 at 10:00 a.m.

For details logon to https://highcourtchd.gov.in/?mod=district_notice&district=Sangrur

Civil Judge (Senior Division)
Sangrur
Dated, this day of 01-08-2025

## ਨਿਲਾਮੀ ਨੋਟਿਸ

ਸਰਕਾਰੀ ਐਲੀਮੈਂਟਰੀ ਸਕੂਲ, ਸਬਜੀ ਮੰਡੀ (ਬੰਬੇ ਵਾਲਾ ਖੂਹ, ਅੰਮ੍ਰਿਤਸਰ) ਦੀ ਖਸਤਾਹਾਲ ਬਿਲਡਿੰਗ ਨੂੰ ਜਿਵੇਂ ਹੈ, ਜਿੱਥੇ ਹੈ, ਦੀ ਨਿਲਾਮੀ ਲਈ ਮਿਤੀ 07-08-2025 ਸਮਾਂ ਸਵੇਰੇ 9:30 ਵਜੇ ਸਰਕਾਰੀ ਐਲੀਮੈਂਟਰੀ ਸਕੂਲ, ਝੁੱਗੀਆਂ ਵਿਖੇ ਰੱਖੀ ਗਈ ਹੈ।

ਨਿਲਾਮੀ ਦੀਆਂ ਸ਼ਰਤਾਂ:

1. ਨਿਲਾਮੀ ਵਿੱਚ ਸ਼ਾਮਿਲ ਹੋਣ ਲਈ ਇੱਛੁਕ ਠੇਕੇਦਾਰ 10,000/- ਰੁਪਏ ਦਾ ਡਰਾਫਟ/ਕੈਸ਼ Security ਦੇ ਰੂਪ) ਵਿੱਚ ਨਿਲਾਮੀ ਦੇ ਇਕ ਘੰਟਾ ਪਹਿਲਾਂ ਸਕੂਲ ਦਫ਼ਤਰ ਵਿਖੇ ਜਮਾਂ ਕਰਵਾਉਣਗੇ/ਡਰਾਫਟ/ਕੈਸ਼ ਜਮਾਂ ਕਰਵਾਉਣ ਦਾ ਸਮਾਂ ਮਿਤੀ 07/08/2025 ਨੂੰ ਸਵੇਰੇ 8:30 ਤੋਂ 9:30 ਵਜੇ ਦਾ ਹੋਵੇਗਾ।
2. ਨਿਲਾਮੀ ਵਿੱਚ ਜਿਸ ਦੀ ਬੋਲੀ ਸਭ ਤੋਂ ਵੱਧ ਜਾਵੇਗੀ। ਉਸਨੂੰ ਹੀ ਠੇਕਾ ਦਿੱਤਾ ਜਾਵੇਗਾ।
3. ਨਿਲਾਮੀ ਦੀ ਬੋਲੀ ਦੇਣ ਤੋਂ ਪਹਿਲਾਂ ਇੱਛੁਕ ਠੇਕੇਦਾਰ ਵੱਲੋਂ ਨਿਜੀ ਰੂਪ ਵਿੱਚ ਬੰਬੇ ਵਾਲਾ ਖੂਹ, ਅੰਮ੍ਰਿਤਸਰ ਦੀ ਢਠੀ ਹੋਈ ਬਿਲਡਿੰਗ ਨੂੰ ਨਿਜੀ ਰੂਪ ਵਿੱਚ ਵੇਖਣ ਉਪਰੰਤ ਹੀ ਬੋਲੀ ਦਿੱਤੀ ਜਾਵੇ।
4. ਬੋਲੀ ਉਪਰੰਤ ਜਿਸ ਵੀ ਠੇਕੇਦਾਰ ਨੂੰ ਬੋਲੀ ਦਿੱਤੀ ਜਾਵੇਗੀ, ਉਸ ਬੋਲੀ ਦੀ ਰਕਮ ਦਾ ਡਰਾਫਟ/ਕੈਸ਼ ਸ.ਐ.ਸ., ਝੁੱਗੀਆਂ ਵਿਖੇ ਦੁਪਹਿਰ 2:00 ਵਜੇ ਤੱਕ ਜਮਾਂ ਕਰਵਾਏਗਾ। ਬੋਲੀ ਦੀ ਸਾਰੀ ਰਕਮ ਜਮਾਂ ਕਰਵਾਉਣ ਉਪਰੰਤ ਹੀ ਠੇਕੇਦਾਰ ਨੂੰ ਢਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ।
5. ਜਿਸ ਨੂੰ ਠੇਕਾ ਦਿੱਤਾ ਜਾਵੇਗਾ, ਉਸ ਤੋਂ ਇਲਾਵਾ ਬਾਕੀ ਰਹਿੰਦੇ ਠੇਕੇਦਾਰਾਂ ਨੂੰ Security ਦਾ ਡਰਾਫਟ/ਕੈਸ਼ ਵਾਪਸ ਕਰ ਦਿੱਤਾ ਜਾਵੇਗਾ।
6. ਨਿਲਾਮੀ ਉਪਰੰਤ ਯੋਗ ਠੇਕੇਦਾਰ ਉਪਰੋਕਤ ਮਿੱਥੇ ਸਮੇਂ ਵਿੱਚ ਜੇ ਸਾਈਟ ਕਲੀਅਰ ਨਹੀਂ ਕਰੇਗਾ ਤਾਂ 10,000/- ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਦੇਣ ਦਾ ਪਾਬੰਧ ਹੋਵੇਗਾ, ਢੱਠੀ ਹੋਈ ਬਿਲਡਿੰਗ ਢਾਉਣ ਸਮੇਂ ਦੌਰਾਨ ਜੇ ਕੋਈ ਵੀ ਜਾਨੀ/ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਉਸਦੀ ਭਰਪਾਈ ਠੇਕੇਦਾਰ ਵੱਲੋਂ ਕੀਤੀ ਜਾਵੇਗੀ।

ਵੱਲੋਂ: ਸ: ਕੰਵਲਪ੍ਰੀਤ ਸਿੰਘ ਜਿ. ਸਿੰ. ਅਫ਼ਸਰ, ਐਲੀ. ਸਿੰ. ਅਤੇ
ਸ਼੍ਰੀਮਤੀ ਦਲਜੀਤ ਕੌਰ ਸ.ਐ. ਸਕੂਲ ਝੁੱਗੀਆਂ, ਅੰਮ੍ਰਿਤਸਰ। ਮੋ: 7986232668

## ਨਿਲਾਮੀ ਨੋਟਿਸ

ਹਵਾਲਾ: ਪੱਤਰ ਨੰ: ਜੀ-1/2025/74544 ਮਿਤੀ: 23-06-2025

ਸਰਕਾਰੀ ਸੀਨੀਅਰ ਸਕੈਂਡਰੀ ਸਕੂਲ, ਹਰਸ਼ਾ-ਛੀਨਾ (ਕੁੱਕੜਾਂਵਾਲਾ) ਅੰਮ੍ਰਿਤਸਰ ਵਿਖੇ ਇੱਕ ਵੱਡਾ ਹਾਲ ਕਮਰਾ, ਜਿਸਦੀ ਅੰਦਰੂਨੀ ਵੰਡ ਕੀਤੀ ਹੋਈ ਹੈ, ਜੋ ਕਿ ਵਿਭਾਗ ਵੱਲੋਂ ਅਸੁੱਰਿਖਅਤ ਐਲਾਨਿਆ ਗਿਆ ਹੈ ਨੂੰ ਢਾਹੁਣ ਲਈ ਅਤੇ 15 ਦਿਨਾਂ ਦੇ ਅੰਦਰ Site (ਜਗ੍ਹਾ) Clear ਕਰਨ ਲਈ ਇੱਛੁਕ ਠੇਕੇਦਾਰਾਂ ਨੂੰ ਨਿਲਾਮੀ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਇਸ ਬਲਾਕ ਦਾ ਕੁੱਲ ਰਕਬਾ (1694 ਵਰਗ ਫੁਟ) ਹੈ। ਜਿਸ ਵਿੱਚ ਕੁੱਲ ਤਿੰਨ ਕਮਰੇ ਹਾਲ ਨੂੰ ਵੰਡ ਕਰਕੇ ਬਣੇ ਹੋਏ ਹਨ, ਦਰਵਾਜੇ, ਖਿੜਕੀਆਂ ਅਤੇ ਰੋਸ਼ਨਦਾਨ ਲੱਗੇ ਹੋਏ ਹਨ। ਇਸ ਬਲਾਕ ਦੀਆਂ ਸਾਰੀਆਂ ਕੰਧਾਂ ਢਾਹੀਆਂ ਜਾਣਗੀਆ। ਨਿਲਾਮੀ ਮਿਤੀ 5-8-2025 ਨੂੰ 10 ਵਜੇ ਸਵੇਰੇ ਸਕੂਲ ਦੇ ਦਫ਼ਤਰ ਵਿੱਚ ਹੋਵੇਗੀ।

ਨਿਲਾਮੀ ਦੀਆਂ ਸ਼ਰਤਾਂ:

1. ਨਿਲਾਮੀ ਵਿੱਚ ਸ਼ਾਮਿਲ ਹੋਣ ਲਈ ਇੱਛੁਕ ਠੇਕੇਦਾਰ 20,000/- ਰੁਪਏ ਦਾ ਡਰਾਫਟ/ਕੈਸ਼ Security ਦੇ ਰੂਪ) ਵਿੱਚ ਨਿਲਾਮੀ ਦੇ 2 ਘੰਟੇ ਪਹਿਲਾ ਸਕੂਲ ਦਫ਼ਤਰ ਵਿਖੇ ਜਮ੍ਹਾ ਕਰਵਾਉਣਗੇ, ਡਰਾਫਟ/ਕੈਸ਼ ਜਮਾਂ ਕਰਵਾਉਣ ਦਾ ਸਮਾ 5-8-2025 ਨੂੰ ਸਵੇਰੇ 8.00 ਵਜੇ ਤੋਂ 9.00 ਵਜੇ ਦਾ ਸਮਾ ਹੋਵੇਗਾ।
2. ਨਿਲਾਮੀ ਵਿੱਚ ਜਿਸ ਦੀ ਬੋਲੀ ਸਭ ਤੋਂ ਵੱਧ ਜਾਵੇਗੀ, ਉਸ ਨੂੰ ਠੇਕਾ ਦਿੱਤਾ ਜਾਵੇਗਾ।
3. ਨਿਲਾਮੀ ਦੀ ਬੋਲੀ ਦੇਣ ਤੋਂ ਪਹਿਲਾ ਇੱਛੁਕ ਠੇਕੇਦਾਰ ਵੱਲੋਂ ਅਨਸੇਫ ਹਾਲ ਕਮਰੇ ਨੂੰ ਨਿੱਜੀ ਰੂਪ ਵਿੱਚ ਵੇਖ ਲਿਆ ਜਾਵੇ ਅਤੇ ਵੇਖਣ ਉਪਰੰਤ ਬੋਲੀ ਦਿੱਤੀ ਜਾਵੇ।
4. ਬੋਲੀ ਉਪਰੰਤ ਜਿਸ ਵੀ ਠੇਕੇਦਾਰ ਨੂੰ ਇਸ ਕੰਮ ਦੀ ਬੋਲੀ ਦਿੱਤੀ ਜਾਵੇਗੀ। ਉਹ ਬੋਲੀ ਦੀ ਰਕਮ ਦਾ ਡਰਾਫਟ/ਕੈਸ਼ ਸਕੂਲ ਦਫ਼ਤਰ ਵਿਖੇ ਮਿਤੀ 5-8-2025 ਨੂੰ ਦੁਪਹਿਰ 3.00 ਵਜੇ ਤੱਕ ਜਮ੍ਹਾ ਕਰਵਾਏਗਾ। ਬੋਲੀ ਦੀ ਸਾਰੀ ਰਕਮ ਜਮ੍ਹਾ ਕਰਵਾਉਣ ਉਪਰੰਤ ਹੀ ਠੇਕੇਦਾਰ ਨੂੰ ਕਮਰਿਆਂ ਦੇ ਬਲਾਕ ਨੂੰ ਢਾਉਣ ਦੀ ਇਜ਼ਾਜ਼ਤ ਦਿੱਤੀ ਜਾਵੇਗੀ।
5. ਜਿਸ ਨੂੰ ਵੀ ਠੇਕਾ ਦਿੱਤਾ ਜਾਵੇਗਾ, ਉਸ ਤੋਂ ਇਲਾਵਾ ਬਾਕੀ ਰਹਿੰਦੇ ਠੇਕੇਦਾਰਾਂ ਨੂੰ Security ਦਾ ਡਰਾਫਟ/ਕੈਸ਼ ਵਾਪਸ ਕਰ ਦਿੱਤਾ ਜਾਵੇਗਾ।
6. ਨਿਲਾਮੀ ਉਪਰੰਤ ਯੋਗ ਠੇਕੇਦਾਰ ਉਪਰੋਕਤ ਮਿੱਥੇ ਸਮੇਂ ਵਿੱਚ ਜੇ ਸਾਈਟ ਕਲੀਅਰ ਨਹੀਂ ਕਰੇਗਾ ਤਾਂ 10,000/- ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਦੇਣ ਦਾ ਪਾਬੰਦ ਹੋਵੇਗਾ, ਅਨਸੇਫ ਬਲਾਕ ਢਾਹੁਣ ਦੇ ਸਮੇਂ ਦੌਰਾਨ ਜੇ ਕੋਈ ਵੀ ਜਾਨੀ/ਮਾਲੀ ਨੁਕਸਾਨ ਹੁੰਦਾ ਤਾਂ ਉਸਦੀ ਨਿਰੋਲ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਉਸਦੀ ਭਰਭਾਈ ਠੇਕੇਦਾਰ ਵੱਲੋਂ ਕੀਤੀ ਜਾਵੇਗੀ।

ਵੱਲੋਂ: ਸ: ਕੰਵਲਜੀਤ ਸਿੰਘ (ਜਿਲ੍ਹਾ ਸਿੱਖਿਆ ਅਫ਼ਸਰ (ਸੈ) ਅੰਮ੍ਰਿਤਸਰ ਅਤੇ ਇਚਾਰਜ ਪ੍ਰਿੰਸੀਪਲ ਸ: ਜਗਜੀਤ ਸਿੰਘ, ਕਾਮਰੇਡ ਅਛਰ ਸਿੰਘ ਛੀਨਾ ਪੀ.ਐਮ. ਸ਼੍ਰੀ ਸ: ਸ.ਸ.ਸ. ਹਰਸ਼ਾ ਛੀਨਾ (ਅੰਮ੍ਰਿਤਸਰ)

## ਪੰਜਾਬ ਨੈਸ਼ਨਲ ਬੈਂਕ punjab national bank ...the name you can BANK upon!

ਪੰਜਾਬ ਨੈਸ਼ਨਲ ਬੈਂਕ
(ਭਾਰਤ ਸਰਕਾਰ ਦਾ ਉਦਮ)
ਸ਼ਾਖਾ ਦਫ਼ਤਰ: ਪੀ.ਐਨ.ਬੀ. ਨਵਾਂ ਅਨਾਜ ਮੰਡੀ, ਜਲੰਧਰ

ਜਦੋਂਕਿ ਸ਼੍ਰੀ ਸੁਭਦਰਾ ਰਾਣਾ ਪਤਨੀ ਜਗਰੂਪ ਸਿੰਘ ਰਾਣਾ ਅਤੇ ਸ਼੍ਰੀ ਜਗਰੂਪ ਸਿੰਘ ਰਾਣਾ ਪੁੱਤਰ ਜਸਵੰਤ ਸਿੰਘ ਰਾਣਾ, ਦੋਵੇਂ ਨਿਵਾਸੀ ਮਕਾਨ ਨੰਬਰ 68, ਰੋਜ਼ ਪਾਰਕ, ਜਲੰਧਰ, ਨੇ ਸਾਡੀ ਬੈਂਕ ਵਿੱਚ ਕੰਸਟ੍ਰਕਸ਼ਨ ਲੋਨ/ਕ੍ਰੈਡਿਟ ਫ਼ੈਸਿਲਿਟੀ ਲਈ ਅਰਜ਼ੀ ਦਿੱਤੀ ਹੈ, ਜੋ ਕਿ ਆਪਣੇ ਪਲਾਟ ਨੂੰ ਇਕਵਿਟੇਬਲ ਮੋਰਗੇਜ ਕਰਕੇ ਹਾਸਲ ਕੀਤਾ ਜਾਣਾ ਹੈ। ਇਹ ਜਾਇਦਾਦ ਬੈਂਕ ਕਾਲੋਨੀ, ਸਲੇਮਪੁਰ ਮੁਸਲਮਾਨਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿੱਚ ਸਥਿਤ ਹੈ ਅਤੇ ਪਲਾਟ ਨੰਬਰ 37 ਹੈ, ਜਿਸ ਦਾ ਖੇਤਰਫਲ 8 ਮਰਲੇ 74 ਵਰਗ ਫ਼ੁੱਟ (30'x75'), ਕੁੱਲ 2,250 ਵਰਗ ਫ਼ੁੱਟ (272 ਵਰਗ ਫ਼ੁੱਟ ਪ੍ਰਤੀ ਮਰਲਾ) ਹੈ। ਇਹ ਜਾਇਦਾਦ ਵੇਖਾਸਾ ਨੰਬਰ 2024-25/187/1/13256 ਮਿਤੀ 11.03.2025 ਅਨੁਸਾਰ ਖਰੀਦੀ ਗਈ ਹੈ। ਜੋ ਕਿ ਹੇਠ ਲਿਖੇ ਖਸਰਾ ਨੰਬਰਾਂ ਵਿੱਚ ਸ਼ਾਮਲ ਹੈ: 26//3/2, 4, 5/1, 5/2, 6, 7/1, 12/2, 13/2, 14/2/2, 26, 25//16/2, 17/2, 23/2, 24, 25, 26/7/2, 8, 9, 12/1, 13/1, 14/1, 14/2/1, 15/1, ਇਹ ਜਾਇਦਾਦ ਮਿਊਟੇਸ਼ਨ ਨੰਬਰ 14121 ਮਿਤੀ 14.03.2025 ਅਨੁਸਾਰ ਰਜਿਸਟਰ ਕੀਤੀ ਗਈ ਹੈ। ਇਸ ਜਾਇਦਾਦ ਦੇ ਪਿਛਲੇ ਮੂਲ ਦਸਤਾਵੇਜ਼ ਸੁਭਦਰਾ ਰਾਣਾ ਕੋਲ ਮੌਜੂਦ ਹਨ, ਜਿਵੇਂ ਕਿ ਵੇਖਾਸਾ ਨੰਬਰ 4712 ਮਿਤੀ 13.10.2011. ਜਨਰਲ ਪਾਵਰ ਆਫ਼ ਅਟਾਰਨੀ ਨੰਬਰ 3651 ਮਿਤੀ 06.12.2011, ਜੀ.ਪੀ.ਏ. ਇੰਥਾਸ ਨੰਬਰ 285 ਮਿਤੀ 14.08.2023 ਜੋ ਕਿ ਡਿਵਿਜ਼ਨਲ ਕਮਿਸ਼ਨਰ, ਜਲੰਧਰ ਦੁਆਰਾ ਹੈ, ਅਤੇ ਆਖਰੀ ਸੇਲ ਡੀਡ ਸੁਭਦਰਾ ਰਾਣਾ ਦੇ ਹੱਕ ਵਿੱਚ, ਜੋ ਬੈਂਕ ਵਿੱਚ ਵੀ ਰੱਖੀ ਜਾਵੇਗੀ। ਮਿਊਂਸਪਲ ਕਾਰਪੋਰੇਸ਼ਨ ਜਲੰਧਰ ਤੋਂ NOC ਮਿਲ ਚੁੱਕੀ ਹੈ ਅਤੇ ਸਾਈਟ ਪਲਾਨ ਮਨਜ਼ੂਰਸ਼ੁਦਾ ਹੈ। ਇਸ ਜਾਇਦਾਦ ਦੀ ਮੂਲ ਸੇਲ ਡੀਡ ਨੰਬਰ 9154 ਮਿਤੀ 12.12.2012 ਗੁੰਮ ਹੋ ਚੁਕੀ ਹੈ, ਜਿਸ ਬਾਰੇ DDR/GD, ਨੰਬਰ 26 ਮਿਤੀ 24.09.2024 ਥਾਣਾ ਡਿਵਿਜ਼ਨ ਨੰਬਰ 1, ਜਲੰਧਰ ਵਿੱਚ ਦਰਜ ਹੈ।

ਉਪਰੋਕਤ ਜਾਇਦਾਦ ਨੂੰ ਬੈਂਕ ਵਿੱਚ ਇਕਵਿਟੇਬਲ ਮੋਰਗੇਜ ਦੇ ਰੂਪ ਵਿੱਚ ਸੁਰੱਖਿਆ ਲਈ ਰੱਖਿਆ ਜਾ ਰਿਹਾ ਹੈ। ਜੇ ਕਿਸੇ ਵਿਅਕਤੀ ਨੂੰ ਉਪਰੋਕਤ ਮੋਰਗੇਜ ਜਾਂ ਜਾਇਦਾਦ ਬਾਰੇ ਜਾਂ ਗੁੰਮ ਦਸਤਾਵੇਜ਼ ਬਾਰੇ ਕੋਈ ਵੀ ਦਾਵਾ, ਜਾਣਕਾਰੀ ਜਾਂ ਇਤਰਾਜ਼ ਹੋਵੇ, ਤਾਂ ਉਹ 7 ਦਿਨਾਂ ਵਿੱਚ ਹੇਠਸਾਇਨ ਕਰਨ ਵਾਲੇ ਕੋਲ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਇਸ ਤੋਂ ਬਾਅਦ ਬੈਂਕ ਉਕਤ ਜਾਇਦਾਦ ਦੇ ਖ਼ਿਲਾਫ਼ ਇਕਵਿਟੇਬਲ ਮੋਰਗੇਜ ਬਣਾਕੇ ਲੋਨ ਜਾਰੀ ਕਰੇਗਾ ਅਤੇ ਕੋਈ ਭਵਿੱਖੀ ਦਾਅਵਾ ਮਨਜ਼ੂਰ ਨਹੀਂ ਕੀਤਾ ਜਾਵੇਗਾ।

ਪੰਜਾਬ ਨੈਸ਼ਨਲ ਬੈਂਕ
ਨਵਾਂ ਅਨਾਜ ਮੰਡੀ, ਜਲੰਧਰ

# ਕਲਾਸੀਫਾਈਡ ਇਸ਼ਤਿਹਾਰ

## Change of Name

I, Harinder Singh Bhatia S/o Gurdial Singh R/o 54 A, Krishna Square-1, Amritsar, Punjab Have Changed My Name From Harinder Singh Bhatia To Harinder Singh. Concerned Note

I, Dilpreet Singh S/o Angrej Singh R/o VPO Khabbe Rajputan,Tehsil Baba Bakala, Distt. Amritsar, Punjab Have changed my name from Dilpreet Singh to Dilpreet as my given name and singh as my surname. Concerned note.

I, Randhir Kaur W/o Angrej Singh R/o VPO Khabbe Rajputan,Tehsil Baba Bakala, Distt. Amritsar, Punjab have changed my name from Randhir Kaur to Randhir as my given name and Kaur as my surname. Concerned note.

I, Ashok Kumar S/o Hem Raj Sharma R/o 99, Ekta Nagar, Phase-II, Rama Mandi, Jalandhar Cantt have changed my name to Ashok Kumar Sharma.

I Sharda Rani W/o Surinder Kumar R/o H.No. DFD/H, Katehra Mohalla , Basti Bawa Khel, Jalandhar-144021, Punjab, have changed my name from Sharda Rani to Sharda Nagpal. All concerned please note.

I, Niranjan Virdi S/o Ganga Ram R/o Sutheri Road, 02, Central Town, Hoshiarpur 146001 Punjab have changed my name from Niranjan Virdi to Niranjan Lal Virdi. Concerned note.

I, Aarti D/o Sohan Lal R/o H.No.45, LIC Colony, Kashmir Avenue, Batala Road, Amritsar have changed my name from Aarti to Aarti Kumar

I, Alias Parshotma Vig Poonam W/o Rakesh Kumar R/o H.No.315, Fatehgarh Churian Road, Varindavan Garden District Amritsar have changed my name from Alias Parshotma Vig Poonam to Poonam Vig

I, Divya Jyoti W/o Rohit Vig R/o H.No.315, Fatehgarh Churian Road, Varindavan Garden District Amritsar have changed my name from Divya Jyoti to Divya Jyoti Vig.

I Manraj Singh S/O Karnail Singh R/O Vill Bulewal Po Udhanwal Teh Balachaur Distt Sbs Nagar Punjab Have Changed My Name To Singh Manraj. All Please Note.

I, Ramesh Kumar Mahajan S/O Om Parkash R/O 223-A, Diamond Avenue, Majitha Road, Amritsar, Punjab have changed my name from Ramesh Kumar Mahajan to Ramesh Mahajan. Concerned note.

I, hitherto known as Gaurav Verma S/o Roshan Lal R/o H.No. 517, Guru Amar Dass Nagar, Jalandhar-144008, Punjab have changed my name and shall hereafter be known as Gaurav Chaudhary.

I, hitherto known as Chanan Kaur W/o Om Prakash R/o Vill. Puranpur, PO. Parasram Pur, Distt. Jalandhar-144101, Punjab have changed my name and shall hereafter be known as Chano.

I, Sawinder Singh S/o Nagwant Singh R/o VPO Nawan Tanel, Tehsil Baba Bakala, Distt. Amritsar, Punjab, India-143116 have changed my name from Sawinder Singh to Sawinder Singh Goraya.

I, Rajwant Kaur Randhawa W/o Paramjit Singh R/o Village Hardowal, PO Hardorwal, Distt. Gurdaspur, Punjab-143602 have changed my name after marriage from Rajwant Kaur Randhawa to Rajwant Kaur.

I, Kanwaljeet Kaur W/O Jaspal Singh R/O Mohalla Chowk Patuan Rahon, Tehsil Nawanshahr, Distt. S.B.S. Nagar-144517, Punjab Have changed my name from Kanwaljeet Kaur to Kanwaljeet as given name and Kaur as surname. All Note.

## Change of Name

I, Ashok Kumar s/o Des Raj r/o H.No.WL-2, Basti Guzan, Jalandhar have changed my name from Ashok Kumar to Ashok Sharma. All Please Note.

I, Karishna Devi w/o Mulakh Raj r/o 54, VPO. Dakoha, Distt. Jalandhar have changed my name from Krishna Devi to Karishna Devi. All Please Note.

I, Geeta Khurana w/o Satish Kumar r/o H.No. E.S-212/A, Makkdhumpura, Jalandhar, 144001, Punjab have changed my name from Geeta Khurana to Geeta Narang. All Please Note.

I, Amandeep Kaur Aulakh w/o Amardeep Singh Aulakh r/o Vill. Nandanpur, Distt. Jalandhar (PB) have changed name of my minor son from Vanshpartap Singh to Vanshpartap Singh Aulakh. All Please Note.

I, Rajni d/o Sham Lal r/o H.No. N.N-14/15, Gopal Nagar, Jalandhar, Punjab have changed my name from Rajni to Laxmi Lal. All Please Note.

I, Preeti Shingari W/o Pankaj Kumar R/o H.No.246, Harnam Dass Pura, Gali No.3, Near Oberoy Hospital, Kapurthala Road, Jalandhar have changed my name from Preeti Shingari to Preeti. All Please Note. (R)

I, Shama W/o Inderjit Singh R/o Ward No. 06, P.O. & Tehsil Dera Baba Nanak, Gurdaspur, Punjab, 143604 have changed my name to Sharanpreet Kaur. All Please Note.

I, Sukhwinder Singh S/o Joginder Singh R/o Village Nikko Sarai, P.O. Talwandi Rama, Gurdaspur, Punjab, 143604 have changed my name to Satwinder Singh. All Please Note.

I, Hardev Kaur D/o Ajit Singh W/o Jaspal Kumar R/o Nandachaur, Hoshiarpur, Punjab, 146114 have changed my name to Gurdev Kaur. All Please Note.

I, Balvir Kaur Alias Dalvir Kaur W/o Gurdial Singh R/o Village Pattar Khurd, Po. Pattar Kalan, District Jalandhar, Punjab have changed my name to Dalvir Kaur. All Please Note.

I, Manpreet Kaur W/o Sukhjinder Singh R/o Village Ghumiara, Po. Kartarpur, District Jalandhar, Punjab have changed my name to Kaur Manpreet (Kaur as Surname). All Please Note.

I, Harpreet Kaur W/o Gurpreet Singh R/o Ward No. 14, New Chandan Nagar, Kartarpur, District Jalandhar, Punjab have changed my name to Kaur Harpreet (Kaur as Surname). All Please Note.

I, Mithu Adhikari W/o Pappu Roy R/o H.No. 129, Street No. 3, Shaheed Baba Deep Singh Nagar, Jalandhar-144012, Punjab have changed my name from Mithu Adhikari to Mithu Roy, after marriage. All Please Note.

I, Neelam Kaur W/o Jasveer Singh R/o Vill. Deeda Sainian, Distt. Gurdaspur, Punjab, have changed my name from Neelam Kaur to Neelam Kumari.

I, Jasbir Singh S/o Darveja Singh R/o Vill. Deeda Sainian, Distt. Gurdaspur, Punjab, have changed my name from Jasbir Singh to Jasveer Singh.

I, Rinku S/o Nazar R/o Vill. Kahlwan, PO. Miani, Teh. Dasuya, Distt. Hoshiarpur, Punjab have changed my name from Rinku to Rinku Sabharwal. (Surname as Sabharwal). Please note.

## ਨਾਂਅ ਦੀ ਬਦਲੀ

ਮੈਂ, ਅਮਰਜੀਤ ਕੌਰ ਪਤਨੀ ਸ੍ਰੀ ਸੁਖਦੇਵ ਰਾਜ ਵਾਸੀ ਪਿੰਡ ਲੱਲੀਆਂ ਖੁਰਦ, ਡਾਕ. ਲਾਂਬੜਾ, ਜ਼ਿਲ੍ਹਾ ਜਲੰਧਰ ਨੇ ਆਪਣੀ ਲੜਕੀ ਯਸ਼ਮੀਤ ਦਾ ਨਾਂਅ ਬਦਲ ਕੇ ਯਸ਼ਮੀਤ ਕੌਰ ਰੱਖ ਲਿਆ ਹੈ।

ਮੈਂ ਜਤਿੰਦਰ ਪ੍ਰਸ਼ਾਦ ਪੁੱਤਰ ਮਹੰਤ ਰਾਮ, ਵਾਸੀ ਜੁਲਕਾ ਪੈਟਰੋਲ ਪੰਪ, ਕਾਲਾ ਸੰਘਿਆ ਰੋਡ, ਬਸਤੀ ਸ਼ੇਖ਼, ਜਲੰਧਰ ਨੇ ਆਪਣਾ ਨਾਮ ਜਿਤੇਂਦਰ ਪ੍ਰਸ਼ਾਦ ਤੋਂ ਬਦਲ ਕੇ ਜਤਿੰਦਰ ਪ੍ਰਸਾਦ ਰੱਖ ਲਿਆ ਹੈ।

ਮੈਂ ਜਤਿੰਦਰ ਪ੍ਰਸਾਦ ਪੁੱਤਰ ਮਹੰਤ ਰਾਮ ਵਾਸੀ ਜੁਲਕਾ ਪੈਟਰੋਲ ਪੰਪ, ਕਾਲਾ ਸੰਘਿਆ ਰੋਡ, ਬਸਤੀ ਸ਼ੇਖ਼, ਜਲੰਧਰ ਨੇ ਆਪਣੇ ਨਾਬਾਲਗ ਲੜਕੇ ਦਾ ਨਾਮ ਬਿਕਰਮ ਕੁਮਾਰ ਤੋਂ ਬਦਲ ਕੇ ਵਿਕਰਮ ਕੁਮਾਰ ਰੱਖ ਦਿੱਤਾ ਹੈ।

## ਆਮ ਸੂਚਨਾ

ਮੈਂ ਸੁਖਵਿੰਦਰ ਸਿੰਘ ਪੁੱਤਰ ਹੰਸ ਰਾਜ ਵਾਸੀ ਹਾਜੀਪੁਰ ਤਹਿਸੀਲ ਜਿਲਾ ਹੁਸ਼ਿਆਰਪੁਰ ਮੇਰੀ ਪੁੱਤਰੀ ਪ੍ਰਾਨਸੀ ਕੌਰ ਅਤੇ ਪ੍ਰਾਨਸੀ ਦੋਵੇਂ ਨਾਮ ਮੇਰੀ ਪੁੱਤਰੀ ਦੇ ਹੀ ਹਨ। ਮੇਰੀ ਪੁੱਤਰੀ ਦੋਵੇਂ ਨਾਵਾਂ ਨਾਲ ਜਾਣੀ ਜਾਂਦੀ ਹੈ।

ਆਮ/ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸ਼ਨ 10 ਹਾਰਸ ਪਾਵਰ ਟਿਊਬਵੈੱਲ ਮੋਟਰ ਖਾਤਾ ਨੰਬਰ ਏ.ਪੀ.02/1863 ਜੋ ਪਰਮਜੀਤ ਸਿੰਘ ਪੁੱਤਰ ਦਲਬੀਰ ਸਿੰਘ ਵਾਸੀ ਪੂਹਲਾ ਰੋਡ ਭਿੱਖੀਵਿੰਡ ਤਹਿਸੀਲ ਭਿੱਖੀਵਿੰਡ ਅਤੇ ਜ਼ਿਲ੍ਹਾ ਤਰਨਤਾਰਨ ਦੇ ਨਾਮ ਤੇ ਪਿੰਡ ਭੁੱਚਰ ਕਲਾਂ ਜ਼ਿਲ੍ਹਾ ਤਰਨਤਾਰਨ ਵਿਖੇ ਚੱਲ ਰਿਹਾ ਹੈ। ਹੁਣ ਇਹ ਮੋਟਰ ਕੁਨੈਕਸ਼ਨ ਲਖਵਿੰਦਰ ਸਿੰਘ ਪੁੱਤਰ ਫੌਜਾ ਸਿੰਘ ਪਿੰਡ ਭੁੱਚਰ ਕਲਾਂ ਤਹਿਸੀਲ ਤੇ ਜ਼ਿਲ੍ਹਾ ਤਰਨਤਾਰਨ ਨੇ ਆਪਣੇ ਨਾਮ ਤਬਦੀਲ ਕਰਵਾਉਣਾ ਹੈ, ਜਿਸ ਦੀ ਅਰਜੀ ਉਪ ਮੰਡਲ ਅਫਸਰ ਸੁਰਸਿੰਘ ਨੂੰ ਦਿੱਤੀ ਹੈ। ਜੇਕਰ ਕਿਸੇ ਨੂੰ ਇਸ ਨਾਮ ਬਦਲੀ ਤੇ ਇਤਰਾਜ਼ ਹੋਵੇ ਤਾਂ ਉਹ ਆਪਣਾ ਲਿਖਤੀ ਇਤਰਾਜ਼ ਉਪ ਮੰਡਲ ਅਫਸਰ PSPCL ਸੁਰਸਿੰਘ ਨੂੰ 15 ਦਿਨਾਂ ਦੇ ਅੰਦਰ ਦੇ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਡੀ.ਬੀ.ਏ.ਪੀ 297 ਜੋ ਕਿ ਮਿਲਖਾ ਸਿੰਘ ਪੁੱਤਰ ਚੰਦ ਸਿੰਘ ਵਾਸੀ ਬਹਾਦਰਪੁਰ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਅਵਤਾਰ ਸਿੰਘ ਪੁੱਤਰ ਮਿਲਖਾ ਸਿੰਘ ਵਾਸੀ ਬਹਾਦਰਪੁਰ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫ਼ਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਮੈਂ, ਨਰਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਪਿੰਡ ਰਹੀਮਪੁਰ ਡਾਕ: ਰਹੀਮਪੁਰ, ਜ਼ਿਲ੍ਹਾ ਜਲੰਧਰ ਦਾ ਵਾਸੀ ਹਾਂ। ਇਹ ਕਿ ਮੇਰਾ ਇਕ ਹੋਰ ਨਾਂਅ ਨਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਹੈ। ਇਹ ਦੋਨੋਂ ਨਾਂਅ ਇਕ ਹੀ ਬੰਦੇ ਦੇ ਹਨ, ਜੋ ਕਿ ਮੈਂ ਹਾਂ।

ਮਹੰਤ ਕੌਰ ਪਤਨੀ ਵਿਰਸਾ ਸਿੰਘ ਵਾਸੀ ਪਿੰਡ ਤਕੀਪੁਰ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ ਦਾ ਟਿਊਬਵੈੱਲ ਕੁਨੈਕਸ਼ਨ ਨੰਬਰ ਏ. ਪੀ. 27/218 (10 ਹਾਰਸ ਪਾਵਰ) ਮਨਪ੍ਰੀਤ ਕੌਰ ਪਤਨੀ ਭੁਪਿੰਦਰ ਸਿੰਘ ਵਾਸੀ ਪਿੰਡ ਢੱਡਰੀਆਂ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ ਦੇ ਨਾਂਅ ਤਬਦੀਲ ਕਰਨ ਦੀ ਦਰਖਾਸਤ ਪ੍ਰਾਪਤ ਹੋਈ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ ਇਤਰਾਜ਼ ਸਹਾਇਕ ਕਾਰਜਕਾਰੀ ਇੰਜੀਨੀਅਰ ਪੀ ਐੱਸ ਪੀ ਸੀ ਐੱਲ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਨੂੰ ਕਰ ਸਕਦਾ ਹੈ।

ਮੈਂ, ਲਖਵੀਰ ਪੁੱਤਰ ਸ੍ਰੀ ਕਿਸ਼ਨ ਸਿੰਘ ਵਾਸੀ ਫੌਜੀ ਕਾਲੋਨੀ, ਮਾਡਲ ਟਾਊਨ ਉੜਮੁੜ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਕਈ ਕਾਗਜ਼ਾਂ ਵਿੱਚ ਮੇਰਾ ਨਾਂਅ ਸਿਰਫ ਲਖਵੀਰ ਚਲਦਾ ਹੈ ਅਤੇ ਕਈ ਥਾਂਵਾਂ 'ਤੇ ਮੇਰਾ ਨਾਂਅ ਲਖਵੀਰ ਸਿੰਘ ਚਲਦਾ ਹੈ, ਜਦਕਿ ਲਖਵੀਰ ਅਤੇ ਲਖਵੀਰ ਸਿੰਘ ਦੋਵੇਂ ਨਾਮ ਇੱਕੋ ਵਿਅਕਤੀ ਯਾਨੀ ਮੇਰੇ ਹੀ ਨਾਂਅ ਹਨ। ਮੈਨੂੰ ਇਨ੍ਹਾਂ ਦੋਨਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਸੰਬੰਧਤ ਨੋਟ ਕਰਨ।

## ਬੇਦਖ਼ਲੀ ਨੋਟਿਸ

ਮੈਂ, ਰਾਧਾ ਰਾਣੀ ਪਤਨੀ ਕ੍ਰਿਸ਼ਨ ਲਾਲ ਵਾਸੀ 2-ਏ, 5, ਸ਼ਹੀਦ ਭਗਤ ਸਿੰਘ ਕਲੋਨੀ, ਝਬਾਲ ਰੋਡ, ਅੰਮ੍ਰਿਤਸਰ, ਬਿਆਨ ਕਰਦੀ ਹਾਂ ਕਿ ਮੇਰੀ ਦੋ ਲੜਕੀਆਂ ਪੂਰਾ ਬੱਗਾ,ਲਕਸ਼ਮੀ ਅਤੇ ਉਨ੍ਹਾਂ ਦੇ ਘਰਵਾਲੇ ਹਰੀਸ਼ ਕੁਮਾਰ ਅਤੇ ਮਾਨਵ ਅਤੇ ਦੋ ਬੇਟੇ ਗੌਰਵ ਅਤੇ ਵਿਕਰਮ ਕੁਮਾਰ ਸਾਰੇ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ, ਆਪਣੀ ਮਨ ਮਰਜ਼ੀ ਕਰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਇਨ੍ਹਾਂ ਸਭ ਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰੇ ਰਿਸ਼ਤੇਦਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਉਨ੍ਹਾਂ ਨਾਲ ਅੱਜ ਤੋਂ ਬਾਅਦ ਕੋਈ ਤਲਕਵਾਸਤਾ ਨਹੀਂ।

ਮੈਂ ਸਵਿੰਦਰ ਕੌਰ ਵਿਧਵਾ ਬਲਬੀਰ ਸਿੰਘ ਵਾਸੀ L 11/57, ਰਾਂਝੇ ਦੀ ਹਵੇਲੀ ਅੰਮ੍ਰਿਤਸਰ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ- 1 ਦੀ ਰਹਿਣ ਵਾਲੀ ਬਿਆਨ ਕਰਦੀ ਹਾਂ ਕਿ ਮੇਰਾ ਪੋਤਰਾ ਸਾਹਿਲ ਸਿੰਘ ਪੁੱਤਰ ਲੇਟ ਬਲਜੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਹੈ। ਕਿਰਪਾ ਕਰਕੇ ਸਬੰਧਤ ਨੋਟ ਕਰ ਲੈਣ।

## ਬੇਦਖ਼ਲੀ ਨੋਟਿਸ

ਅਸੀਂ, ਕਮਲ ਕਿਸ਼ੋਰ ਕੁਮਾਰ ਪੁੱਤਰ ਅਸ਼ੋਕ ਕੁਮਾਰ ਅਤੇ ਰੋਹਨੀ ਪਤਨੀ ਕਮਲ ਕਿਸ਼ੋਰ ਵਾਸੀਆਨ ਮਕਾਨ ਨੰ: 12-13, ਗਲੀ ਬਾਂਕੇ ਬਿਹਾਰੀ, ਨਿਊ ਸੁੰਦਰ ਨਗਰ, ਬਟਾਲਾ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਰੋਹਿਤ ਮਹਿਰਾ ਸਾਡੇ ਲੜਕਾ ਕਹਿਣੇ ਤੋਂ ਬਾਹਰ ਹੈ ਅਤੇ ਸਾਡੇ ਨਾਲ ਲੜਾਈ ਝਗੜਾ ਕਰਦਾ ਹੈ। ਉਹ ਆਪਣੀ ਮੰਗੇਤਰ ਅਨੂੰ ਕੌਰ ਪੁੱਤਰੀ ਮੰਗਤ ਸਿੰਘ ਵਾਸੀ ਮੁਸਤਫਾਬਾਦ, ਸ਼ਮਸ਼ਾਨਘਾਟ, ਅੰਮ੍ਰਿਤਸਰ ਦੇ ਘਰ ਚਲਾ ਗਿਆ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਦੇ ਚੰਗੇ ਮਾੜੇ ਕੰਮਾਂ ਦੀ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਚਰਨਜੀਤ ਕੌਰ ਪਤਨੀ ਲੇਟ ਜਸਵੰਤ ਸਿੰਘ ਵਾਸੀ 79, ਦਸ਼ਮੇਸ਼ ਐਵੀਨਿਊ, ਜੀ.ਟੀ. ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਕੀਰਤ ਸਿੰਘ (37 ਸਾਲ) ਜੋ ਕਿ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ, ਮੇਰੇ ਨਾਲ ਮਾੜਾ ਚੰਗਾ ਬੋਲਦਾ ਹੈ ਅਤੇ ਮੈਨੂੰ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਸੀਮਾ ਅਰੋੜਾ ਵਿਧਵਾ ਲੇਟ ਸ਼੍ਰੀ ਸੁਨੀਲ ਅਰੋੜਾ ਵਾਸੀ ਮਕਾਨ ਨੰ. 114,ਐਸ.ਜੀ.ਇਨਕਲੇਵ,ਮਜੀਠਾ ਬਾਈ ਪਾਸ, ਅੰਮ੍ਰਿਤਸਰ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਕੇਤ ਅਰੋੜਾ ਅਤੇ ਉਸਦੀ ਪਤਨੀ ਆਂਚਲ ਜੋ ਕਿ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ, ਆਪਣੀ ਮਨ ਮਰਜ਼ੀ ਕਰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰਾ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਪਿਆਰਾ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਪਰਸੋਵਾਲ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਲੜਕਾ ਤਰਲੋਚਨ ਸਿੰਘ ਅਤੇ ਮੇਰੀ ਲੜਕੀ ਤਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ, ਦੇ ਖੁਦ ਜ਼ੁੰਮੇਵਾਰ ਹੋਣਗੇ।

ਮੈਂ, ਪਰਵਿੰਦਰ ਕੁਮਾਰ ਪੁੱਤਰ ਰਘਵੀਰ ਸਿੰਘ ਵਾਸੀ ਪ੍ਰਤਾਪ ਨਗਰ ਬਠਿੰਡਾ ਬਿਆਨ ਕਰਦਾ ਹਾਂ ਕਿ ਮੇਰਾ ਬੇਟਾ ਨਵਰਾਜ ਕੁਮਾਰ ਅਤੇ ਉਸ ਦੀ ਪਤਨੀ ਪ੍ਰਿਯੰਕਾ ਰਾਣੀ ਇਹ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਭਾਰਤ ਭੂਸ਼ਣ ਪੁੱਤਰ ਗਿਆਨ ਚੰਦ ਵਾਸੀ ਮਕਾਨ ਨੰਬਰ 14, ਗਰੀਨ ਐਵੀਨਿਊ, ਨੰਦਨਪੁਰ ਰੋਡ, ਮਕਸੂਦਾਂ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਨਵਨੀਤ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਮੇਰੇ ਨਾਲ ਲੜਾਈ-ਝਗੜਾ ਅਤੇ ਤੰਗ-ਪ੍ਰੇਸ਼ਾਨ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਰਾਜ ਕੁਮਾਰ ਪੁੱਤਰ ਤਰਸੇਮ ਲਾਲ ਵਾਸੀ ਮਕਾਨ ਨੰਬਰ 28, ਰਮੇਸ਼ਵਰ ਕਲੋਨੀ, ਨਕੋਦਰ ਰੋਡ, ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਚਾਹਤ ਮਾਹੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰਕ ਮੈਂਬਰਾਂ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਇਸ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਨ ਵਾਲਾ ਆਪਣੇ ਨਫ਼ੇ ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸ਼ਿੰਗਾਰਾ ਪੁੱਤਰ ਬੂਟਾ ਪੁੱਤਰ ਸਾਧੂ ਰਾਮ ,ਵਾਸੀ ਪਿੰਡ ਪਿੰਡੀ ਖੋਰ, ਤਹਿਸੀਲ ਟਾਂਡਾ, ਜਿਲਾ ਹੁਸ਼ਿਆਰਪੁਰ ਇਹ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਮਹਿੰਦਰ ਕੌਰ ਅਤੇ ਲੜਕੀ ਕੋਮਲ ਬਾਲਾ ਅਤੇ ਲੜਕੇ ਜਤਿੰਦਰ ਪਾਲ, ਸ਼ਰਨਦੀਪ,ਬਲਜੀਤ ਸਿੰਘ ਵਾ ਨੂੰਹ ਰਾਜਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਸਾਂਝੀ ਸੰਗਤ ਵਿੱਚ ਪੈ ਗਏ ਹਨ। ਇਸ ਲਈ ਮੇਰਾ ਅਤੇ ਮੇਰੇ ਪਰਿਵਾਰਕ ਮੈਂਬਰਾਂ ਦਾ ਇਹਨਾਂ ਨਾਲ ਕੋਈ ਸੰਬੰਧ ਨਹੀਂ ਹੈ। ਇਹਨਾਂ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਨ ਵਾਲਾ ਆਪਣੇ ਨਫ਼ੇ ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਬਲਜਿੰਦਰ ਕੌਰ ਵਿਧਵਾ ਬੂਟਾ ਰਾਮ ਅਤੇ ਪੁੱਤਰੀ ਰਾਜਾ ਸਿੰਘ ਵਾਸੀ ਸ਼ਨੀ ਮੰਦਰ ਵਾਲੀ ਗਲੀ, ਤਲਵੰਡੀ ਭਾਈ, ਜ਼ਿਲ੍ਹਾ ਫਿਰੋਜ਼ਪੁਰ, ਹਾਲ ਆਬਾਦ ਕੇਅਰ ਆਫ ਕਿਰਨਦੀਪ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਬਾਬਾ ਨੰਦ ਸਿੰਘ ਨਗਰ, ਗੇਟ ਕਪੂਰਾ, ਬਾਈਪਾਸ, ਮੋਗਾ ਤਹਿ. ਤੇ ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰੇ ਲੜਕੇ ਸਿਨੀ ਕੁਮਾਰ ਅਤੇ ਮਨੀ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਅਵਤਾਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮਕਾਨ ਨੰਬਰ 42, ਬਾਬਾ ਨੰਦ ਸਿੰਘ ਨਗਰ, ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# 'ਸ਼੍ਰੀਰਾਮ ਕਰੋਨ' ਝੋਨੇ ਦੀ ਫਸਲ ਦੀ ਸੁਰੱਖਿਆ 'ਚ ਨਵੀਂ ਕ੍ਰਾਂਤੀ

ਸੰਗਰੂਰ/ਫਾਜ਼ਿਲਕਾ, : ਕਿਸਾਨ ਹੁਣ ਆਪਣੀ ਧਾਨ ਦੀ ਫਸਲ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਅਤੇ ਇੱਕ ਕ੍ਰਾਂਤੀਕਾਰੀ ਕੀਟਨਾਸ਼ਕ ਸ਼੍ਰੀਰਾਮ ਕ੍ਰੋਨ ਨਾਲ ਤਣਾ ਛੇਦਕ ਅਤੇ ਪੱਤਾ ਲਪੇਟ ਵਰਗੇ ਮੁੱਖ ਧਾਨ ਦੇ ਕੀੜਿਆਂ ਤੋਂ ਵਿਆਪਕ ਸੁਰੱਖਿਆ ਪ੍ਰਾਪਤ ਕਰਨ ਲਈ ਇੱਕ ਫਸਲ ਸੁਰੱਖਿਆ ਹੱਲ ਪ੍ਰਾਪਤ ਕਰਕੇ ਖੁਸ਼ ਹਨ। ਸ਼੍ਰੀਰਾਮ ਫਾਰਮ ਸਲਿਊਸ਼ਨਜ਼ ਨੇ ਪਿਛਲੇ ਸਾਲ ਸ਼੍ਰੀਰਾਮ ਕ੍ਰੋਨ ਦੀ ਸ਼ੁਰੂਆਤ ਦਾ ਐਲਾਨ ਕੀਤਾ ਸੀ, ਜੋ ਕਿ ਇੱਕ ਅਤਿ-ਆਧੁਨਿਕ ਕੀਟਨਾਸ਼ਕ ਹੈ ਜੋ ਧਾਨ ਦੀ ਫਸਲ ਨੂੰ ਮੁੱਖ ਕੀੜਿਆਂ ਤੋਂ ਬਚਾਉਣ ਅਤੇ ਸਮੁੱਚੀ ਫਸਲ ਦੀ ਸਿਹਤ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤਾ ਗਿਆ ਹੈ। ਆਪਣਾ ਤਜਰਬਾ ਸਾਂਝਾ ਕਰਦੇ ਹੋਏ, ਕੁਰੁਕਸ਼ੇਤਰ ਦੇ ਇੱਕ ਅਗਾਂਹਵਧੂ ਧਾਨ ਕਿਸਾਨ, ਪਵਨ ਕੁਮਾਰ, ਹਰ ਸਾਲ ਪੱਤਾ ਲਪੇਟ ਅਤੇ ਤਣਾ ਛੇਦਕ ਕੀੜਿਆਂ ਕਾਰਨ ਕਾਫ਼ੀ ਨੁਕਸਾਨ ਝੱਲ ਰਹੇ ਹਨ।

## PUBLIC NOTICE

I, Barkat Masih S/o Sardar Masih R/o H.No.18, Sagar Enclave, Basti Danishmanda, Jalandhar declare that my son Anwar Masih and his wife Radha and their child Hanoch Masih, they are out of my control at present. I disinherit them from my movable and immovable properties. I and my family members shall not be held responsible for any kind of dealings done with them. All please note.

## ਬੇਦਖ਼ਲੀ ਨੋਟਿਸ

ਅਸੀ, ਬਲਵਿੰਦਰ ਸਿੰਘ ਪੁੱਤਰ ਸੰਤੋਖ ਸਿੰਘ ਅਤੇ ਕੁਲਵੀਰ ਕੌਰ ਪਤਨੀ ਬਲਵਿੰਦਰ ਸਿੰਘ, ਵਾਸੀ ਪਿੰਡ ਆਰਿਆਂ ਵਾਲ, ਡਾਕਖਾਨਾ ਸੈਦੋਵਾਲ, ਜਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਇੰਦਰਜੀਤ ਸਿੰਘ ਅਤੇ ਸਾਡੀ ਨੂੰਹ ਅਮਨਦੀਪ ਕੌਰ, ਜੋ ਕਿ ਕੁਝ ਸਮੇਂ ਤੋਂ ਸਾਡੇ ਕਹਿਣੇਕਾਰ ਤੋਂ ਬਾਹਰ ਹਨ, ਜਿਸ ਕਰਕੇ ਅਸੀ ਆਪਣੇ ਲੜਕੇ ਇੰਦਰਜੀਤ ਸਿੰਘ, ਸਾਡੀ ਨੂੰਹ ਅਮਨਦੀਪ ਕੌਰ ਅਤੇ ਪੋਤੀ ਗੁਰਲੀਨ ਕੌਰ ਪੁੱਤਰੀ ਇੰਦਰਜੀਤ ਸਿੰਘ, ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਸਾਰਿਆਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜਿੰਮੇਵਾਰ ਹੋਵੇਗਾ।ਇਸ ਵਿੱਚ ਸਾਡੀ ਜਾਂ ਸਾਡੇ ਪਰਿਵਾਰ ਦੇ ਕਿਸੇ ਵੀ ਹੋਰ ਮੈਂਬਰ ਦੀ ਕੋਈ ਵੀ ਜਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕ੍ਰਿਸ਼ਮਾ ਪਤਨੀ ਸਤਵੀਰ ਵਾਸੀ ਮਕਾਨ ਨੰ. 879/804, ਗਲੀ ਨੰ. 2, ਬਲਦੇਵ ਨਗਰ, ਕਿਸ਼ਨਪੁਰਾ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦੀਪਕ ਅਤੇ ਉਸਦੀ ਪਤਨੀ ਮੋਨਿਕਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਮਹਿੰਦਰ ਕੌਰ ਪਤਨੀ ਲੇਟ ਸ੍ਰੀ ਦਰਸ਼ਨ ਰਾਮ ਵਾਸੀ ਮਕਾਨ ਨੰਬਰ 175, ਗਲੀ ਨੰਬਰ 4, ਸ਼ਹੀਦ ਭਗਤ ਸਿੰਘ ਨਗਰ, ਫਗਵਾੜਾ, ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪਰਮਿੰਦਰ ਸਿੰਘ ਵਾ ਮੇਰੀ ਨੂੰਹ ਹਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਬਲਕਾਰ ਸਿੰਘ ਪੁੱਤਰ ਦੀਵਾਨ ਸਿੰਘ ਵਾਸੀ ਪਿੰਡ ਸਿੰਘਾਂ, ਡਾਕ: ਕੰਗ ਸਾਹਬੂ ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰਣਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਮੇਹਰ ਸਿੰਘ ਪੁੱਤਰ ਸ੍ਰੀ ਬਾਵਾ ਸਿੰਘ ਵਾਸੀ ਪਿੰਡ ਰਸੂਲਪੁਰ ਖੁਰਦ, ਡਾਕ: ਲਾਂਬੜਾ ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਇਕਬਾਲ ਸਿੰਘ ਜਾਵੰਦਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਜਨੀ ਬਾਲਾ ਪਤਨੀ ਸੁਰਿੰਦਰ ਪਾਲ ਵਾਸੀ ਮਕਾਨ ਨੰ: ਐਨ 34, ਗਾਖਲ ਰੋਡ, ਗਰੀਨ ਵਾਲੀ, ਬਸਤੀ ਦਾਨਿਸ਼ਮੰਦਾ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਕਰਨ ਜਸਮ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

# ਕੇਵਲ 24 ਘੰਟਿਆਂ 'ਚ ਕਤਲ ਕੇਸ ਸੁਲਝਾਇਆ, ਮੁਲਜ਼ਮ ਗ੍ਰਿਫਤਾਰ



**ਜਲੰਧਰ (ਸ਼ੈਲੀ ਐਲਬਰਟ)**- ਮੁੱਖ ਅਫ਼ਸਰ ਥਾਣਾ ਡਿਵੀਜ਼ਨ ਨੰਬਰ 05 ਜਲੰਧਰ ਦੀ ਟੀਮ ਨੇ ਰਾਤ ਦੀ ਵਿਚ ਹੋਏ ਕਤਲ ਕੇਸ ਨੂੰ ਕੇਵਲ ਇਕ ਦਿਨ ਵਿੱਚ ਸੁਲਝਾਉਂਦੇ ਹੋਏ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।ਏ ਸੀ ਪੀ ਜਲੰਧਰ ਨੇ ਦੱਸਿਆ ਕਿ 31 ਜੁਲਾਈ ਨੂੰ ਮੁਕੱਦਮਾ ਨੰਬਰ 104 ਅ:ਧ 103(1) ਬੀ ਐੱਨ ਐੱਸ, ਥਾਣਾ ਡਿਵੀਜ਼ਨ ਨੰਬਰ 5, ਜਲੰਧਰ ਵਿਖੇ ਬਰਖਿਲਾਫ ਰਾਜੂ ਕੁਮਾਰ ਪੁੱਤਰ ਧੰਨੀ ਰਾਮ ਵਾਸੀ ਮਨੂਪੁਰਾ, ਥਾਣਾ ਬਰੂਰਾਜ, ਜ਼ਿਲ੍ਹਾ ਮੁਜ਼ੱਫਰਪੁਰ (ਬਿਹਾਰ), ਹਾਲ ਵਾਸੀ ਬਿੱਟੂ ਦਾ ਮਕਾਨ, ਗਲੀ ਨੰਬਰ 2, ਈਸ਼ਵਰ ਨਗਰ, ਕਾਲਾ ਸੰਘਿਆਂ ਰੋਡ, ਘਾਹ ਮੰਡੀ ਜਲੰਧਰ ਵਿਖੇ ਦਰਜ ਕੀਤਾ ਗਿਆ। ਸ਼ਿਕਾਇਤਕਰਤਾ ਨੇ ਦਸਿਆ ਕਿ ਉਸਦੇ ਭਰਾ ਰਾਹੁਲ ਦੀ ਹੱਤਿਆ ਸੁਜਲ ਕੁਮਾਰ ਪੁੱਤਰ ਰਮੇਸ਼ ਯਾਦਵ ਵਾਸੀ ਬਸਤੀ ਸ਼ੇਖ, ਜਲੰਧਰ ਨੇ ਆਪਸੀ ਮਾਮੂਲੀ ਰੰਜਿਸ਼ ਕਾਰਨ ਕੀਤੀ ਹੈ। ਕਤਲ ਦੀ ਸੂਚਨਾ ਮਿਲਦੇ ਹੀ ਪੁਲਸ ਟੀਮ ਨੇ ਤੁਰੰਤ ਕਾਰਵਾਈ ਸ਼ੁਰੂ ਕੀਤੀ ਅਤੇ ਉਸੇ ਦਿਨ ਹੀ ਮੁਲਜ਼ਮ ਸੁਜਲ ਕੁਮਾਰ ਨੂੰ ਕੋਟ ਜਲੰਧਰ ਪੁਲੀ ਤੋਂ ਗ੍ਰਿਫਤਾਰ ਕਰਕੇ, ਉਸਦੇ ਕਬਜ਼ੇ ਵਿੱਚੋਂ ਕਤਲ ਲਈ ਵਰਤਿਆ ਗਿਆ ਚਾਕੂ/ਛੁਰੀ ਬਰਾਮਦ ਕੀਤੀ।

# ਮੋਬਾਇਲ ਲੁੱਟਣ ਵਾਲੇ ਦੋ ਨੌਜਵਾਨ ਕਾਬੂ

**ਬਿਲਗਾ (ਵਿਜੇ ਕੁਮਾਰ)**- ਥਾਣਾ ਬਿਲਗਾ ਦੇ ਮੁੱਖ ਅਫ਼ਸਰ ਇੰਸਪੈਕਟਰ ਪਲਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀ ਪਿੰਡ ਬਿਲਗਾ ਦੀ ਨਿਰਮਲ ਕੌਰ ਪਤਨੀ ਗੁਰਮੇਲ ਲਾਲ ਵਾਸੀ ਪੱਤੀ ਦੁਨੀਆਂ ਮਨਸੂਰ ਬਿਲਗਾ 30-07-25 ਨੂੰ ਸ਼ਾਮ 7-20 ਮਿੰਟ ਤੇ ਆਪਣੇ ਘਰ ਤੋਂ ਦਵਾਈ ਲੈਣ ਲਈ ਮੈਡੀਕਲ ਸਟੋਰ ਤੇ ਗਈ ਤਾਂ ਰਸਤੇ ਵਿੱਚ ਦੋ ਮੋਟਰ ਸਾਈਕਲ ਸਵਾਰ ਨੌਜਵਾਨ ਉਸਦਾ ਮੋਬਾਇਲ ਖੋਹ ਕੇ ਭੱਜ ਗਏ ਸਨ ਜਿਸ ਤੇ ਕਾਰਵਾਈ ਕਰਦਿਆਂ ਏ ਐਸ ਆਈ ਵਿਜੇ ਕੁਮਾਰ ਨੇ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਦੋ ਨੌਜਵਾਨਾਂ ਨੂੰ ਕਾਬੂ ਕੀਤਾ। ਨੌਜਵਾਨਾਂ ਦੀ ਪਹਿਚਾਣ ਮੰਗਲਜੀਤਪਾਲ ਉਰਫ ਮੰਗੀ ਪੁੱਤਰ ਮਹਿੰਦਰ ਸਿੰਘ ਵਾਸੀ ਸੰਗੋਵਾਲ ਥਾਣਾ ਬਿਲਗਾ ਅਤੇ ਮਨਜੀਤ ਸਿੰਘ ਉਰਫ਼ ਕਾਲਾ ਪੁੱਤਰ ਬਲਵੀਰ ਸਿੰਘ ਪਿੰਡ ਸੰਗੋਵਾਲ ਥਾਣਾ ਬਿਲਗਾ ਵਜੋਂ ਹੋਈ ਹੈ। ਦੋਵਾਂ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ ਖੋਹਿਆ ਮੋਬਾਇਲ ਫੋਨ ਮਾਰਕਾ ਵੀਵੋ ਰੰਗ ਲਾਈਟ ਬਲੂ ਸਮੇਤ ਵਾਰਦਾਤ ਦੌਰਾਨ ਵਰਤੇ ਗਏ ਮੋਟਰਸਾਈਕਲ ਨੰਬਰ ਪੀ ਬੀ -08-FP-7229 ਮਾਰਕਾ ਬਜਾਜ ਪਲਟੀਨਾ ਰੰਗ ਕਾਲਾ ਬਰਾਮਦ ਕੀਤਾ।

# ਖੁੱਡੀਆਂ ਨੇ 11 ਨਵ-ਨਿਯੁਕਤ ਖੇਤੀਬਾੜੀ ਵਿਕਾਸ ਅਫ਼ਸਰਾਂ ਨੂੰ ਨਿਯੁਕਤੀ ਪੱਤਰ ਸੌਂਪੇ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਆਪਣੇ ਦਫ਼ਤਰ ਵਿਖੇ ਖੇਤੀਬਾੜੀ ਵਿਭਾਗ ਵਿੱਚ 11 ਨੌਜਵਾਨਾਂ ਨੂੰ ਖੇਤੀਬਾੜੀ ਵਿਕਾਸ ਅਫ਼ਸਰ (ਏ.ਡੀ.ਓ.) ਵਜੋਂ ਨਿਯੁਕਤੀ ਪੱਤਰ ਸੌਂਪੇ।ਨਵ-ਨਿਯੁਕਤ ਏ.ਡੀ.ਓਜ਼ ਨੂੰ ਵਧਾਈ ਦਿੰਦੇ ਹੋਏ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਉਨ੍ਹਾਂ ਨੂੰ ਆਪਣੀ ਡਿਊਟੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ ਅਤੇ ਸੂਬੇ ਦੇ ਕਿਸਾਨਾਂ ਦੀ ਬਿਹਤਰੀ ਅਤੇ ਖੇਤੀਬਾੜੀ ਸੈਕਟਰ ਦੇ ਵਿਕਾਸ ਨੂੰ ਨਵੀਆਂ ਲੀਹਾਂ 'ਤੇ ਲਿਜਾਣ ਲਈ ਅਣਥੱਕ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਕੈਬਨਿਟ ਮੰਤਰੀ ਨੇ ਨਵ-ਨਿਯੁਕਤ ਅਫ਼ਸਰਾਂ ਦੀਆਂ ਜ਼ਿੰਮੇਵਾਰੀਆਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਪੰਜਾਬ ਨੂੰ ਇੱਕ ਖੁਸ਼ਹਾਲ ਖੇਤੀਬਾੜੀ ਸੂਬਾ ਬਣਾਉਣ ਲਈ ਕਿਸਾਨਾਂ ਨੂੰ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਰਹਿਣ ਲਈ ਉਤਸ਼ਾਹਿਤ ਕੀਤਾ।ਖੇਤੀਬਾੜੀ ਵਿਭਾਗ ਦੀ ਭਰਤੀ ਮੁਹਿੰਮ 'ਤੇ ਚਾਨਣਾ ਪਾਉਂਦਿਆਂ ਖੁੱਡੀਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ 20 ਮਈ, 2025 ਨੂੰ 184 ਖੇਤੀਬਾੜੀ ਵਿਕਾਸ ਅਫ਼ਸਰਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ ਸਨ। ਇਨ੍ਹਾਂ 11 ਨਵ-ਨਿਯੁਕਤ ਏ.ਡੀ.ਓਜ਼ ਦੀ ਭਰਤੀ ਨਾਲ ਵਿਭਾਗ ਵਿੱਚ ਭਰਤੀ ਕੀਤੇ ਗਏ ਏ.ਡੀ.ਓਜ਼ ਦੀ ਕੁੱਲ ਗਿਣਤੀ ਹੁਣ 195 ਹੋ ਗਈ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਨਵ-ਨਿਯੁਕਤ ਖੇਤੀਬਾੜੀ ਵਿਕਾਸ ਅਫ਼ਸਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਤਰਕਸ਼ੀਲ ਸੁਸਾਇਟੀ ਨੇ ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ

**ਰੂਪਨਗਰ (ਰਜਿੰਦਰ ਸੈਣੀ)**- ਸ਼ਹੀਦ ਊਧਮ ਸਿੰਘ ਸੁਨਾਮ ਦੀ ਬਰਸੀ ਤੇ ਵਿਸ਼ੇਸ਼ ਤੌਰ ਤੇ ਤਰਕਸ਼ੀਲ ਸੁਸਾਇਟੀ ਰੋਪੜ ਵੱਲੋਂ ਵੇਰਕਾ ਚੌਕ ਹੈੱਡ ਵਰਕਸ ਰੋਪੜ ਵਿਖੇ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਲਗਾਈ ਗਈ ਜਿਸ ਵਿੱਚ ਮਨੁੱਖ ਦੀ ਉਤਪਤੀ,ਧਰਮਾਂ ਦੇ ਰਹੇ ਧੰਧਿਆਂ ਪੁੱਤ,ਡਾ.ਅੰਬੇਦਕਰ ਸਾਹਿਬ, ਭੂਤਾਂ ਵਾਲੀ ਹਵੇਲੀ,ਅੱਗ ਲੱਗਣੋਂ ਬੰਦ ਹੋ ਗਈ, ਡਮਰੂ ਵਾਲਾ ਬਾਬਾ, ਪਿੱਪਲ ਵਾਲਾ ਭੂਤ, ਮਨੋਰੋਗ ਕਾਰਣ ਤੇ ਉਪਾਅ, ਸ਼ਰਾਰਤੀ ਥੰਮ, ਸ਼ਹੀਦ ਊਧਮ ਸਿੰਘ ਦੀ ਉਸਾਰੀ,ਆਓ ਜਾਦੂ ਸਿੱਖੀਏ, ਤਰਕਸ਼ੀਲ ਮੈਗਜ਼ੀਨ, ਮੈਂ ਨਾਸਤਿਕ ਕਿਉਂ ਹਾਂ,ਉਡਣੀ ਮੰਡੀ, ਬੱਚਿਆਂ ਸੰਗ ਮੁਸਕਰਾਈਏ ਆਦਿ ਪੁਸਤਕਾਂ ਸ਼ਾਮਲ ਸਨ। ਇਹ ਜਾਣਕਾਰੀ ਦਿੰਦਿਆਂ ਇਕਾਈ ਮੁਖੀ ਅਸ਼ੋਕ ਕੁਮਾਰ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਦੀ ਵਿਚਾਰਧਾਰਾ ਨੂੰ ਦਰਸਾਉਂਦੇ ਪੋਸਟਰ ਵੀ ਸੈਂਕੜਿਆਂ ਦੀ ਗਿਣਤੀ ਵਿੱਚ ਵੰਡੇ ਗਏ। ਮੀਨਾਕਸ਼ੀ, ਹਰਨੇਕ ਚੰਦ ਕਰਮਾਂ,ਪਵਨ ਗੋਇਲ ਤੇ ਅਜੀਤ ਪ੍ਰਦੇਸੀ ਵੀ ਮੌਕੇ ਤੇ ਹਾਜ਼ਰ ਸਨ।



# ਊਧਮ ਸਿੰਘ ਦਾ 86ਵਾਂ ਸ਼ਹੀਦੀ ਦਿਹਾੜਾ ਸ਼ਰਧਾਪੂਰਵਕ ਮਨਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾੜਾਂ ਜੇਟਾ ਕੇਂਦਰਤ ਅਤੇ ਲਾਇਨਜ਼ ਕਲੱਬ ਹੁਸ਼ਿਆਰਪੁਰ ਸਮਰਪਣ ਐਕਟਿਵ ਵੱਲੋਂ ਮਹਾਨ ਸੁਤੰਤਰਤਾ ਸੈਨਾਨੀ ਸ਼ਹੀਦ ਊਧਮ ਸਿੰਘ ਦਾ 86ਵਾਂ ਸ਼ਹੀਦੀ ਦਿਵਸ ਫਗਵਾੜਾ ਰੋਡ ਹੁਸ਼ਿਆਰਪੁਰ ਵਿਖੇ ਬਹੁਤ ਹੀ ਸ਼ਰਧਾਪੂਰਵਕ ਮਨਾਇਆ ਗਿਆ । ਕਲੱਬ ਦੇ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ,ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ , ਹੁਸ਼ਿਆਰਪੁਰ ਸਮਰਪਣ ਐਕਟਿਵ ਦੇ ਸਾਬਕਾ ਪ੍ਰਧਾਨ ਲਾਇਨ ਐਮ ਪੀ ਸਿੰਘ ਸਿੱਧੂ ,ਪ੍ਰਧਾਨ ਲਾਇਨ ਜਤਿੰਦਰਪਾਲ, ਡਾਇਰੈਕਟਰ ਇੰਜੀਨੀਅਰ ਐਸ ਪੀ ਜੱਖੂ, ਖਜ਼ਾਨਚੀ ਮੋਹਨ ਲਾਲ , ਚੌਧਰੀ ਆਟੋ ਹੁਸ਼ਿਆਰਪੁਰ, ਰਛਪਾਲ ਸਿੰਘ ਪਾਲ ਆਟੋਜ,ਸਤਨਾਮ ਸਿੰਘ ਸਤਨਾਮ ਆਟੋਜ , ਸੁਖਮਿੰਦਰ ਸਿੰਘ ਮੈਡੀਕੋਜ , ਪ੍ਰੇਮ ਬੈਂਸ, ਜਤਿੰਦਰ, ਹਰੀਸ਼, ਪਵਨ ,ਅਸ਼ੋਕ , ਸੰਦੀਪ , ਇੰਦਰ ਸਿੰਘ,ਜਗਦੀਪ ਕੁਮਾਰ ਮਾਨਾ ਨੇ ਸ਼ਹੀਦ ਊਧਮ ਜੀ ਨੂੰ ਸ਼ਰਧਾਪੂਰਵਕ ਪ੍ਰਣਾਮ ਕੀਤਾ । ਜਲਿਆਂ ਵਾਲਾ ਬਾਗ ਵਿਖੇ ਮਾਰੇ ਗਏ ਬੇਗੁਨਾਹ ਸ਼ਹੀਦਾਂ ਦੀ ਸ਼ਹਾਦਤ ਦਾ ਲੰਡਨ ਪਹੁੰਚ ਕੇ ਬਦਲਾ ਲੈਣ ਵਾਲੇ , ਮਹਾਨ ਸਪੂਤ ਦੀ ਯਾਦ ਵਿੱਚ ਹਾਜ਼ਰ ਸ਼ਖ਼ਸੀਅਤਾਂ ਨੇ ਸਿਜਦਾ ਕੀਤਾ ।



# ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਸੁਲਤਾਨਪੁਰ ਲੋਧੀ (ਬਲਵੀਰ ਸ਼ੇਰਪੁਰੀ)**- ਸ਼ਹੀਦ ਊਧਮ ਸਿੰਘ ਤੇ 86ਵੇਂ ਸ਼ਹੀਦੀ ਦਿਹਾੜੇ ਮੌਕੇ ਗੁਰਦੁਆਰਾ ਦਮਦਮਾ ਸਾਹਿਬ ਠੱਟਾ ਵਿਖੇ ਮੁੱਖ ਸੇਵਾਦਾਰ ਸੰਤ ਬਾਬਾ ਹਜ਼ੂਰ ਸਿੰਘ ਦੀ ਅਗਵਾਈ ਹੇਠ ਸਮੂਹ ਨਗਰ ਨਿਵਾਸੀ ਠੱਟਾ ਪੁਰਾਣਾ ਦੀ ਸੰਗਤ ਵੱਲੋਂ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਨਗਰ ਨਿਵਾਸੀਆਂ ਤੋਂ ਇਲਾਵਾ ਇਲਾਕੇ ਭਰ ਦੀਆਂ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ ਗਈ। ਇਸ ਮੌਕੇ ਕੀਰਤਨ ਕਥਾ ਵਿਚਾਰ ਕਰਦਿਆਂ ਭਾਈ ਕੁਲਵੰਤ ਸਿੰਘ ਵੱਲੋਂ ਸ਼ਹੀਦ ਊਧਮ ਸਿੰਘ ਦੇ ਜੀਵਨ, ਸੰਘਰਸ਼ ਅਤੇ ਕੁਰਬਾਨੀ ਸਬੰਧੀ ਵਿਸਥਾਰ ਪੂਰਵਕ ਸੰਗਤਾਂ ਨਾਲ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਕੁਦਰਤ ਸੰਭਾਲ ਦਿਵਸ ਮਨਾਇਆ



**ਕਰਤਾਰਪੁਰ (ਹਰਮੇਸ਼ ਦੱਤ)**- ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ 28 ਜੁਲਾਈ ਨੂੰ ਕੁਦਰਤੀ ਸੰਭਾਲ ਦਿਵਸ ਮਨਾਇਆ ਗਿਆ ਜਿਸ ਵਿੱਚ ਛੇਵੀਂ ਤੋਂ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਵਿਦਿਆਰਥੀਆਂ ਨੇ ਰਹਿੰਦ ਖੂੰਹਦ ਵਸਤੂਆਂ ਤੋਂ ਸਜਾਵਟੀ ਤੇ ਲਾਭਦਾਇਕ ਚੀਜ਼ਾਂ ਤਿਆਰ ਕੀਤੀਆਂ ਜਿਸ ਵਿੱਚ ਅੱਠਵੀਂ ਕਲਾਸ ਦੇ ਅਰਨਵ ਸਿੰਘ ਨੇ ਪਹਿਲਾ, ਨਿਤਿਕਾ ਤੇ ਸਮ੍ਰਿਧੀ ਗਿੱਲ ਕਲਾਸ ਸੱਤਵੀਂ ਨੇ ਦੂਸਰਾ ਅਤੇ ਪ੍ਰਭ ਨੂਰ ਕਿਰਨਦੀਪ ਕੌਰ, ਹਰਮਨਜੀਤ ਕੌਰ ਕਲਾਸ ਛੇਵੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪਰਮਜੀਤ ਕੌਰ, ਰੇਨੂ ਸ਼ਰਮਾ, ਪਰਮਜੀਤ ਕੌਰ ਕਾਹਲੋਂ, ਕੰਚਨ ਸ਼ਰਮਾ ਵੱਲੋਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

# 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਤਹਿਤ ਲਗਾਏ ਰੁੱਖ




**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਦੀਆਂ ਪੰਜ ਬ੍ਰਾਂਚਾਂ ਗ੍ਰੀਨ ਮਾਡਲ ਟਾਊਨ, ਲੋਹਾਰਾਂ, ਨੂਰਪੁਰ ਰੋਡ, ਕੈਂਟ-ਜੰਡਿਆਲਾ ਰੋਡ ਅਤੇ ਕਪੂਰਥਲਾ ਰੋਡ ਨੇ 'ਏਕ ਪੇੜ ਮਾਂ ਕੇ ਨਾਮ' ਇਸ ਪਹਿਲ ਦੇ ਤਹਿਤ ਆਪਣੇ-ਆਪਣੇ ਸਕੂਲਾਂ ਵਿੱਚ ਰੁੱਖ ਲਗਾਏ ਅਤੇ ਵਾਤਾਵਰਣ ਸਥਿਰਤਾ ਅਤੇ ਮਾਂ ਬਣਨ ਦੀ ਭਾਵਨਾ ਦਾ ਉਤਸਵ ਮਨਾਇਆ। ਇਹ ਹਰਿਆਲੀ ਮੁਹਿੰਮ ਭਾਰਤ ਸਰਕਾਰ ਦੇ ਮਿਸ਼ਨ ਲਾਈਫ ਅਤੇ ਪੰਜਾਬ ਸਰਕਾਰ ਦੇ ਮਿਸ਼ਨ ਹਰਿਆਲੀ ਵਰਗੀਆਂ ਵਾਤਾਵਰਣ ਮੁਹਿੰਮਾਂ ਤਹਿਤ ਆਯੋਜਿਤ ਕੀਤੀ ਗਈ ਸੀ। ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਦੁਆਰਾ ਚਲਾਈ ਅਤੇ ਪ੍ਰਬੰਧਿਤ ਦਿਸ਼ਾ -ਇੱਕ ਪਹਿਲ ਨੇ ਸਥਿਰਤਾ ਅਤੇ ਵਾਤਾਵਰਣ ਸੰਭਾਲ ਨੂੰ ਉਤਸ਼ਾਹਿਤ ਕਰਨ ਲਈ ਰੁੱਖ ਲਗਾਉਣ ਦੀ ਮੁਹਿੰਮ ਚਲਾਈ। ਇਸ ਰੁੱਖ ਲਗਾਉਣ ਦੀ ਮੁਹਿੰਮ ਦੀ ਅਗਵਾਈ ਸ਼੍ਰੀਮਤੀ ਸ਼ੈਲੀ ਬੌਰੀ (ਐਗਜ਼ੀਕਿਊਟਿਵ ਡਾਇਰੈਕਟਰ ਸਕੂਲ) ਅਤੇ ਡਾ. ਪਲਕ ਗੁਪਤਾ ਬੌਰੀ (ਡਾਇਰੈਕਟਰ, ਸੀਐਸਆਰ) ਨੇ ਕੀਤੀ, ਜਿਸ ਵਿੱਚ ਕਮਿਊਨਿਟੀ ਲੀਡਰ ਸ਼੍ਰੀਮਤੀ ਸ਼ੈਲਜਾ ਅਗਰਵਾਲ (ਐਨਜੀਓ - ਹੈਲਪਿੰਗ ਸੋਲਸ) ਅਤੇ ਮਾਵਾਂ ਨੇ ਆਪਣੇ ਬੱਚਿਆਂ ਦੇ ਨਾਲ ਮਿਲ ਕੇ ਇਸ ਮੁਹਿੰਮ ਦੇ ਦੋਹਰੇ ਉਦੇਸ਼ ਤੇ ਜ਼ੋਰ ਦਿੱਤਾ। ਇਸ ਦਾ ਉਦੇਸ਼ ਵਾਤਾਵਰਣ ਦੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਅਤੇ ਮਾਂ ਬਣਨ ਦੀ ਜੀਵਨਦਾਇਕ ਭਾਵਨਾ ਦਾ ਸਨਮਾਨ ਕਰਨਾ। ਈਕੋ ਕਲੱਬ ਦੇ ਮੈਂਬਰਜ਼ ਨੇ ਇਸ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਇਸ ਦਾ ਯਕੀਨੀ ਬਣਾਇਆ ਕਿ ਹਰੇਕ ਬੂਟਾ ਦੇਖਭਾਲ ਨਾਲ ਲਗਾਇਆ ਜਾਵੇ। ਇੱਕ ਵਿਸ਼ੇਸ਼ ਪਹਿਲ ਵਿੱਚ, ਬੂਟਿਆਂ ਦਾ ਨਾਮ ਦੇਸ਼ ਦੇ ਮਹਾਨ ਨਾਇਕਾਂ ਦੇ ਨਾਮ ਤੇ ਰੱਖਿਆ ਗਿਆ ਸੀ ਅਤੇ ਐਮ ਯੂ ਐਨ (ਮਾਡਲ ਯੂਨਾਈਟਿਡ ਨੇਸ਼ਨਜ਼) ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਵਿਦਿਆਰਥੀਆਂ ਨੂੰ ਆਪਣੇ ਘਰਾਂ ਦੇ ਨੇੜੇ ਰੁੱਖ ਲਗਾਉਣ ਅਤੇ ਇੱਕ ਬੂਟਾ ਗੋਦ ਲੈਣ ਅਤੇ ਇਸ ਦੀ ਦੇਖਭਾਲ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਸੀ, ਇਸ ਮੁਹਿੰਮ ਨੂੰ ਸਕੂਲ ਦੀਆਂ ਸੀਮਾਵਾਂ ਤੋਂ ਅੱਗੇ ਵੀ ਵਧਾਇਆ ਗਿਆ।

# ਊਧਮ ਸਿੰਘ ਸ਼ਹੀਦੀ ਦਿਵਸ 'ਤੇ ਮੁੱਖ ਮੰਤਰੀ ਵੱਲੋਂ ਪੰਚਕੂਲਾ 'ਚ ਕੰਬੋਜ ਸਭਾ ਨੂੰ ਪਲਾਟ ਦੇਣ ਦਾ ਐਲਾਨ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਭਾਰਤ ਦੀ ਸੁਤੰਤਰਤਾ ਦੀ ਲੜਾਈ ਵਿੱਚ ਉਨ੍ਹਾਂ ਦੀ ਕੁਰਬਾਨੀ ਰਾਸ਼ਟਰ ਭਗਤੀ, ਹਿੰਮਤ ਅਤੇ ਆਤਮ ਬਲੀਦਾਨ ਦੀ ਬੇਮਿਸਾਲ ਉਦਾਹਰਣ ਹੈ।ਮੁੱਖ ਮੰਤਰੀ ਸਿਰਸਾ ਵਿੱਚ ਮੁੱਖ ਧਾਮ ਬਾਬਾ ਭੂਮਣਸ਼ਾਹ ਜੀ (ਸੰਗਰ ਸਰਿਸਤਾ) ਵਿੱਚ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ 'ਤੇ ਆਯੋਜਿਤ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਮੁੱਖ ਮੰਤਰੀ ਨੇ ਪੰਚਕੂਲਾ ਵਿੱਚ ਕੰਬੋਜ ਸਭਾ ਨੂੰ ਪਲਾਟ ਦੇਣ ਦਾ ਐਲਾਨ ਕੀਤਾ। ਨਾਲ ਹੀ ਵਿਸ਼ਵਾਸ਼ ਦਿਵਾਇਆ, ਕੈਥਲ ਅਤੇ ਜਗਾਧਰੀ ਵਿੱਚ ਪਲਾਟ ਲੈਣ ਤਹਿਤ ਸਭਾ ਵੱਲੋਂ ਬਿਨੈ ਕਰਨ ਬਾਅਦ ਉਨ੍ਹਾਂ ਨੂੰ ਪ੍ਰਾਥਮਿਕਤਾ ਆਧਾਰ 'ਤੇ ਪਲਾਟ ਪ੍ਰਦਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਮੁੱਖ ਮੰਤਰੀ ਨੇ ਹਿਸਾਰ ਦੇ ਪਿੰਡ ਬਾੜਾ ਸੁਲੇਮਾਨ ਦਾ ਨਾਂਅ ਊਧਮਪੁਰਾ ਕਰਨ ਦਾ ਵੀ ਐਲਾਨ ਕੀਤਾ। ਸੈਣੀ ਨੇ ਰਾਸ਼ਟਰ ਨਾਇਕ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਨੇ ਆਜ਼ਾਦੀ ਲਈ ਦੇਸ਼ਵਾਸੀਆਂ ਵਿੱਚ ਇੱਕ ਜਾਗ੍ਰਿਤੀ ਪੈਦਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਊਧਮ ਸਿੰਘ, ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰਸ਼ੇਖਰ ਆਜ਼ਾਦ ਅਤੇ ਮਦਨ ਲਾਲ ਢੀਂਗਰਾ ਵਰਗੇ ਅਨੇਕ ਦੇਸ਼ ਭਗਤਾਂ ਨੇ ਭਾਰਤ ਮਾਂ ਦੀ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜਨ ਲਈ ਕੁਰਬਾਨੀਆਂ ਭਰਿਆ ਰਸਤਾ ਚੁਣਿਆ ਅਤੇ ਉਸ 'ਤੇ ਚੱਲ ਕੇ ਕੁਰਬਾਨੀਆਂ ਦੇਣ ਦਾ ਇਤਿਹਾਸ ਰਚਿਆ। ਉਨ੍ਹਾਂ ਨੇ ਕਿਹਾ ਕਿ ਜਦੋਂ ਊਧਮ ਸਿੰਘ ਜੀ ਸਿਰਫ 20 ਸਾਲ ਦੇ ਸਨ, ਤਾਂ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲਾ ਬਾਗ ਦੀ ਦਿਲ ਦਹਿਲਾ ਦੇਣ ਵਾਲੀ ਘਟਨਾ ਨੇ ਉਨ੍ਹਾਂ ਦੇ ਦਿਲ ਦਿਮਾਗ 'ਤੇ ਡੂੰਘਾ ਪ੍ਰਭਾਵ ਪਾਇਆ। ਇਸ ਮੌਕੇ ਸਵਾਮੀ ਬ੍ਰਹਮਾਨੰਦ ਜੀ, ਸ੍ਰੀ ਮਹੇਸ਼ ਮੁਨੀ ਜੀ, ਮਹੰਤ ਗੋਮਤੀ ਦਾਸ ਜੀ, ਮਹੰਤ ਸਾਗਰ ਨਾਥ ਜੀ, ਜਰਮਨੀ ਦੇ ਸਾਂਸਦ ਰਾਹੁਲ ਕੰਬੋਜ, ਉੜੀਸਾ ਦੇ ਸਾਬਕਾ ਰਾਜਪਾਲ ਪ੍ਰੋ. ਗਣੇਸ਼ੀਲਾਲ, ਸਾਬਕਾ ਮੰਤਰੀ ਸੁਭਾਸ਼ ਸੁਧਾ, ਸਾਬਕਾ ਮੰਤਰੀ ਕਰਣ ਦੇਵ ਕੰਬੋਜ, ਸਾਬਕਾ ਸਾਂਸਦ ਸ੍ਰੀਮਤੀ ਸੁਨੀਤਾ ਦੁੱਗਲ, ਸਾਬਕਾ ਵਿਧਾਇਕ ਸ੍ਰੀ ਦੁੜਾ ਰਾਮ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਸਨ।

# ਨਗਰ ਕੌਂਸਲ ਨੇ ਹਰਿਤ ਜੈਵਿਕ ਖਾਦ ਵੰਡੀ

**ਬਲਾਚੌਰ (ਜਸਵਿੰਦਰ ਬੈਂਸ)**- ਨਗਰ ਕੌਂਸਲ ਬਲਾਚੌਰ ਦੇ ਪ੍ਰਧਾਨ ਸੁਨੀਲ ਕੌਸ਼ਲ ਦੀ ਅਗਵਾਈ ਹੇਠ ਸਫਾਈ ਅਪਨਾਓ ਬੀਮਾਰੀ ਭਜਾਓ ਮੁਹਿੰਮ ਤਹਿਤ ਸ਼ਹਿਰ ਦੇ ਅਲੱਗ ਅਲੱਗ ਵਾਰਡਾਂ ਵਿਚ ਗਿੱਲੇ ਕੂੜੇ ਤੋਂ ਤਿਆਰ ਹਰਿਤ ਜੈਵਿਕ ਖਾਦ ਵੰਡੀ ਜਾ ਰਹੀ ਹੈ। ਸੈਨੇਟਰੀ ਇੰਸਪੈਕਟਰ ਭਾਰਤ ਭੂਸ਼ਨ ਦੇ ਸਹਿਯੋਗ ਨਾਲ ਸਵੱਛ ਭਾਰਤ ਟੀਮ ਵੱਲੋਂ ਨਗਰ ਕੌਂਸਲ ਦਫ਼ਤਰ ਵਿੱਚ ਹਰਿਤ ਜੈਵਿਕ ਖਾਦ ਦੀ ਸਟਾਲ ਲਗਾਈ ਗਈ ਤੇ ਦਫ਼ਤਰ ਆਉਣ ਵਾਲੇ ਲੋਕਾਂ ਨੂੰ ਖਾਦ ਵੰਡੀ ਗਈ ਤੇ ਨਾਲ ਹੀ ਪਲਾਸਟਿਕ ਜਾਂ ਸਿੰਗਲ ਯੂਜ ਪਲਾਸਟਿਕ ਦੇ ਬਦਲ ਜਿਵੇਂ ਕਿ ਸਟੀਲ ਦੇ ਭਾਂਡਿਆਂ, ਪੇਪਰ ਪਲੇਟਾਂ, ਗਿਲਾਸ ਆਦਿ ਵੀ ਡਿਸਪਲੇਅ ਕੀਤੇ ਗਏ। ਜਿਸ ਦੇ ਨਾਲ ਲੋਕਾਂ ਨੂੰ ਪਲਾਸਟਿਕ ਮੁਕਤ ਵਾਤਾਵਰਣ ਬਣਾਉਣ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਸੈਨੇਟਰੀ ਇੰਚਾਰਜ ਵਿਜੇ ਕੁਮਾਰ, ਕਲਰਕ ਬਲਜੀਤ ਰਾਮ, ਕਲਰਕ ਚੰਦ ਰੂਪ, ਅਕਾਊਂਟੈਂਟ ਵਿਜੇ ਕੁਮਾਰ,ਸੀ ਐਫ਼ ਮਨਿੰਦਰ ਕੌਰ, ਮੋਟੀਵੇਟਰ ਅਲਕਾ ਮੌਜੂਦ ਸਨ।




# ਪ੍ਰਸ਼ਾਸਨ ਨੇ ਪੀਲਾ ਪੰਜਾ ਚਲਾ ਕੇ ਲਿਆ ਜ਼ਮੀਨ ਦਾ ਕਬਜ਼ਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਪਿੰਡ ਡਡਵਿੰਡੀ ਨੇੜੇ ਨੈਸ਼ਨਲ ਹਾਈਵੇ ਅਧੀਨ ਆਉਂਦੀ ਜ਼ਮੀਨ ਦਾ ਪ੍ਰਸ਼ਾਸਨ ਵੱਲੋਂ ਪੀਲਾ ਪੰਜਾ ਚਲਾ ਕੇ ਕਬਜ਼ਾ ਲੈ ਲਿਆ ਗਿਆ। ਕਬਜ਼ਾ ਲੈਣ ਪਹੁੰਚੇ ਸਿਵਲ ਤੇ ਪੁਲਸ ਪ੍ਰਸ਼ਾਸਨ ਦਾ ਪਹਿਲਾਂ ਕਿਸਾਨਾਂ ਵੱਲੋਂ ਵਿਰੋਧ ਕੀਤਾ ਗਿਆ ਅਤੇ ਇੱਕ ਵਾਰੀ ਕਬਜ਼ਾ ਲੈਣ ਦਾ ਕੰਮ ਰੋਕ ਦਿੱਤਾ ਗਿਆ। ਉਪਰੰਤ ਦੋਵਾਂ ਧਿਰਾਂ ਵਿੱਚ ਸਹਿਮਤੀ ਬਣਨ ਤੋਂ ਬਾਅਦ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਵੱਲੋਂ ਕਰੀਬ 3 ਕਿਲੋਮੀਟਰ ਲੰਬੇ ਹਾਈਵੇਅ ਦੀ ਜ਼ਮੀਨ ਦਾ ਕਬਜ਼ਾ ਲੈ ਲਿਆ ਗਿਆ। ਇਸ ਮੌਕੇ ਹਾਈਵੇਅ ਵਿੱਚ ਆਉਣ ਵਾਲੀ ਜਮੀਨ ਦੇ ਮਾਲਕਾਂ ਨੇ ਕਿਹਾ ਕਿ ਉਨਾਂ ਨੂੰ ਅਜੇ ਤੱਕ ਜਮੀਨ ਦਾ ਕੋਈ ਪੈਸਾ ਨਹੀਂ ਮਿਲਿਆ ਅਤੇ ਵਪਾਰਕ ਜਮੀਨ ਦਾ ਮੁੱਲ ਵੀ ਘੱਟ ਦਿੱਤਾ ਜਾ ਰਿਹਾ ਹੈ। ਸਟੇਟ ਪੀ ਡਬਲਿਊ ਡੀ ਦੇ ਨੈਸ਼ਨਲ ਹਾਈਵੇ ਜਲੰਧਰ ਡਿਵੀਜ਼ਨ ਦੇ ਐਗਜੀਕਿਊਟਿਵ ਇੰਜੀਨੀਅਰ ਪ੍ਰੇਮ ਕਮਲ ਨੇ ਦੱਸਿਆ ਕਿ ਇਹ ਨੈਸ਼ਨਲ ਹਾਈਵੇ 703ਏ ਦੇ ਅਧੀਨ ਆਉਂਦਾ ਮਨਿਸਟਰੀ ਆਫ ਰੋਡ ਟਰਾਂਸਪੋਰਟ ਦਿੱਲੀ ਦਾ ਪ੍ਰੋਜੈਕਟ ਹੈ ਅਤੇ ਇਸ ਵਿੱਚ ਇੱਕ ਰੇਲਵੇ ਦਾ ਓਵਰ ਬ੍ਰਿਜ ਵੀ ਆਉਂਦਾ ਹੈ। ਉਨਾਂ ਦੱਸਿਆ ਕਿ ਇਸ ਸਬੰਧੀ ਨੋਟੀਫਿਕੇਸ਼ਨ ਕਾਫੀ ਦੇਰ ਪਹਿਲਾਂ ਹੋ ਚੁੱਕਾ ਸੀ ਅਤੇ ਕਿਸਾਨਾਂ ਵੱਲੋਂ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿੱਚ ਕੇਸ ਦਾਇਰ ਕੀਤੇ ਗਏ ਸਨ ਜੋ ਕਿ ਦੋਵਾਂ ਮਾਨਯੋਗ ਅਦਾਲਤਾਂ ਵਿੱਚੋਂ ਖਾਰਜ ਹੋ ਚੁੱਕੇ ਹਨ। ਇਸ ਤੋਂ ਬਾਅਦ ਨੈਸ਼ਨਲ ਹਾਈਵੇ ਪ੍ਰੋਜੈਕਟ ਸਬੰਧੀ ਸਿਵਲ ਤੇ ਪੁਲਸ ਪ੍ਰਸ਼ਾਸਨ ਦੀ ਮਦਦ ਨਾਲ ਜਮੀਨ ਦਾ ਕਬਜ਼ਾ ਲਿਆ ਜਾ ਰਿਹਾ ਹੈ।ਕਿਸਾਨਾਂ ਨੇ ਦੋਸ਼ ਲਗਾਇਆ ਕਿ ਅਜੇ ਤੱਕ ਉਨਾਂ ਦੇ ਖਾਤਿਆਂ ਵਿੱਚ ਕੋਈ ਵੀ ਪੈਸਾ ਨਹੀਂ ਪਾਇਆ ਗਿਆ ਅਤੇ ਉਨਾਂ ਦੀ ਜਮੀਨ ਹਾਈਵੇ ਨਾਲ ਲੱਗਦੀ ਹੋਣ ਕਰਕੇ ਕਮਰਸ਼ੀਅਲ ਭਾਅ 'ਤੇ ਵਿਕਣੀ ਚਾਹੀਦੀ ਹੈ ਜਦਕਿ ਪ੍ਰਸ਼ਾਸਨ ਵੱਲੋਂ ਇਸ ਦਾ ਬਹੁਤ ਘੱਟ ਰੇਟ ਦਿੱਤਾ ਜਾ ਰਿਹਾ ਹੈ। ਕਿਸਾਨਾਂ ਨੇ ਮੰਗ ਕੀਤੀ ਕਿ ਉਨਾਂ ਨੂੰ ਘੱਟੋ ਘੱਟ ਡੇਢ ਕਰੋੜ ਰੁਪਏ ਪਰ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਐਸਡੀਐਮ ਸੁਲਤਾਨਪੁਰ ਲੋਧੀ ਅਲਕਾ ਕਾਲੀਆ, ਐਸਪੀ (ਡੀ) ਪੀਐਸ ਵਿਰਕ, ਤਹਿਸੀਲਦਾਰ ਗੌਰਵ ਬਾਂਸਲ, ਡੀਐਸਪੀ ਸੁਲਤਾਨਪੁਰ ਲੋਧੀ ਹਰਗੁਰਦੇਵ ਸਿੰਘ, ਐਸਐਚਓ ਸੋਨਮਦੀਪ ਕੌਰ, ਜਥੇਦਾਰ ਮੁਖਤਿਆਰ ਸਿੰਘ ਸੋਢੀ ਡਡਵਿੰਡੀ, ਕਰਮਵੀਰ ਸਿੰਘ ਕੇਬੀ, ਸਾਬਕਾ ਸਰਪੰਚ ਜਸਬੀਰ ਸਿੰਘ, ਕਿਸਾਨ ਆਗੂ ਪਰਮਜੀਤ ਸਿੰਘ ਪੱਕਾ ਕੋਠਾ, ਹਾਕਮ ਸਿੰਘ ਸ਼ਾਹਜਾਨਪੁਰ ਅਤੇ ਬਲਬੀਰ ਸਿੰਘ ਸੰਧਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।



# ਲਾਇਲਪੁਰ ਖਾਲਸਾ ਕਾਲਜ ਟੈਕਨੀਕਲ ਕੈਂਪਸ 'ਚ ਮਿਊਚਅਲ ਫੰਡਾਂ 'ਤੇ ਸੈਮੀਨਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਨੌਜਵਾਨ ਪੀੜ੍ਹੀ ਨੂੰ ਨੌਕਰੀ ਮਿਲਦੇ ਹੀ ਬੱਚਤ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਮੌਜੂਦਾ ਸਮੇਂ ਵਿੱਚ ਜ਼ਿਆਦਾਤਰ ਬੱਚਤ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਅਤੇ ਆਪਣੇ ਖਰਚੇ ਵਧਾ ਲਏ ਜਾਂਦੇ ਹਨ ਪਰ ਕੁਝ ਸਾਲਾਂ ਬਾਅਦ ਜਦੋਂ ਉਹ ਬੱਚਤ ਵੱਲ ਧਿਆਨ ਦੇਣਾ ਸ਼ੁਰੂ ਕਰਦੇ ਹਨ, ਉਦੋਂ ਤੱਕ ਵਿਆਹ ਅਤੇ ਬੱਚਿਆਂ ਕਾਰਨ ਜ਼ਿੰਦਗੀ ਬਦਲ ਚੁੱਕੀ ਹੁੰਦੀ ਹੈ ਅਤੇ ਇਸ ਸਮੇਂ ਜ਼ਿਆਦਾ ਬੱਚਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਇਸ ਲਈ ਅਸੀਂ ਨੌਜਵਾਨਾਂ ਨੂੰ ਇਹ ਸੰਦੇਸ਼ ਦਿੰਦੇ ਹਾਂ ਕਿ ਖਰਚੇ ਵਧਣ ਤੋਂ ਪਹਿਲਾਂ, ਉਨ੍ਹਾਂ ਨੂੰ ਮਿਊਚੁਅਲ ਫੰਡਾਂ ਵਿੱਚ ਨਿਵੇਸ਼ ਕਰਕੇ ਜਿੰਨੀ ਹੋ ਸਕੇ ਬੱਚਤ ਕਰਨੀ ਚਾਹੀਦੀ ਹੈ ਕਿਉਂਕਿ ਜਦੋਂ ਤੁਹਾਡੇ ਖਰਚੇ ਵਧਦੇ ਹਨ, ਤਾਂ ਇਸ ਫੰਡ ਤੋਂ ਹੋਣ ਵਾਲੀ ਆਮਦਨ ਤੁਹਾਡੀ ਜ਼ਿੰਦਗੀ ਨੂੰ ਆਸਾਨ ਬਣਾਉਂਦੀ ਰਹੇਗੀ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਤੁਹਾਡੀ ਆਮਦਨ ਸ਼ੁਰੂ ਹੁੰਦੀ ਹੈ, ਤਾਂ ਜ਼ਿਆਦਾਤਰ ਨੌਜਵਾਨ ਆਪਣਾ ਪੈਸਾ ਮੋਟਰਸਾਈਕਲ, ਨਵੀਆਂ ਕਾਰਾਂ, ਮਹਿੰਗੇ ਫੋਨ ਖਰੀਦਣ 'ਤੇ ਖਰਚ ਕਰਦੇ ਹਨ ਜਦੋਂ ਕਿ ਆਮਦਨ ਸ਼ੁਰੂ ਹੋਣ ਉਪਰੰਤ ਉਸਦਾ ਕੁਝ ਹਿੱਸਾ ਮਿਊਚੁਅਲ ਫੰਡਾਂ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ ਅਤੇ ਫਿਰ ਕੁਝ ਸਾਲਾਂ ਤੋਂ ਬਾਅਦ ਜਦੋਂ ਤੁਹਾਡੇ ਮਿਊਚੁਅਲ ਫੰਡ ਤੁਹਾਡੇ ਲਈ ਆਮਦਨ ਪੈਦਾ ਕਰਨਾ ਸ਼ੁਰੂ ਕਰ ਦੇਣ, ਤਾਂ ਤੁਹਾਨੂੰ ਖਰਚ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ। ਇਸ ਮੌਕੇ ਸੁਖਬੀਰ ਸਿੰਘ ਚੱਠਾ ਡਾਇਰੈਕਟਰ ਅਕਾਦਮਿਕ ਮਾਮਲੇ ਕੇਸੀਐਲ ਗਰੁੱਪ ਆਫ਼ ਇੰਸਟੀਟਿਊਸ਼ਨਜ਼, ਡਾ. ਆਰ.ਐਸ. ਦਿਓਲ ਡਾਇਰੈਕਟਰ, ਡਾ. ਇੰਦਰਪਾਲ ਸਿੰਘ ਡੀਨ ਰਿਸਰਚ, ਕੁਨਾਲ ਵਰਮਾ ਸਹਾਇਕ ਡਾਇਰੈਕਟਰ, ਡਾ. ਤਰੁਣਜੀਤ ਸਿੰਘ, ਰਿਲੇਸ਼ਨ ਮੈਨੇਜਰ ਅਮਨਦੀਪ ਕੌਰ ਸਮੇਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਮੌਜੂਦ ਸਨ।



ਮਿਊਚੁਅਲ ਫੰਡਾਂ ਨਾਲ ਨਿਵੇਸ਼ਕਾਂ ਦਾ ਭਵਿੱਖ ਸੁਰੱਖਿਅਤ ਹੈ, ਇਹ ਗੱਲ ਸੱਚਦੇਵਾ ਸਟਾਕਸ ਦੇ ਐਮ ਡੀ ਪਰਮਜੀਤ ਸਿੰਘ ਸੱਚਦੇਵਾ ਨੇ ਲਾਇਲਪੁਰ ਖਾਲਸਾ ਕਾਲਜ ਟੈਕਨੀਕਲ ਕੈਂਪਸ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਜਦੋਂ ਨੌਜਵਾਨ ਨੌਕਰੀ ਪ੍ਰਾਪਤ ਕਰਦੇ ਹਨ, ਤਾਂ ਸ਼ੁਰੂ ਵਿੱਚ ਉਨ੍ਹਾਂ ਵਿੱਚੋਂ

# ਬੱਚਿਆਂ ਨੂੰ ਪਾਲਣ ਤੋਂ ਅਸਮਰੱਥ ਮਾਪੇ ਇੱਛਾ ਅਨੁਸਾਰ ਬੱਚੇ ਨੂੰ ਕਰ ਸਕਦੇ ਨੇ ਬਾਲ ਭਲਾਈ ਕਮੇਟੀ ਦੇ ਸਪੁਰਦ

**ਨਵਾਂਸ਼ਹਿਰ (ਮਨੋਜ ਲਾਡੀ)** ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਨੇ ਦੱਸਿਆ ਕਿ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋਂ ਜੁਵੇਨਾਇਲ ਜਸਟਿਸ ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ ਐਕਟ 2015 ਦੀ ਧਾਰਾ 35 ਸਬੰਧੀ ਬੱਚਿਆਂ ਨੂੰ ਸਰੰਡਰ ਕਰਨ ਵਾਸਤੇ ਮਾਪੇ ਆਪਣੀ ਇੱਛਾ ਅਨੁਸਾਰ ਬਾਲ ਭਲਾਈ ਕਮੇਟੀ ਦਫਤਰ ਵਿਖੇ ਹਾਜ਼ਰ ਹੋ ਕੇ ਸਰੰਡਰ ਡੀਡ ਰਾਹੀਂ ਬੱਚਾ ਬਾਲ ਭਲਾਈ ਕਮੇਟੀ ਨੂੰ ਸੌਂਪ ਸਕਦੇ ਹਨ।ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨੇ ਦੱਸਿਆ ਕਿ ਕਈ ਵਾਰ ਨਵਜਨਮੇ ਬੱਚਿਆਂ ਨੂੰ ਨਾਲਿਆਂ, ਝਾੜੀਆਂ ਅਤੇ ਖਾਲੀ ਪਲਾਟਾਂ ਵਿੱਚ ਸੁੱਟਣ ਦੀਆਂ ਘਟਨਾਵਾਂ ਸੁਨਣ ਅਤੇ ਪੜ੍ਹਨ ਵਿੱਚ ਆਉਂਦੀਆਂ ਹਨ ਜੋ ਅਕਸਰ ਉਨਾਂ ਮਾਪਿਆਂ ਵੱਲੋਂ ਕੀਤਾ ਜਾਂਦਾ ਹੈ ਜਿਨ੍ਹਾਂ ਦੇ ਅਣਚਾਹੀ ਸੰਤਾਨ ਪੈਦਾ ਹੋਵੇ ਜਾਂ ਉਹ ਬੱਚਿਆਂ ਨੂੰ ਪਾਲਣ ਤੋਂ ਅਸਮਰਥ ਹੋਣ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਕਈ ਵਾਰ ਅਜਿਹੇ ਬੱਚਿਆਂ ਦੇ ਮਾਪਿਆਂ ਦੀ ਪਛਾਣ ਕਰਕੇ ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਆਰਥਿਕ ਮਜਬੂਰੀ ਕਰਕੇ ਵੀ ਉਨ੍ਹਾਂ ਵੱਲੋਂ ਆਪਣੇ ਅਣਚਾਹੇ ਬੱਚੇ ਨੂੰ ਨਕਾਰ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਬਾਲ ਭਲਾਈ ਕਮੇਟੀ ਵੱਲੋਂ ਮਾਪਿਆਂ ਨੂੰ ਦੋ ਮਹੀਨਿਆਂ ਦਾ ਸਮਾਂ ਦਿੱਤਾ ਜਾਂਦਾ ਹੈ ਕਿ ਉਹ ਬੱਚੇ ਨੂੰ ਸਰੰਡਰ ਕਰਨ ਦੇ ਫੈਸਲੇ 'ਤੇ ਮੁੜ ਵਿਚਾਰ ਕਰ ਸਕਦੇ ਹਨ। ਜੇਕਰ ਮਾਪਿਆਂ ਵੱਲੋਂ ਆਪਣਾ ਫੈਸਲਾ ਬਦਲਿਆ ਜਾਂਦਾ ਹੈ ਤਾਂ ਉਹ ਆਪਣਾ ਬੱਚਾ ਵਾਪਸ ਲਿਜਾ ਸਕਦੇ ਹਨ ਨਹੀਂ ਤਾਂ ਉਹਨਾਂ ਦੇ ਬੱਚੇ ਨੂੰ ਅਡਾਪਸ਼ਨ ਲਈ ਸਪੈਸ਼ਲਾਈਜਡ ਅਡਾਪਸ਼ਨ ਏਜੰਸੀ ਨੂੰ ਸੌਂਪ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਧੇਰੀ ਜਾਣਕਾਰੀ ਲਈ ਦਫਤਰ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਕਮਰਾ ਨੰਬਰ 413 ਤੀਜੀ ਮੰਜ਼ਲ, ਡੀਸੀ ਦਫਤਰ ਫੋਨ ਨੰਬਰ 01822 -222322 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਦੰਦਾਂ ਦੇ ਮਾਹਰ, ਸਮਾਜ ਸੇਵਕ ਡਾ. ਕੁਲਦੀਪ ਰਾਏ ਦਾ ਜਨਮ ਦਿਨ ਪੱਤਰਕਾਰਾਂ ਅਤੇ ਉਨ੍ਹਾਂ ਦੇ ਚਹੇਤਿਆਂ ਨੇ ਕੇਕ ਕੱਟ ਕੇ ਮਨਾਇਆ ਅਤੇ ਸਮੂਹ ਸੱਜਣਾਂ ਨੇ ਡਾ. ਕੁਲਦੀਪ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਸੁਰਿੰਦਰ ਪੁਆਰੀ, ਰਾਜ ਕੁਮਾਰ ਨੰਗਲ, ਰਵੀ ਕੁਮਾਰ, ਮਨੀਸ਼ ਕੁਮਾਰ, ਚਰਨਜੀਤ ਅਤੇ ਹੋਰ ਹਾਜ਼ਰ ਸਨ। **ਫੋਟੋ ਤੇ ਵੇਰਵਾ : ਨਿਰਮਲ ਫਿਲੌਰ**

# ਖੇਡ ਮਹਾਕੁੰਭ 'ਚ 15,000 ਤੋਂ ਵੱਧ ਖਿਡਾਰੀ ਦਿਖਾਉਣਗੇ ਦਮਖਮ : ਗੌਰਵ ਗੌਤਮ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਖੇਡ ਰਾਜ ਮੰਤਰੀ ਗੌਰਵ ਗੌਤਮ ਨੇ ਕਿਹਾ ਕਿ ਸੂਬੇ ਦੀ ਬਿਹਤਰੀਨ ਖੇਡ ਨੀਤੀ ਤੇ ਹਰ ਕੌਮੀ ਤੇ ਕੌਮਾਂਤਰੀ ਖੇਡ ਮੁਕਾਬਲੇ ਵਿੱਚ ਮੈਡਲ ਜਿੱਤ ਕੇ ਹਰਿਆਣਾ ਖੇਡਾਂ ਵਿੱਚ ਦੇਸ਼ ਦਾ ਸਿਰਮੌਰ ਬਣ ਚੁੱਕਾ ਹੈ। ਦੇਸ਼ ਦੀ ਆਬਾਦੀ 150 ਕਰੋੜ ਹੈ, ਜਿਸ ਵਿੱਚ ਹਰਿਆਣਾ ਦੀ ਆਬਾਦੀ ਮਹਿਜ਼ 2 ਫੀਸਦੀ ਹੈ, ਜਦੋਂ ਕਿ ਸੂਬੇ ਦੇ ਖਿਡਾਰੀ ਕੌਮਾਂਤਰੀ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਮੈਡਲ ਜਿੱਤਣ ਵਿੱਚ 60 ਫੀਸਦੀ ਦਾ ਯੋਗਦਾਨ ਦਿੰਦੇ ਹਨ। ਸੂਬੇ ਵਿੱਚ ਦੋ ਪੜਾਵਾਂ ਵਿੱਚ ਖੇਡ ਮਹਾਕੁੰਭ, 2025 ਦਾ 2 ਅਗਸਤ ਤੋਂ ਆਗਾਜ਼ ਕੀਤਾ ਜਾ ਰਿਹਾ ਹੈ, ਜਿਸ ਵਿੱਚ 26 ਜ਼ਿਲ੍ਹਿਆਂ ਦੇ 15410 ਖਿਡਾਰੀ ਸ਼ਿਰਕਤ ਕਰ ਰਹੇ ਹਨ। ਇਸ ਆਯੋਜਨ ਦਾ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਬਤੌਰ ਮੁੱਖ ਮਹਿਮਾਨ ਪੰਚਕੂਲਾ ਦੇ ਤਾਊ ਦੇਵੀਲਾਲ ਸਟੇਡੀਅਮ ਵਿੱਚ 2 ਅਗਸਤ ਨੂੰ ਸ਼ੁਰੂਆਤ ਕਰ ਰਹੇ ਹਨ। ਪਹਿਲੇ ਪੜਾਅ ਵਿੱਚ ਖੇਡ ਮਹਾਕੁੰਭ ਦੇ ਖੇਡ 4 ਅਗਸਤ ਤੱਕ ਆਯੋਜਿਤ ਹੋਣਗੇ। ਚੰਡੀਗੜ੍ਹ ਸਥਿਤ ਆਪਣੇ ਦਫਤਰ ਵਿੱਚ ਖੇਡ ਮਹਾਕੁੰਭ ਦੇ ਆਯੋਜਨ ਦੀ ਜਾਣਕਾਰੀ ਦਿੰਦੇ ਹੋਏ ਖੇਡ ਮੰਤਰੀ ਗੌਰਵ ਗੌਤਮ ਨੇ ਸਿਵਲ ਸਕੱਤਰੇਤ ਦੀ ਪ੍ਰੈਸ ਕਾਨਫ੍ਰੰਸ ਵਿੱਚ ਕਿਹਾ ਕਿ ਸਾਡੇ ਲਈ ਮਾਣ ਦੀ ਗੱਲ ਹੈ ਕਿ ਪਿਛਲੇ 17 ਸਾਲਾਂ ਵਿੱਚ ਹੋਏ 5 ਓਲੰਪਿਕ ਖੇਡਾਂ ਵਿੱਚ ਹਰਿਆਣਾ ਦੇ ਕਿਸੇ ਨਾ ਕਿਸੇ ਖਿਡਾਰੀ ਨੇ ਮੈਡਲ ਜਿੱਤਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ 4 ਥਾਵਾਂ 'ਤੇ 26 ਖੇਡਾਂ ਦਾ ਆਯੋਜਨ ਕੀਤਾ ਜਾਵੇਗਾ। ਪੰਚਕੂਲਾ ਵਿੱਚ ਅਥਲੈਟਿਕਸ, ਬੈਡਮਿੰਟਨ, ਬਾਸਕਟਬਾਲ, ਹੈਂਡਬਾਲ ਤੇ ਹਾਕੀ, ਫਰੀਦਾਬਾਦ ਵਿੱਚ ਸ਼ੂਟਿੰਗ ਤੇ ਤਾਇਕਵਾਂਡੋਂ, ਰੋਹਤਕ ਵਿੱਚ ਬਾਕਸਿੰਗ, ਨੈਟਬਾਲ ਤੇ ਫੁੱਟਬਾਲ ਅਤੇ ਸੋਨੀਪਤ ਵਿੱਚ ਲਾਅਨ ਟੈਨਿਸ ਖੇਡ ਆਯੋਜਿਤ ਕੀਤੇ ਜਾਣਗੇ, ਜਿਸ ਵਿੱਚ ਸੂਬੇ ਦੇ 22 ਜ਼ਿਲ੍ਹਿਆਂ ਤੇ ਹਰਿਆਣਾ ਖੇਡ ਯੂਨੀਵਰਸਿਟੀ ਰਾਈ (ਸੋਨੀਪਤ) ਦੇ ਖਿਡਾਰੀ ਆਪਣੀ ਪ੍ਰਤਿਭਾ ਦਿਖਾਉਣਗੇ।

# ਜ਼ੋਨਲ ਟੂਰਨਾਮੈਂਟ ਦੇ ਆਖ਼ਰੀ ਦਿਨ ਫੁੱਟਬਾਲ, ਸ਼ਤਰੰਜ ਅਤੇ ਗਤਕਾ ਦੇ ਮੁਕਾਬਲੇ ਕਰਵਾਏ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼ੇਰਗੜ੍ਹ ਜੋਨ ਨਾਲ ਸੰਬੰਧਿਤ ਸਕੂਲਾਂ ਦੀਆਂ ਖੇਡਾਂ ਦੇ ਆਖ਼ਰੀ ਦਿਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਵਿਖੇ ਫੁੱਟਬਾਲ, ਗੱਤਕਾ ਅਤੇ ਸ਼ਤਰੰਜ ਦੇ ਮੁਕਾਬਲੇ ਕਰਵਾਏ ਗਏ। ਪ੍ਰਿੰਸੀਪਲ ਮਲਕੀਤ ਕੌਰ ਦੀ ਪ੍ਰਧਾਨਗੀ ਹੇਠ ਕਰਵਾਏ ਜਾ ਰਹੇ ਟੂਰਨਾਮੈਂਟ ਮੌਕੇ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਜਨਰਲ ਸਕੱਤਰ ਪ੍ਰਭਜੋਤ ਸਿੰਘ, ਜ਼ੋਨਲ ਸਕੱਤਰ ਗੁਰਕਿਰਨਜੀਤ ਸਿੰਘ ਫਲਾਹੀ, ਲੈਕਚਰਾਰ ਮੁਨੀਸ਼ ਮੌਦਗਿਲ, ਲੈਕਚਰਾਰ ਗੁਰਪ੍ਰੀਤ ਕੌਰ, ਲੈਕਚਰਾਰ ਅਰਵਿੰਦਰ ਕੌਰ, ਰਮਨ ਕੁਮਾਰ, ਧਨੰਜੇ, ਦਵਿੰਦਰ ਕੌਰ, ਪੀ ਟੀ ਆਈ ਅਮਰਜੀਤ ਰਾਏ, ਪੀ ਟੀ ਆਈ ਰੇਖਾ ਪੱਟੀ, ਡੀ ਪੀ ਈ ਹੇਮ ਰਾਜ ਬਹਾਦੁਰਪੁਰ ਬਹਾਈਆ, ਰਾਜਾ ਸਿੰਘ ਪੱਟੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਮੁਕਾਬਲਿਆ ਦੇ ਫਾਈਨਲ ਨਤੀਜੇ ਇਸ ਪ੍ਰਕਾਰ ਰਹੇ। ਫੁੱਟਬਾਲ ਵਿੱਚ ਲੜਕਿਆਂ ਦੇ ਅੰਡਰ 19 ਸਾਲ ਉਮਰ ਵਰਗ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਤੋਵਾਲ ਨੂੰ ਪਨੈਲਟੀ ਸ਼ੂਟਆਊਟ ਰਾਹੀਂ 6-5 ਦੇ ਫ਼ਰਕ ਨਾਲ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਜਦਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਤੋਵਾਲ ਨੇ ਦੂਜਾ ਅਤੇ ਜੀ ਐਮ ਏ ਚੱਬੇਵਾਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸ਼ਤਰੰਜ ਵਿੱਚ ਲੜਕਿਆਂ ਦੇ ਅੰਡਰ 14 ਸਾਲ ਉਮਰ ਵਰਗ ਵਿੱਚ ਜੈਂਮਜ ਕੈਂਬਰਿਜ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਰੂ ਨੰਗਲ ਨੇ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸ਼ਤਰੰਜ ਵਿੱਚ ਲੜਕੀਆਂ ਦੇ ਅੰਡਰ 14 ਸਾਲ ਉਮਰ ਵਰਗ ਵਿੱਚ ਜੈਂਮਜ ਕੈਂਬਰਿਜ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਨੇ ਦੂਜਾ ਅਤੇ ਅਕੈਡਮਿਕ ਹਾਈਟਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸ਼ਤਰੰਜ ਵਿੱਚ ਲੜਕਿਆ ਦੇ ਅੰਡਰ 17 ਸਾਲ ਉਮਰ ਵਰਗ ਵਿੱਚ ਸ੍ਰੀਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਨੇ ਪਹਿਲਾ, ਜੀ ਐਮ ਏ ਸਿਟੀ ਪਬਲਿਕ ਸਕੂਲ ਨੇ ਦੂਜਾ ਅਤੇ ਸਕੂਲ ਆਫ ਐਮੀਨੈਂਸ ਪੁਰਹੀਰਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸ਼ਤਰੰਜ ਵਿੱਚ ਲੜਕਿਆ ਦੇ ਅੰਡਰ 19 ਸਾਲ ਉਮਰ ਵਰਗ ਵਿੱਚ ਜੀ ਐਮ ਏ ਸਿੰਗੜੀਵਾਲਾ ਨੇ ਪਹਿਲਾ, ਰਿਆਤ ਬਾਹਰਾ ਸਕੂਲ ਨੇ ਦੂਜਾ ਅਤੇ ਐਸ ਡੀ ਕਾਲਜੀਏਟ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਗੱਤਕਾ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਨੇ ਪਹਿਲਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

# ਅਰੋੜਾ ਪਰਵਾਰ ਨੇ 15 ਦਿਨ ਲਗਾਤਾਰ ਲੰਗਰ ਲਾਇਆ

**ਸ਼ਾਹਕੋਟ (ਗਿਆਨ ਸੈਦਪੁਰੀ)**- ਮਦਨ ਲਾਲ ਅਰੋੜਾ ਤੇ ਉਨਾਂ ਦੀ ਸਮੁੱਚੇ ਪਰਿਵਾਰ ਵੱਲੋਂ ਵਿਸ਼ਾਲ ਲੰਗਰ ਲਾਇਆ ਗਿਆ। ਮੋਗਾ ਰੋਡ ਤੇ ਲਾਇਆ ਗਿਆ ਇਹ ਲੰਗਰ 19 ਜੁਲਾਈ ਨੂੰ ਲਾਇਆ ਗਿਆ ਸੀ, ਜਿਸ ਦੀ ਸਮਾਪਤੀ ਇੱਕ ਅਗਸਤ ਸ਼ੁਕਰਵਾਰ ਨੂੰ ਹੋਈ। ਲੰਗਰ ਵਿੱਚ ਭਾਂਤ ਭਾਂਤ ਦੇ ਪਕਵਾਨ ਵਰਤਾਏ ਗਏ। ਮਦਨ ਲਾਲ ਅਰੋੜਾ ਨੇ ਦੱਸਿਆ ਕਿ ਸਥਾਨਕ ਲੋਕਾਂ ਤੋਂ ਇਲਾਵਾ ਮਾਲਵਾ ਖੇਤਰ ਤੋਂ ਮਾਤਾ ਚਿੰਤਪੁਰਨੀ ਦੇ ਦਰਬਾਰ ਦੇ ਦਰਸ਼ਨ ਕਰਨ ਜਾਂਦੇ ਸ਼ਰਧਾਲੂ ਇਥੇ ਜ਼ਰੂਰ ਰੁਕਦੇ ਅਤੇ ਲੰਗਰ ਛਕ ਕੇ ਆਪਣੀ ਮੰਜ਼ਿਲ ਵੱਲ ਜਾਂਦੇ। ਉਹਨਾਂ ਦੱਸਿਆ ਕਿ ਪਿਛਲੇ ਕਈ ਵਰ ਵਰ੍ਹਿਆਂ ਤੋਂ ਲੰਗਰ ਦਾ ਇਹ ਸਿਲਸਿਲਾ ਚੱਲ ਰਿਹਾ ਹੈ।



# ਪੰਜਾਬ ਸਬ ਜੂਨੀਅਰ ਹਾਕੀ ਟੀਮ (ਲੜਕੇ) ਵੱਲੋਂ ਜੇਤੂ ਸ਼ੁਰੂਆਤ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਸਬ ਜੂਨੀਅਰ ਹਾਕੀ ਟੀਮ (ਲੜਕੇ) ਨੇ ਕਰਨਾਟਕਾ ਨੂੰ 10-0 ਦੇ ਵੱਡੇ ਫਰਕ ਨਾਲ ਹਰਾ ਕੇ 15ਵੀਂ ਹਾਕੀ ਇੰਡੀਆ ਸਬ ਜੂਨੀਅਰ ਮੈਨ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਵਿੱਚ ਜੇਤੂ ਸ਼ੁਰੂਆਤ ਕੀਤੀ ਹੈ। ਹਾਕੀ ਇੰਡੀਆ ਵਲੋਂ ਚੇਨਈ ਦੇ ਮੇਅਰ ਰਾਧਾ ਕ੍ਰਿਸ਼ਨ ਹਾਕੀ ਸਟੇਡੀਅਮ ਵਿਖੇ ਕਰਵਾਈ ਜਾ ਰਹੀ ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਟੀਮ ਨੇ ਪਹਿਲਾ ਮੈਚ ਖੇਡਿਆ ਸੀ। ਪੰਜਾਬ ਦੇ ਵਰਿੰਦਰ ਸਿੰਘ ਨੂੰ ਮੈਚ ਦਾ ਸਰਵੋਤਮ ਖਿਡਾਰੀ ਐਲਾਨਿਆ ਗਿਆ। ਪੰਜਾਬ ਵਲੋਂ ਮਨਦੀਪ ਸਿੰਘ ਨੇ ਦੋ, ਵਿਜੇ ਕੁਮਾਰ ਪਾਲ, ਅਨੁਰਾਗ ਸਿੰਘ, ਯੁਵਰਾਜ ਸਿੰਘ, ਗੁਰਸਿਮਰਨ ਪ੍ਰੀਤ ਸਿੰਘ, ਜਸ਼ਨਪ੍ਰੀਤ ਸਿੰਘ, ਵਰਿੰਦਰ ਸਿੰਘ, ਅਕਾਸ਼ ਦੀਪ ਅਤੇ ਅਰਸ਼ਪ੍ਰੀਤ ਸਿੰਘ ਨੇ ਇੱਕ ਇੱਕ ਗੋਲ ਕੀਤਾ। ਪੰਜਾਬ ਟੀਮ ਦੀ ਇਸ ਜਿੱਤ ਤੇ ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਟੀਮ ਨੂੰ ਵਧਾਈ ਦਿੱਤੀ ਹੈ।




# ਰਾਜਪੁਰ ਭਾਈਆਂ ਵਿਖੇ ਸਾਉਣ ਦੇ ਨਵਰਾਤਿਆਂ ਮੌਕੇ ਸ਼ੋਭਾ ਯਾਤਰਾ ਸਜਾਈ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਰਾਜਪੁਰ ਭਾਈਆਂ ਵਿਖੇ ਮਾਂ ਅੰਬਿਕਾ ਮੰਦਰ ਜੀ ਦੇ ਅਸਥਾਨ 'ਤੇ ਸਾਉਣ ਦੇ ਨਵਰਾਤਿਆਂ ਮੌਕੇ ਮਾਤਾ ਚਿੰਤਪੁਰਨੀ ਜੀ ਦੇ ਸਾਲਾਨਾ ਜੋੜ ਮੇਲੇ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਗਈ। ਇਸ ਮੌਕੇ ਮੰਦਿਰ ਪ੍ਰਧਾਨ ਰਾਜ ਕੁਮਾਰ ਟੋਨੀ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਮਾਤਾ ਚਿੰਤਪੁਰਨੀ ਜੀ ਦੀ ਪੂਜਾ ਅਰਚਨਾ ਕੀਤੀ ਗਈ। ਉਪਰੰਤ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਲਾਨਾ ਮਹਾਮਾਈ ਜੀ ਦਾ ਝੰਡਾ ਚੜ੍ਹਾਇਆ ਗਿਆ ਉਪਰੰਤ ਸ਼ੋਭਾ ਯਾਤਰਾ ਸਜਾਈ ਗਈ, ਜੋ ਮੰਦਰ ਤੋਂ ਆਰੰਭ ਹੋ ਕੇ ਵੱਖ ਵੱਖ ਪੜਾਵਾਂ ਤੋਂ ਹੁੰਦੀ ਹੋਈ ਸ਼ਾਮ ਨੂੰ ਸਮਾਪਤ ਹੋਈ।ਵੱਖ ਵੱਖ ਮੁਹੱਲਿਆਂ ਵਿਚ ਸੰਗਤਾਂ ਲਈ ਵੱਖ ਵੱਖ ਪ੍ਰਕਾਰ ਦੇ ਲੰਗਰ ਲਗਾਏ ਗਏ । ਪੰਜਾਬ ਦੇ ਪ੍ਰਸਿੱਧ ਕਲਾਕਾਰਾਂ ਨੇ ਮਹਾਮਾਈ ਦੇ ਗੁਣ ਗਾਇਨ ਕੀਤੇ। ਇਸ ਮੌਕੇ ਮੰਦਿਰ ਪ੍ਰਧਾਨ ਰਾਜ ਕੁਮਾਰ ਟੋਨੀ, ਮੰਜੂ ਬਾਲਾ, ਰਾਜੇਸ਼ ਕੁਮਾਰ, ਮਮਤਾ ਰਾਣੀ, ਵਿਸ਼ਾਲ ਗੁਪਤਾ, ਵਿਕਾਸ਼ ਗੁਪਤਾ, ਸਾਹਿਲ ਗੁਪਤਾ, ਮੀਨੂੰ ਗੁਪਤਾ, ਦੀਪਕ ਗੁਪਤਾ, ਵੰਸ਼ ਗੁਪਤਾ, ਤਨੀਸ਼ਾ ਗੁਪਤਾ, ਪੰਡਿਤ ਰਾਮ ਅਵਤਾਰ ਸਿੰਘ ਬਾਬਾ ਕੇਵਲ ਰਾਮ, ਜਸਵਿੰਦਰ ਸਿੰਘ ਤੋਤੂ ,ਸੁਰਿੰਦਰ ਸਿੰਘ, ਗੋਰਵ ਕੁਮਾਰ, ਲਵ ਕੁਮਾਰ, ਜਤਿਨ ਗੁਪਤਾ, ਅਜੈ ਗੁਪਤਾ, ਸੋਹਣ ਸਿੰਘ, ਸਰਬਜੀਤ ਸਿੰਘ, ਰਜਿੰਦਰ ਕੁਮਾਰ ਹੈਪੀ, ਸ਼ਿਵ ਚਰਨ ਬਿੱਲਾ ਹਲਵਾਈ, ਸਤਪਾਲ ਸਿੰਘ, ਸੁਰਿੰਦਰ ਪਾਲ ਸਿੰਘ ਗੋਰਖੀ, ਕੁਲਵਿੰਦਰ ਸਿੰਘ, ਸੋਢੀ ਸਿੰਘ ਪੰਚ, ਮਨੀ ਮੁੱਖਲਿਆਣਾ, ਬਲਵਿੰਦਰ ਸਿੰਘ ਬਿੰਦਰ, ਕੁਲਜੀਤ ਸਿੰਘ, ਸੋਨੂੰ ਸੰਘ, ਪ੍ਰਦੀਪ ਸੈਣੀ, ਹਰਜੋਤ ਸਿੰਘ, ਸੰਨੀ ਜੋਸ਼ੀ, ਤਰਲੋਚਨ ਸਿੰਘ ਸੰਘਾ ਕਨੇਡਾ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।



# ਡੇਂਗੂ ਦੇ ਲਾਰਵੇ ਲਈ ਨਿੱਜੀ ਸਕੂਲਾਂ 'ਚ ਜਾ ਕੇ ਕੀਤੀ ਚੈਕਿੰਗ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵਲੋਂ ਚਲਾਈ ਗਈ ਮੁਹਿੰਮ ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ ਤਹਿਤ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਅਤੇ ਨਿੱਜੀ ਸਕੂਲਾਂ ਵਿਚ ਜਾ ਕੇ ਚੈਕਿੰਗ ਕੀਤੀ ਅਤੇ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭ ਕੇ ਨਸ਼ਟ ਕੀਤਾ। ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਸ਼ਹਿਰ ਦੇ ਫ਼ੇਜ਼ 3ਬੀ1 ਵਿਚ ਪੈਂਦੇ ਸਕੂਲ ਆਫ਼ ਐਮੀਨੈਂਸ ਵਿਚ ਜਾ ਕੇ ਮੁਹਿੰਮ ਦਾ ਨਿਰੀਖਣ ਕੀਤਾ ਅਤੇ ਜ਼ਰੂਰੀ ਦਿਸ਼ਾ-ਨਿਰਦੇਸ਼ ਦਿਤੇ। ਡਾ. ਜੈਨ ਨੇ ਦੱਸਿਆ ਕਿ ਡੇਂਗੂ ਬੁਖ਼ਾਰ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਕੁੱਝ ਦਿਨਾਂ ਵਿਚ ਖ਼ਤਰਨਾਕ ਮੱਛਰ ਦਾ ਰੂਪ ਲੈ ਲੈਂਦਾ ਹੈ, ਜਿਹੜਾ ਵਿਅਕਤੀ ਦੀ ਜਾਨ ਵੀ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਡੇਂਗੂ ਬੁਖ਼ਾਰ ਹੋਣ ਦਾ ਕੋਈ ਪੱਕਾ ਮੌਸਮ ਨਹੀਂ ਪਰ ਆਮ ਤੌਰ 'ਤੇ ਇਹ ਬੁਖ਼ਾਰ ਜੁਲਾਈ ਤੋਂ ਲੈ ਕੇ ਨਵੰਬਰ ਅਖ਼ੀਰ ਤਕ ਜ਼ਿਆਦਾ ਹੁੰਦਾ ਹੈ। ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦੀ ਜਾਂਚ ਅਤੇ ਇਲਾਜ ਮੁਫ਼ਤ ਹੁੰਦਾ ਹੈ। ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸਮੇਤ ਸਿਹਤ ਅਧਿਕਾਰੀ ਤੇ ਸਿਹਤ ਵਰਕਰ ਮੌਜੂਦ ਸਨ।



# ਕਾਮਰੇਡ ਬਖਤਾਵਰ ਸਿੰਘ ਬਣੀ ਅਕਾਲ ਚਲਾਣਾ ਕਰ ਗਏ

**ਭਲਾਣ (ਹਰਭਜਨ ਢਿੱਲੋਂ)**- ਕਾਮਰੇਡ ਬਖਤਾਵਰ ਸਿੰਘ ਬਣੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਕਰੀਬ 80 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਉਹਨਾ ਲੰਮਾ ਸਮਾਂ ਪੀ ਐਸ ਪੀ ਸੀ ਐਲ ਵਿੱਚ ਸਰਵਿਸ ਕੀਤੀ ਅਤੇ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਦੇ ਫਾਉਂਡਰ ਸਰਗਰਮ ਲੀਡਰ ਰਹੇ ਅਤੇ ਇਲਾਕੇ ਦੇ ਸਮਾਜਿਕ ਕੰਮਾਂ ਵਿੱਚ ਸਮੇਤ ਕਿਸਾਨਾਂ ਦੇ ਸੰਘਰਸ਼ ਵਿੱਚ ਸਰਗਰਮ ਰਹੇ। ਉਹ ਆਪਣੇ ਪਿੱਛੇ ਦੋ ਬੇਟੇ ਮਹਿੰਦਰ ਸਿੰਘ ਅਤੇ ਬੀਰ ਸਿੰਘ, ਧਰਮ ਪਤਨੀ ਬਿਮਲਾ ਦੇਵੀ ਸਮੇਤ ਪੋਤਰੇ, ਪੋਤਰੀ, ਪੜਪੋਤਰੇ ਆਦਿ ਭਰਿਆ ਹੱਸਦਾ ਵੱਸਦਾ ਪਰਿਵਾਰ ਛੱਡ ਗਏ ਹਨ। ਉਹਨਾਂ ਦੀ ਮ੍ਰਿਤਕ ਦੇਹ ਤੇ ਉਹਨਾਂ ਦੇ ਕਾਮਰੇਡ ਸਾਥੀਆਂ ਦਵਿੰਦਰ ਕੁਮਾਰ ਨੰਗਲੀ, ਗੁਲਜ਼ਾਰ ਸਿੰਘ, ਗੁਰਨਾਮ ਸਿੰਘ ਔਲਖ, ਰਾਮਪਾਲ ਤਾਰਾਪੁਰ, ਸੁਸ਼ੀਲ ਕੁਮਾਰ ਆਦਿ ਨੇ ਪਾਰਟੀ ਦਾ ਲਾਲ ਝੰਡਾ ਪਾਉਣ ਦੀ ਰਸਮ ਅਦਾ ਕੀਤੀ ਅਤੇ ਉਹਨਾਂ ਦਾ ਸੰਸਕਾਰ ਚਰਨ ਗੰਗਾ ਖੱਡ ਨਾਲ ਸ਼ਮਸ਼ਾਨ ਘਾਟ ਆਨੰਦਪੁਰ ਸਾਹਿਬ ਵਿਖੇ ਕਰ ਦਿੱਤਾ ਗਿਆ। ਇਸ ਮੌਕੇ ਫੈਡਰੇਸ਼ਨ ਏਟਕ ਦੇ ਲੀਡਰ ਚਰਨ ਦਾਸ, ਮਦਨ ਗੋਪਾਲ, ਤਿਲਕ ਰਾਜ, ਅਵਤਾਰ ਸਿੰਘ, ਲਾਲ ਚੰਦ, ਗੁਰਜੀਤ ਸਿੰਘ, ਰਾਮ ਨਾਥ, ਨਿਰਮਲ ਸਿੰਘ, ਧਰਮ ਸਿੰਘ, ਗਿਆਨ ਚੰਦ, ਭੁਪਿੰਦਰ ਸਿੰਘ ਆਦਿ ਤੋਂ ਇਲਾਵਾ ਪਾਲ ਸਿੰਘ ਬਣੀ, ਸ਼ਮਸ਼ੇਰ ਸਿੰਘ, ਦਰਸ਼ਨ ਸਿੰਘ ਬੜਵਾ, ਦੇਵ ਸਿੰਘ ਬਣੀ, ਹਰਜੀਤ ਸਿੰਘ, ਮੇਜਰ ਗੁਰਪਾਲ ਸਿੰਘ, ਰਣਜੀਤ ਸਿੰਘ, ਸੁਰਜੀਤ ਸਿੰਘ, ਬਲਬੀਰ ਸਿੰਘ, ਸ਼ੇਰ ਸਿੰਘ ਸਰਪੰਚ, ਜਸਵੰਤ ਸਿੰਘ, ਤਾਰਾ ਸਿੰਘ ਮਾਂਗੇਵਾਲ, ਹਰਮੇਸ਼ ਸਿੰਘ, ਰਵਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।



# 5 ਨਸ਼ਾ ਤਸਕਰ ਕਾਬੂ, 995 ਨਸ਼ੀਲੀਆਂ ਗੋਲੀਆਂ, ਸਵਿਫਟ ਕਾਰ ਤੇ ਮੋਟਰ ਸਾਈਕਲ ਬਰਾਮਦ

**ਫਿਲੌਰ (ਨਿਰਮਲ)**- ਡੀ.ਐਸ.ਪੀ. ਫਿਲੌਰ ਸਰਵਣ ਸਿੰਘ ਬੱਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਫਿਲੌਰ ਪੁਲਿਸ ਨੇ 5 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 995 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਐੱਸ.ਐੱਚ.ਓ. ਫਿਲੌਰ ਭੂਸ਼ਣ ਕੁਮਾਰ, ਏ.ਐੱਸ.ਆਈ. ਸੁਖਦੇਵ ਸਿੰਘ ਇੰਚਾਰਜ ਚੌਂਕੀ ਅੱਪਰਾ ਅਤੇ ਉਨ੍ਹਾਂ ਦੀ ਟੀਮ ਨੇ 5 ਨਸ਼ਾ ਤਸਕਰ ਕਾਬੂ ਕੀਤੇ ਹਨ। ਡੀ.ਐੱਸ.ਪੀ. ਬੱਲ ਨੇ ਦੱਸਿਆ ਕਿ ਪੁਲਸ ਨੇ ਅਵਤਾਰ ਸਿੰਘ ਪੁੱਤਰ ਕ੍ਰਿਸ਼ਨ ਸਿੰਘ ਅਤੇ ਸੁਖਵਿੰਦਰ ਉਰਫ ਭੀਖੂ ਪੁੱਤਰ ਜਸਮੇਲ ਲਾਲ ਵਾਸੀਆਨ ਪਿੰਡ ਖਾਨਪੁਰ ਕੋਲੋਂ 167 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ 30 ਜੁਲਾਈ ਨੂੰ ਮੁਕੱਦਮਾ ਨੰਬਰ 242 ਤਹਿਤ ਜੁਰਮ 22/29-61-85 ਐੱਨ.ਡੀ.ਪੀ.ਐੱਸ. ਐਕਟ ਅਧੀਨ ਥਾਣਾ ਫਿਲੌਰ ਵਿਖੇ ਕੇਸ ਦਰਜ ਕੀਤਾ ਹੈ। ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਦੋਵਾਂ ਨੇ ਹਰਪ੍ਰੀਤ ਸਿੰਘ ਪੁੱਤਰ ਬਲਕਾਰ ਸਿੰਘ ਅਤੇ ਸੁਖਵਿੰਦਰ ਸਿੰਘ ਪੁੱਤਰ ਬਲਕਾਰ ਸਿੰਘ ਵਾਸੀਆਨ ਅਚਾਨਚੱਕ ਨੂੰ ਨਸ਼ੀਲੀਆਂ ਗੋਲੀਆਂ ਵੇਚੀਆਂ ਸਨ, ਜਿਸ ਕਰਕੇ ਹਰਪ੍ਰੀਤ ਸਿੰਘ ਅਤੇ ਸੁਖਵਿੰਦਰ ਸਿੰਘ ਨੂੰ ਕੇਸ 'ਚ



ਨਾਮਜ਼ਦ ਕਰਕੇ ਹਰਪ੍ਰੀਤ ਸਿੰਘ ਕੋਲੋਂ ਕੁੱਲ 128 ਨਸ਼ੀਲੀਆਂ ਗੋਲੀਆਂ ਅਤੇ ਸੁਖਵਿੰਦਰ ਸਿੰਘ ਕੋਲੋਂ 500 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ। ਸੁਖਵਿੰਦਰ ਸਿੰਘ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਇਹ ਨਸ਼ੀਲੀਆਂ ਗੋਲੀਆਂ ਅੱਗੇ ਮਨਪ੍ਰੀਤ ਸਿੰਘ ਉਰਫ ਲਾਡੀ ਨੂੰ ਸਪਲਾਈ ਕਰਦਾ ਹੈ। ਇਸ ਲਈ ਮੁਕੱਦਮੇ 'ਚ ਮਨਪ੍ਰੀਤ ਸਿੰਘ ਉਰਫ ਲਾਡੀ ਨੂੰ ਨਾਮਜ਼ਦ ਕੀਤਾ ਗਿਆ ਹੈ ਅਤੇ ਲਾਡੀ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 200 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਨਸ਼ੇ ਦਾ ਧੰਦਾ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕੀਤਾ। ਉਕਤ ਦੋਸ਼ੀਆਂ ਕੋਲੋਂ ਕੁੱਲ 995 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ। ਹਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਅਤੇ ਮਨਪ੍ਰੀਤ ਸਿੰਘ ਤਿੰਨੋਂ ਜਾਣੇ ਇਹ ਨਸ਼ਾ ਸੰਗਰਾਮ ਸਿੰਘ ਵਾਸੀ ਪਿੰਡ ਵੇਹਰਾ ਥਾਣਾ ਮਹਿਤਪੁਰ ਕੋਲੋਂ ਲੈ ਕੇ ਆਉਂਦੇ ਸਨ ਅਤੇ ਇਹ ਨਸ਼ਾ ਅੱਪਰਾ ਅਤੇ ਲਸਾੜਾ ਦੇ ਇਲਾਕੇ 'ਚ ਵੇਚਦੇ ਸਨ। ਸੰਗਰਾਮ ਸਿੰਘ ਨੂੰ ਵੀ ਮੁਕੱਦਮੇ 'ਚ ਨਾਮਜ਼ਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਨੇ ਨਸ਼ਾ ਵੇਚ ਕੇ ਜੋ ਚੱਲ/ਅਚੱਲ ਪ੍ਰਾਪਰਟੀ ਬਣਾਈ ਹੈ, ਉਸ ਸੰਬੰਧੀ ਪੜਤਾਲ ਕਰਕੇ ਵੱਖਰੀ ਕਾਰਵਾਈ ਕੀਤੀ ਜਾਵੇਗੀ। ਦੋਸ਼ੀਆਂ ਕੋਲੋਂ ਇਕ ਚਿੱਟੇ ਰੰਗ ਦੀ ਸਵਿਫਟ ਕਾਰ ਅਤੇ ਇਕ ਮੋਟਰ ਸਾਈਕਲ ਬਰਾਮਦ ਕੀਤਾ ਹੈ। ਪੁਲਿਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਸਿੱਖ ਬੱਚਿਆਂ ਦੀ ਕਿਰਪਾਨ ਉਤਾਰਨ ਵਾਲੇ ਦੋਸ਼ੀਆਂ ਨੂੰ ਦਿੱਤੀ ਜਾਵੇ ਮਿਸਾਲੀ ਸਜ਼ਾ : ਆਗੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਿਵਲ ਜੱਜ ਪ੍ਰੀਖਿਆ ਵਿੱਚ ਸਿੱਖ ਉਮੀਦਵਾਰਾਂ ਨੂੰ ਸਿੱਖ ਧਾਰਮਿਕ ਚਿੰਨ੍ਹਾਂ ਸਮੇਤ ਨਾ ਬੈਠਣ ਦੇਣ ਦੇ ਵਿਰੋਧ ਵਿੱਚ ਸਿੱਖ ਜਥੇਬੰਦੀਆਂ ਸਿੱਖ ਧਰਮ ਪ੍ਰਚਾਰ ਕਮੇਟੀ ਰਾਜਸਥਾਨ ਦੇ ਪ੍ਰਧਾਨ ਤੇਜਿੰਦਰਪਾਲ ਸਿੰਘ ਟਿੰਮਾ ਦੀ ਅਗਵਾਈ 'ਚ ਜੈਪੁਰ ਵਿੱਚ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ। ਸਿੱਖਾਂ ਦਾ ਗੁੱਸਾ ਇਸ ਗੱਲ 'ਤੇ ਜ਼ਿਆਦਾ ਸੀ ਕਿ ਦੇਸ਼ ਵਿੱਚ ਸਿੱਖਾਂ ਨੂੰ ਦੂਜੇ ਦਰਜੇ ਦਾ ਨਾਗਰਿਕ ਮੰਨਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਇਸੇ ਕਰਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਲਗਾਤਾਰ ਠੇਸ ਪਹੁੰਚਾਈ ਜਾ ਰਹੀ ਹੈ। ਸਿੱਖ ਸੰਗਤ ਗੁਰਦੁਆਰਾ ਰਾਜਾ ਪਾਰਕ ਵਿੱਚ ਇਕੱਠੀ ਹੋਈ ਅਤੇ ਸਮੂਹਿਕ ਤੌਰ 'ਤੇ ਫੈਸਲਾ ਕੀਤਾ ਗਿਆ ਕਿ ਜੇਕਰ ਸਰਕਾਰ ਸਿੱਖਾਂ ਦੀ ਗੱਲ ਨਹੀਂ ਸੁਣਦੀ ਤਾਂ ਸਿੱਖ ਸੰਗਤ ਰਾਤ 9:00 ਵਜੇ ਰਾਜਸਥਾਨ ਦੇ ਮੁੱਖ ਮੰਤਰੀ ਭਵਨ ਪਹੁੰਚੇਗੀ। ਇਸ ਲਈ ਸਿੱਖ ਸੰਗਤਾਂ ਨੇ ਲੰਗਰ ਅਤੇ ਪਾਣੀ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਦਿੱਤਾ, ਜਿਸ ਨੂੰ ਦੇਖਦੇ ਹੋਏ ਸਰਕਾਰੀ ਅਧਿਕਾਰੀ ਤੁਰੰਤ ਹਰਕਤ ਵਿੱਚ ਆਏ ਅਤੇ ਸਰਕਾਰ ਨੇ ਵਫ਼ਦ ਨੂੰ ਰਾਤ 8 ਵਜੇ ਸਕੱਤਰੇਤ ਬੁਲਾਇਆ। ਵਫ਼ਦ ਦੀ ਅਗਵਾਈ ਕਰਦਿਆਂ ਸਿੱਖ ਧਰਮ ਪ੍ਰਚਾਰ ਕਮੇਟੀ ਰਾਜਸਥਾਨ ਦੇ ਪ੍ਰਧਾਨ ਤੇਜਿੰਦਰਪਾਲ ਸਿੰਘ ਟਿੰਮਾ ਦੀ ਅਗਵਾਈ ਵਾਲੀ 13 ਮੈਂਬਰੀ ਕਮੇਟੀ ਸਕੱਤਰੇਤ ਪਹੁੰਚੀ। ਉੱਥੇ ਗ੍ਰਹਿ ਰਾਜ ਮੰਤਰੀ ਜਵਾਹਰ ਸਿੰਘ ਮੇਧਾਮ ਨਾਲ ਗੱਲਬਾਤ ਕੀਤੀ ਗਈ। ਇੱਕ ਘੰਟੇ ਦੀ ਗੱਲਬਾਤ ਵਿੱਚ ਵਫ਼ਦ ਨੇ ਸਿੱਖਾਂ 'ਤੇ ਹੋ ਰਹੇ ਅੱਤਿਆਚਾਰਾਂ ਵਿਰੁੱਧ ਆਪਣਾ ਗੁੱਸਾ ਪ੍ਰਗਟ ਕਰਦਿਆਂ ਕਿਹਾ ਕਿ ਭਾਜਪਾ ਸਰਕਾਰ ਅਧੀਨ ਸਿੱਖਾਂ ਦੀਆਂ ਭਾਵਨਾਵਾਂ ਨੂੰ ਲਗਾਤਾਰ ਠੇਸ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਨਾਲ ਦੂਜੇ ਦਰਜੇ ਦੇ ਨਾਗਰਿਕਾਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਵਿਦੇਸ਼ੀ ਕੈਦੀਆਂ ਲਈ ਵੀ ਕਾਨੂੰਨ ਦੀ ਪਾਲਣਾ ਕੀਤੀ ਜਾਂਦੀ ਹੈ, ਪਰ ਸਰਕਾਰ 32-32 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਬਾਰੇ ਕੋਈ ਫੈਸਲਾ ਨਹੀਂ ਲੈ ਰਹੀ





ਅਤੇ ਸਰਕਾਰ ਜਾਣਬੁੱਝ ਕੇ ਇਸ ਮਾਮਲੇ ਵਿੱਚ ਦੇਰੀ ਕਰ ਰਹੀ ਹੈ। ਬਾਲ ਦਿਵਸ ਬਾਰੇ ਬੋਲਦਿਆਂ ਤੇਜਿੰਦਰਪਾਲ ਸਿੰਘ ਟਿੰਮਾ ਨੇ ਕਿਹਾ ਕਿ ਬਾਲ ਦਿਵਸ ਸ਼ਬਦ ਸਿੱਖਾਂ ਦੇ ਧਾਰਮਿਕ ਵਿਸ਼ਵਾਸਾਂ ਅਤੇ ਪਰੰਪਰਾਵਾਂ ਦੇ ਅਨੁਸਾਰ ਨਹੀਂ ਹੈ। ਇਹੀ ਗੱਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵਿੱਚ ਪਹਿਲਾਂ ਹੀ ਸਰਕਾਰ ਨੂੰ ਦੱਸੀ ਜਾ ਚੁੱਕੀ ਹੈ ਕਿ ਬਾਲ ਦਿਵਸ ਸ਼ਬਦ ਦੀ ਵਰਤੋਂ ਕਰਨ ਦੀ ਬਜਾਏ ਸਾਹਿਬਜ਼ਾਦਾ ਸ਼ਹੀਦੀ ਦਿਵਸ ਮਨਾਇਆ ਜਾਵੇ।ਟਿੰਮਾ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਧਾਰਮਿਕ ਫੈਸਲੇ ਲੈਣ ਦਾ ਅਧਿਕਾਰ ਸਿਰਫ਼ ਸਿੱਖ ਭਾਈਚਾਰੇ ਨੂੰ ਹੈ। ਭਾਜਪਾ ਸਰਕਾਰ ਸਿੱਖਾਂ ਦੀਆਂ ਧਾਰਮਿਕ ਗਤੀਵਿਧੀਆਂ ਵਿੱਚ ਲਗਾਤਾਰ ਦਖਲਅੰਦਾਜ਼ੀ ਕਰ ਰਹੀ ਹੈ, ਜਿਸ ਕਾਰਨ ਸਿੱਖ ਭਾਈਚਾਰੇ ਵਿੱਚ ਗੁੱਸਾ ਹੈ।ਵਫ਼ਦ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਕਈ ਵਾਰ ਰਾਜਸਥਾਨ ਵਿੱਚ ਲੋਕ ਸਭਾ ਚੋਣਾਂ ਵਿੱਚ ਤੁਗਲਕ ਫ਼ਰਮਾਨ ਜਾਰੀ ਕੀਤੇ ਜਾਂਦੇ ਹਨ ਕਿ ਸਿੱਖ ਕਿਰਪਾਨ ਪਾ ਕੇ ਵੋਟ ਨਹੀਂ ਪਾ ਸਕਦੇ, ਕਈ ਵਾਰ ਭਾਜਪਾ ਦੇ ਮੰਚ 'ਤੇ ਗੁਰਦੁਆਰਿਆਂ ਨੂੰ ਸ਼ੇਰ ਕਿਹਾ ਜਾਂਦਾ ਹੈ ਅਤੇ ਉਨ੍ਹਾਂ ਦੀ ਤਬਾਹੀ ਬਾਰੇ ਗੱਲਾਂ ਕੀਤੀਆਂ ਜਾਂਦੀਆਂ ਹਨ, ਕਈ ਵਾਰ ਸਿੱਖ ਬੱਚਿਆਂ ਨੂੰ ਉਨ੍ਹਾਂ ਦਾ ਕਕਾਰ ਉਤਾਰਨ ਦੇ ਬਹਾਨੇ ਪ੍ਰੀਖਿਆ ਵਿੱਚ ਰੋਕਿਆ ਜਾਂਦਾ ਹੈ ਵਫ਼ਦ ਨੇ ਕਿਹਾ ਕਿ ਜਦੋਂ ਡੂੰਗਰਗੜ੍ਹ ਵਿੱਚ ਪ੍ਰੀਖਿਆ ਦੌਰਾਨ ਹਿੰਦੂ ਬੱਚਿਆਂ ਦਾ ਪਵਿੱਤਰ ਜਨੇਊ ਉਤਾਰਿਆ ਗਿਆ ਸੀ, ਤਾਂ ਸਰਕਾਰ ਤੁਰੰਤ ਦੋਸ਼ੀਆਂ ਵਿਰੁੱਧ ਕਾਰਵਾਈ ਕਰ ਸਕਦੀ ਹੈ, ਫਿਰ ਕਿਰਪਾਨ ਉਤਾਰਨ ਵਾਲਿਆਂ ਵਿਰੁੱਧ ਕਾਰਵਾਈ ਕਿਉਂ ਨਹੀਂ ਕੀਤੀ ਜਾ ਸਕਦੀ। ਲੜਕੀ ਦੀ ਦੁਬਾਰਾ ਪ੍ਰੀਖਿਆ ਬਾਰੇ ਗ੍ਰਹਿ ਰਾਜ ਮੰਤਰੀ ਨੇ ਕਿਹਾ ਕਿ ਸਿਰਫ਼ ਹਾਈ ਕੋਰਟ ਹੀ ਅਜਿਹਾ ਕਰਨ ਦੇ ਸਮਰੱਥ ਹੈ ਅਤੇ ਸਰਕਾਰ ਇਸ ਮਾਮਲੇ 'ਤੇ ਆਪਣੇ ਤੌਰ 'ਤੇ ਗੱਲਬਾਤ ਕਰੇਗੀ। ਸਿੱਖ ਸੰਗਠਨਾਂ ਨੇ ਵੀ ਹਾਈ ਕੋਰਟ ਨੂੰ ਅਪੀਲ ਕੀਤੀ ਕਿ ਪ੍ਰੀਖਿਆ ਦੇ ਨਤੀਜੇ ਰੋਕੇ ਜਾਣ ਅਤੇ ਇਨ੍ਹਾਂ ਬੱਚਿਆਂ ਦੇ ਮੁੱਦੇ 'ਤੇ ਫੈਸਲਾ ਆਉਣ ਤੱਕ ਨਤੀਜੇ ਐਲਾਨ ਨਾ ਕੀਤੇ ਜਾਣ। ਵਫ਼ਦ ਵਿੱਚ ਤੇਜਿੰਦਰ ਪਾਲ ਸਿੰਘ ਟਿੰਮਾ, ਬੀਬੀ ਹਰਮੀਤ ਕੌਰ ਗੋਲੂਵਾਲਾ, ਸ਼ਿਵਚਰਨ ਸਿੰਘ ਬੁਗਲੀਆਂਵਾਲੀ, ਬਾਬਾ ਗਗਨਦੀਪ ਸਿੰਘ, ਸੰਦੀਪ ਸਿੰਘ ਕਿਸਾਨ ਸੰਘ, ਹਰਦੀਪ ਸਿੰਘ ਸੰਗਾਰੀਆ, ਜਰਨੈਲ ਸਿੰਘ ਸ਼੍ਰੋਮਣੀ ਕਮੇਟੀ, ਅੰਗਰੇਜ ਸਿੰਘ, ਅਮਰਜੀਤ ਸਿੰਘ ਸ਼ੈਰੀ, ਅਮਰਵੀਰ ਸਿੰਘ ਸ਼ਾਂਤੀ, ਮਨਮੋਹਨ ਸਿੰਘ, ਹਰਦੀਪ ਸਿੰਘ ਚਾਹਲ, ਮਨਿੰਦਰ ਸਿੰਘ ਸਾਕੇਤ, ਜਗਜੀਤ ਸਿੰਘ, ਸਿਮਰਨ ਸਿੰਘ, ਸੁਬੇਗ ਸਿੰਘ ਰਾਵਲਾ ਸ਼ਾਮਲ ਸਨ।

# ਸੰਤ ਧਿਆਨ ਦਾਸ ਦਾ ਬਰਸੀ ਸਮਾਗਮ ਸ਼ਰਧਾ ਪੂਰਵਕ ਮਨਾਇਆ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਬ੍ਰਹਮਲੀਨ, ਨਾਮ ਦੇ ਰਸੀਏ,ਆਦਿ ਧਰਮ ਲਹਿਰ ਦੇ ਮਹਾਨ ਪੈਰੋਕਾਰ ਸੰਤ ਧਿਆਨ ਦਾਸ ਜੀ ਅੱਪਰੇ ਵਾਲਿਆਂ ਦੇ 30ਵੇਂ ਬਰਸੀ



ਸਮਾਗਮ ਡੇਰਾ ਸੰਤ ਟਹਿਲ ਦਾਸ ਸਲੇਮਟਾਵਰੀ ਵਿਖੇ ਡੇਰੇ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਸਰਵਣ ਦਾਸ ਸੀਨੀਅਰ ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ , ਸੰਤ ਸਹਿਜਦੀਪ, ਸੇਵਾਦਾਰ ਸੰਤ ਹਰਜੀਤ ਸਿੰਘ, ਭਾਈ ਹਰਦੀਪ ਸਿੰਘ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਗਏ, ਜਿਸ ਵਿੱਚ ਰਾਗੀ, ਢਾਡੀ, ਕਵੀਸ਼ਰੀ ਜਥੇ, ਕਥਾ ਵਾਚਕ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ, ਵੱਖ-ਵੱਖ ਡੇਰਿਆਂ, ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਨਾਮਬਾਣੀ ਨਾਲ ਨਿਹਾਲ ਕੀਤਾ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਅਤੇ ਕੌਮ ਦੇ ਮਹਾਨ ਰਹਿਬਰਾਂ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਤੇ ਚਰਚਾ ਕੀਤੀ ਅਤੇ ਸੰਤ ਧਿਆਨ ਦਾਸ ਦੇ ਜੀਵਨ ਸੰਘਰਸ਼ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਸੰਤ ਇੰਦਰ ਦਾਸ ਸੇਖੇ ਜਨਰਲ ਸੈਕਟਰੀ, ਸੰਤ ਧਰਮਪਾਲ ਸ਼ੇਰਗੜ,ਸੰਤ ਰਾਮ ਸੇਵਕ ਹਰੀਪੁਰ ਖਾਲਸਾ,ਸੰਤ ਰਮੇਸ਼ ਦਾਸ ਕੱਲਰਾਂ ਸ਼ੇਰਪੁਰ ਢਕੋਂ, ਸੰਤ ਸੰਤੋਖ ਦਾਸ ਭਾਰਟਾ, ਸੰਤ ਮਨਜੀਤ ਦਾਸ ਵਿਛੋਹੀ,ਬਾਬਾ ਬਲਕਾਰ ਸਿੰਘ ਤੱਗੜ ਵਡਾਲਾ,ਸੰਤ ਕੁਲਦੀਪ ਦਾਸ ਬਸੀ ਮਰੂਫ,ਸੰਤ ਜਗਤਾਰ ਸਿੰਘ ਪ੍ਰਧਾਨ, ਸੰਤ ਚਰਨ ਦਾਸ ਮਾਂਗਟ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ,ਭਾਈ ਸਾਹਿਬ ਸਿੰਘ ਬਜਵਾੜਾ, ਗਿਆਨੀ ਪਰਮਜੀਤ ਸਿੰਘ, ਭਾਈ ਕੀਰਤਿ ਸਿੰਘ, ਭਾਈ ਪ੍ਰੇਮ ਸਿੰਘ ਖਾਲਸਾ ਨੇ ਕੀਰਤਨ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਡੇਰੇ ਦੇ ਗੱਦੀ ਨਸ਼ੀਨ ਸੰਤ ਸਰਵਣ ਦਾਸ,ਸੰਤ ਸਹਿਜਦੀਪ, ਸੇਵਾਦਾਰ ਸੰਤ ਹਰਜੀਤ ਸਿੰਘ, ਭਾਈ ਹਰਦੀਪ ਸਿੰਘ ਵਲੋਂ ਸੰਤਾਂ ਮਹਾਂਪੁਰਸ਼ਾਂ ,ਸਮਾਜਿਕ , ਰਾਜਨੀਤਕ ਸਖਸ਼ੀਅਤਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੇਵਾਦਾਰ ਲਾਲਾ ਸੁਰਿੰਦਰ ਅਟਵਾਲ ਕੌਂਸਲਰ,ਅਮਨ ਬੱਗਾ ਕੌਂਸਲਰ,ਸੁਰਿੰਦਰ ਬਾਲੀ ਕੌਂਸਲਰ, ਹੰਸ ਰਾਜ ਕੌਂਸਲਰ, ਨਰੇਸ਼ ਬਸਰਾ, ਬਲਵਿੰਦਰ ਬਿੱਟਾ ਆਦਿ ਵੀ ਹਾਜ਼ਰ ਸਨ।

# ਕਾਰ- ਮੋਟਰਸਾਈਕਲ ਦੀ ਟੱਕਰ 'ਚ ਨੌਜਵਾਨ ਜ਼ਖ਼ਮੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਥਾਣਾ ਮਾਡਲ ਟਾਊਨ ਅਧੀਨ ਪੈਂਦੇ ਪਿੰਡ ਪੂੰਗੇ ਵਿਖੇ ਬੀਤੀ ਰਾਤ ਸਵਿਫਟ ਕਾਰ ਨੰਬਰ ਪੀ ਬੀ 13 ਬੀ ਐਮ 2527 ਅਤੇ ਇੱਕ ਮੋਟਰਸਾਈਕਲ ਨੰਬਰ ਪੀ ਬੀ 08 ਸੀ ਏ 8765 ਵਿਚਾਲੇ ਜਬਰਦਸਤ ਟੱਕਰ ਹੋ ਗਈ। ਟੱਕਰ ਕਾਰਨ ਇਕ ਮੋਟਰਸਾਈਕਲ ਸਵਾਰ ਨੌਜਵਾਨ ਲਖਵੀਰ ਸਿੰਘ ਪੁੱਤਰ ਮਹਿੰਦਰ ਵਾਸੀ ਪਿੰਡ ਢੱਕੋਵਾਲ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਜਿਸ ਨੂੰ ਰਾਹਗੀਰਾਂ ਦੀ



ਮਦਦ ਨਾਲ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਭਰਤੀ ਕਰਵਾਇਆ ਗਿਆ। ਥਾਣਾ ਮਾਡਲ ਟਾਊਨ ਅਧੀਨ ਪੈਂਦੀ ਪੁਲਸ ਚੌਂਕੀ ਪੁਰਹੀਰਾਂ ਦੇ ਇੰਚਾਰਜ ਏ ਐਸ ਆਈ ਜਸਵਿੰਦਰ ਠਾਕੁਰ ਨੇ ਹਾਦਸੇ ਵਾਲੀ ਜਗ੍ਹਾ ਪਹੁੰਚ ਕੇ ਦੋਵੇਂ ਵਾਹਨਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਵਿਦਿਆਰਥੀਆਂ ਨੂੰ ਡੇਂਗੂ, ਚਿਕਨਗੁਨੀਆ ਤੋਂ ਬਚਾਅ ਬਾਰੇ ਜ਼ਰੂਰੀ ਹਦਾਇਤਾਂ ਦੱਸੀਆਂ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸਿਵਲ ਸਰਜਨ ਕਪੂਰਥਲਾ ਡਾ. ਹਰਪਾਲ ਸਿੰਘ ਅਪਿਡੇਮੋਲੋਜਿਸਟ, ਡਾਕਟਰ ਦਵਿੰਦਰਪਾਲ ਸਿੰਘ ਐੱਸ ਐੱਮ ਓ ਸੁਲਤਾਨਪੁਰ ਲੋਧੀ, ਡਾਕਟਰ ਨਦੀਕਾ ਖੁੱਲਰ ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਟਿੱਬਾ ਡਾਕਟਰ ਸਰਬਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੀਨੀਅਰ ਸੈਕੰਡਰੀ ਸਕੂਲ (ਮੁੰਡੇ) ਸੁਲਤਾਨਪੁਰ ਲੋਧੀ ਵਿਖੇ ਡੇਂਗੂ, ਚਿਕਨ ਗੁਣੀਆ ਬੁਖਾਰ ਤੋਂ ਬਚਾਅ ਬਾਰੇ ਜ਼ਰੂਰੀ ਹਦਾਇਤਾਂ ਦੱਸੀਆਂ ਗਈਆਂ। ਇਸ ਸਮੇਂ ਚੈਕਿੰਗ ਦੌਰਾਨ ਲਾਰਵਾ ਮਿਲਿਆ ਜਿੱਸ ਨੂੰ ਸਿਹਤ ਵਿਭਾਗ ਦੀ ਟੀਮ ਵੱਲੋਂ ਨਸ਼ਟ ਕੀਤਾ ਗਿਆ। ਸਿਹਤ ਵਿਭਾਗ ਦੀ ਟੀਮ ਵਲੋਂ ਬੱਚਿਆਂ ਨੂੰ ਹੱਥ ਧੋਣ ਦੇ ਤਰੀਕੇ ਅਤੇ ਖਾਣਾ ਹੱਥ ਧੋ ਕੇ ਖਾਣ ਬਾਰੇ ਦੱਸਿਆ ਗਿਆ। ਸਕੂਲ ਦੇ ਬੱਚਿਆਂ ਦੀ ਸਿਹਤ ਨੂੰ ਦੇਖਦੇ ਹੋਏ ਮੱਛਰ ਮਾਰ ਦਵਾਈ ਦੀ ਸਪਰੇਅ ਕਰਵਾਈ ਗਈ ਬੱਚਿਆਂ ਨੂੰ ਇਹ ਵੀ ਦੱਸਿਆ ਗਿਆ ਕਿ ਸਕੂਲ ਟਾਈਮ ਅਤੇ ਘਰ ਵਿੱਚ ਪੂਰੀ ਬਾਂਹ ਦੇ ਕੱਪੜੇ ਪਹਿਨੇ ਹੋਣ ਤਾਂ ਜੋ ਮੱਛਰ ਕੱਟ ਨਾ ਸਕੇ। ਇਸ ਸਮੇ ਮੈਡੀਕਲ ਟੀਮ 'ਚ ਹਾਜ਼ਰ ਐੱਸ ਆਈ ਪਰਜਿੰਦਰ ਸਿੰਘ ਅਤੇ ਮੇਲ ਵਰਕਰ ਧੰਨੇਸ਼ਵਰ ਸਹੋਤਾ ਲਵਦੀਪ ਸਿੰਘ ਤੇ ਬ੍ਰੀਡਰ ਚੈਕਰ ਕੁਲਦੀਪ ਸਿੰਘ, ਸ਼ਨੀ ਦਿਓਲ ਟੀਮ ਨੇ ਵਿਜ਼ਿਟ ਕੀਤਾ। ਪ੍ਰਿੰਸੀਪਲ ਤਰਸੇਮ ਸਿੰਘ ਨੇ ਆਈ ਹੋਈ ਟੀਮ ਦਾ ਧੰਨਵਾਦ ਕੀਤਾ।

# ਮੁਫ਼ਤ ਮੈਡੀਕਲ ਕੈਂਪ ਅੱਜ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸੰਧੂ ਹਸਪਤਾਲ ਨਵਾਂਸ਼ਹਿਰ-ਚੰਡੀਗੜ੍ਹ ਰੋਡ, ਨੇੜੇ ਬਰਨਾਲਾ ਗੇਟ, ਵੱਲੋਂ ਇੱਕ ਵਿਸ਼ਾਲ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਡਾਕਟਰ ਜੇ ਐਸ ਸੰਧੂ ਅਤੇ ਡਾ: ਗੁਰਜੀਤ ਕੌਰ ਸੰਧੂ ਨੇ ਦੱਸਿਆ ਹੱਡੀਆਂ ਤੇ ਜੋੜਾਂ ਦਾ 2 ਅਗਸਤ ਨੂੰ ਪਿੰਡ ਪੂੰਨੂੰ ਮਜਾਰਾ



ਗੁਰਦਾਸ ਗੁਰਦੁਆਰਾ ਵਿਖੇ ਮੁਫ਼ਤ ਮੈਡੀਕਲ ਚੈਕੱਪ ਕੈਂਪ ਸਵੇਰੇ 10 ਵਜੇ ਤੋਂ 1 ਵਜੇ ਤੱਕ ਲਗਾਇਆ ਜਾ ਰਿਹਾ ਹੈ। ਡਾਕਟਰ: ਡਾ. ਕਨਵ ਟੰਡਨ ਹੱਡੀਆਂ ਤੇ ਜੋੜਾਂ ਦੇ ਮਾਹਿਰ ਡਾਕਟਰ ਵਲੋਂ ਮਰੀਜ਼ਾਂ ਦੀ ਜਾਂਚ ਕੀਤੀ ਜਾਵੇਗੀ। ਸ਼ੂਗਰ ਟੈਸਟ, ਤੇ ਐਕਸਰੇ ਫਰੀ ਕੀਤੇ ਜਾਣਗੇ ਮਰੀਜ਼ਾਂ ਦੀ ਜਾਂਚ ਕਰਕੇ ਦਵਾਈਆਂ ਦਿੱਤੀਆਂ ਜਾਣਗੀਆਂ।

# ਹਮਲਾਵਰਾਂ ਵਿਰੁੱਧ ਕੇਸ ਦਰਜ ਨਾ ਕੀਤਾ ਤਾਂ ਹੋਵੇਗਾ ਸੰਘਰਸ਼: ਘੁੱਗਸ਼ੋਰ, ਪੱਬਵਾਂ

**ਜਲੰਧਰ (ਨਵਾਂ ਜ਼ਮਾਨਾ ਸਰਵਿਸ)**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਵਫ਼ਦ ਨੇ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਦੇ ਹਲਕਾ ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ ਵਲੋਂ ਬਦਲਾਲਊ ਭਾਵਨਾ ਤਹਿਤ ਯੂਨੀਅਨ ਦੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਦੇ ਪੁੱਤਰ, ਹੋਰ ਪਰਵਾਰ ਮੈਂਬਰਾਂ ਅਤੇ ਇੱਕ ਹੋਰ ਹਮਾਇਤੀ ਖਿਲਾਫ਼ ਥਾਣਾ ਕਰਤਾਰਪੁਰ ਵਿਖੇ ਦਰਜ ਕਰਵਾਏ ਕੇਸ ਸੰਬੰਧੀ ਐੱਸ ਐੱਸ ਪੀ ਜਲੰਧਰ ਦਿਹਾਤੀ ਨਾਲ ਮੁਲਾਕਾਤ ਕੀਤੀ। ਜਿਹਨਾਂ ਵਫ਼ਦ ਦੀ ਗੱਲ ਸੁਣਕੇ ਐੱਸ ਪੀ ਜਾਂਚ ਸਰਬਜੀਤ ਸਿੰਘ



ਰਾਏ ਨੂੰ ਮਾਮਲੇ ਦੀ ਜਾਂਚ ਸੌਂਪੀ ਅਤੇ ਜ਼ਿਲ੍ਹਾ ਦਿਹਾਤੀ ਪੁਲਸ ਦੇ ਵੱਖ ਵੱਖ ਥਾਣਿਆਂ ਨਾਲ ਸਬੰਧਤ ਪੈਂਡਿੰਗ ਮਸਲਿਆਂ ਦਾ ਜਲਦੀ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਯੂਨੀਅਨ ਆਗੂਆਂ ਨੇ ਪੁਲਸ ਪ੍ਰਸ਼ਾਸਨ ਦੇ ਪੱਖਪਾਤੀ ਰਵੱਈਏ ਦੀ ਨਿੰਦਾ ਕਰਦਿਆਂ ਚੇਤਾਵਨੀ ਦਿੱਤੀ ਕਿ ਜੇਕਰ ਦਰਜ ਝੂਠਾ ਕੇਸ ਰੱਦ ਕਰਕੇ ਬੀਤੇ ਦਿਨੀਂ ਯੂਨੀਅਨ ਆਗੂ ਦੇ ਭਰਾ ਨੂੰ ਰਸਤੇ ਵਿੱਚ ਘੇਰ ਕੇ ਉਸ ਉੱਪਰ ਹਮਲਾ ਕਰਨ ਵਾਲਿਆਂ ਵਿਰੁੱਧ ਕੇਸ ਦਰਜ ਕਰਕੇ ਕਾਰਵਾਈ ਨਾ ਕੀਤੀ ਗਈ ਤਾਂ ਸੰਘਰਸ਼ ਕਰਨ ਲਈ ਮਜ਼ਬੂਰ ਹੋਵਾਂਗੇ।ਇਸ ਮੌਕੇ ਵਫ਼ਦ ਵਿੱਚ ਸੰਯੁਕਤ ਕਿਸਾਨ ਮੋਰਚਾ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਸੰਤੋਖ ਸਿੰਘ ਸੰਧੂ ਵੀ ਸ਼ਾਮਲ ਸਨ।

# ਮੁੱਖ ਮੰਤਰੀ ਨੇ ਰਬੀ ਫਸਲ ਦੇ ਨੁਕਸਾਨ ਦੀ ਭਰਪਾਈ ਲਈ 52.14 ਕਰੋੜ ਰੁਪਏ ਕੀਤੇ ਜਾਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੂਬੇ ਦੇ 22,617 ਲਾਭਕਾਰ ਕਿਸਾਨਾਂ ਲਈ 52.14 ਕਰੋੜ ਰੁਪਏ ਦੀ ਮੁਆਵਜ਼ਾ ਰਕਮ ਜਾਰੀ ਕੀਤੀ, ਜਿਨ੍ਹਾਂ ਦੀਆਂ ਰਬੀ ਫਸਲਾਂ 2025 ਸੀਜ਼ਨ ਦੌਰਾਨ ਗੜੇਮਾਰੀ ਅਤੇ ਭਾਰੀ ਬਰਸਾਤ ਕਾਰਨ ਨੁਕਸਾਨੀਆਂ ਗਈਆਂ ਸਨ।ਇਹ ਫਸਲ ਨੁਕਸਾਨ ਦਾ ਮੁਲਾਂਕਣ ਸ਼ਤੀਪੂਰਤੀ ਪੋਰਟਲ ਰਾਹੀਂ ਇੱਕਠਾ ਵਿਆਪਕ ਫਸਲ ਨੁਕਸਾਨ ਆਂਕੜਿਆਂ ਦੇ ਆਧਾਰ 'ਤੇ ਕੀਤਾ ਗਿਆ ਹੈ, ਜਿਸ ਨੂੰ ਦਸੰਬਰ, 2024 ਅਤੇ ਮਾਰਚ 2025 'ਚ ਚਾਲੂ ਕੀਤਾ ਗਿਆ ਸੀ। ਪੂਰੇ ਸੂਬੇ ਦੇ ਕਿਸਾਨਾਂ ਨੇ ਪੋਰਟਲ 'ਤੇ ਆਪਣਾ ਨੁਕਸਾਨ ਦਰਜ ਕਰਾਇਆ ਸੀ, ਜਿਸ ਦੇ ਬਾਅਦ ਪੂਰੀ ਤਰ੍ਹਾ ਮੁਲਾਂਕਣ ਅਤੇ ਤਸਦੀਕ ਕੀਤੀ ਗਈਆਂ।ਹਰਿਆਣਾ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੀ ਵੈਬਸਾਈਟ ਦੀ ਸ਼ੁਰੂਆਤ ਦੇ ਮੌਕੇ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦੱਸਿਆ ਕਿ ਪੂਰੀ ਤਰ੍ਹਾਂ ਤਸਦੀਕ ਦੇ ਬਾਅਦ ਲਗਭਗ 57,485 ਏਕੜ ਭੂਮੀ ਮੁਆਵਜ਼ੇ ਲਈ ਯੋਗ ਪਾਈ ਗਈ। ਉਨ੍ਹਾਂ ਕਿਹਾ ਕਿ ਮੁਲਾਂਕਣ ਵਿੱਚ ਸੂਬੇ ਦੇ 15 ਜ਼ਿਲ੍ਹਿਆਂ ਅੰਬਾਲਾ, ਭਿਵਾਨੀ, ਚਰਖੀ ਦਾਦਰੀ, ਗੁਰੂਗ੍ਰਾਮ, ਹਿਸਾਰ, ਝੱਜਰ, ਜੀਂਦ, ਕੈਥਲ, ਕੁਰੂਕਸ਼ੇਤਰ, ਮਹੇਂਦਰਗੜ੍ਹ, ਮੇਵਾਤ, ਪਲਵਲ, ਰਿਵਾੜੀ, ਰੋਹਤਕ ਅਤੇ ਯਮੁਨਾਨਗਰ ਨੂੰ ਸ਼ਾਮਲ ਕੀਤਾ ਗਿਆ ਅਤੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਮਾਲੀ ਸਹਾਇਤਾ ਮਨਜ਼ੂਰ ਕੀਤੀ ਗਈ।ਇਸ ਮੌਕੇ ਮਾਲ ਅਤੇ ਆਪਦਾ ਪ੍ਰਬੰਧਨ ਮੰਤਰੀ ਵਿਪੁਲ ਗੋਇਲ, ਮੁੱਖ ਸਕੱਤਰ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੀ ਵਿੱਤ ਕਮਿਸ਼ਨਰ ਡਾ. ਸੁਮਿਤਾ ਮਿਸ਼ਰਾ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਅਰੁਣ ਗੁਪਤਾ, ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਕੇ.ਐਮ. ਪਾਂਡੂਰੰਗ ਅਤੇ ਆਪਦਾ ਪ੍ਰਬੰਧਨ ਦੇ ਅਧਿਕਾਰੀ ਮੌਜੂਦ ਰਹੇ।

# ਨਗਰ ਨਿਗਮ ਨੇ ਮਾਤਾ ਚਿੰਤਪੁਰਨੀ ਮੇਲੇ ਨੂੰ ਬਣਾਇਆ ਸਫਾਈ ਅਤੇ ਵਾਤਾਵਰਣ ਸੰਭਾਲ ਦੀ ਮਿਸਾਲ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਤਾ ਚਿੰਤਪੁਰਨੀ ਜੀ ਦਾ ਮੇਲਾ ਵੱਡੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸ਼ਹਿਰ ਵਿਚ ਧਾਰਮਿਕ ਸੰਸਥਾਵਾਂ ਵੱਲੋਂ ਲਗਾਏ ਗਏ ਲੰਗਰਾਂ ਅਤੇ ਸ਼ਰਧਾਲੂਆਂ ਦੀ ਭਾਰੀ ਭੀੜ ਵਿਚਕਾਰ ਨਗਰ ਨਿਗਮ ਹੁਸ਼ਿਆਰਪੁਰ ਨੇ ਸਫਾਈ ਅਤੇ ਵਾਤਾਵਰਣ ਸੰਭਾਲ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹਨ।ਨਗਰ ਨਿਗਮ ਕਮਿਸ਼ਨਰ ਜਯੋਤੀ ਬਾਲਾ ਮੱਟੂ ਨੇ ਦੱਸਿਆ ਕਿ ਸ਼ਹਿਰ ਦੇ ਮੁੱਖ ਰੂਟਾਂ 'ਤੇ ਵਿਸ਼ੇਸ਼ ਸਫਾਈ ਪ੍ਰਬੰਧ ਕੀਤੇ ਗਏ ਹਨ।



ਲੰਗਰ ਲਗਣ ਵਾਲੀਆਂ ਥਾਵਾਂ 'ਤੇ ਸਫਾਈ ਸੇਵਕ ਤਾਇਨਾਤ ਕੀਤੇ ਗਏ ਹਨ, ਜੋ ਰੋਜ਼ਾਨਾ ਸਫਾਈ ਯਕੀਨੀ ਬਣਾ ਰਹੇ ਹਨ। ਇਸ ਤੋਂ ਇਲਾਵਾ, ਲੰਗਰਾਂ ਵਿਚੋਂ ਇਕੱਠਾ ਹੋਣ ਵਾਲਾ ਕੂੜਾ ਰੋਜ਼ਾਨਾ ਚੁੱਕਣ ਲਈ ਨਗਰ ਨਿਗਮ ਦੀਆਂ ਗੱਡੀਆਂ ਲਗਾਤਾਰ ਚਲ ਰਹੀਆਂ ਹਨ। ਵਾਤਾਵਰਣ ਸੰਭਾਲ ਲਈ ਨਗਰ ਨਿਗਮ ਵੱਲੋਂ ਲੰਗਰਾਂ ਵਿਚ ਡਸਟਬਿਨ ਅਤੇ ਬਾਇਓਡੀਗ੍ਰੇਡੇਬਲ ਡਿਸਪੋਜ਼ਲ ਵੰਡੇ ਗਏ ਹਨ। ਇਸ ਵਾਰ ਖਾਸ ਤੌਰ 'ਤੇ ਹੁਕਮ ਦਿੱਤਾ ਗਿਆ ਹੈ ਕਿ ਮੇਲੇ ਦੌਰਾਨ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਸੰਸਥਾਵਾਂ ਨੂੰ ਸਖਤ ਹਦਾਇਤਾਂ ਦਿੱਤੀਆਂ ਗਈਆਂ ਹਨ ਅਤੇ ਰੋਜ਼ਾਨਾ ਜਾਇੰਟ ਕਮਿਸ਼ਨਰ ਦੀ ਅਗਵਾਈ ਹੇਠ ਬਣੀ ਇੰਨਫੋਰਸਮੈਂਟ ਟੀਮ ਲੰਗਰਾਂ ਦੀ ਚੈਕਿੰਗ ਕਰ ਰਹੀ ਹੈ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਵੀ ਕੀਤੇ ਜਾ ਰਹੇ ਹਨ। ਕਮਿਸ਼ਨਰ ਨੇ ਸ਼ਹਿਰਵਾਸੀਆਂ ਅਤੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਮੇਲੇ ਦੌਰਾਨ ਸਿੰਗਲ ਯੂਜ਼ ਪਲਾਸਟਿਕ ਤੋਂ ਬਚਣ ਅਤੇ ਲੰਗਰ ਜਾਂ ਹੋਰ ਭੋਜਨ ਸੇਵਨ ਤੋਂ ਬਾਅਦ ਹੋਣ ਵਾਲਾ ਕੂੜਾ ਹਮੇਸ਼ਾ ਡਸਟਬਿਨ ਵਿਚ ਪਾਓ।



# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਬਾਡੀ ਪਾਰਟ ਲਰਨਿੰਗ ਐਕਟੀਵਿਟੀ

**ਕਪੂਰਥਲਾ (ਹਨੀ)** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਦੀ ਅਗਵਾਈ ਵਿੱਚ ਕੇ ਜੀ ਵਿੰਗ ਦੇ ਵਿਦਿਆਰਥੀਆਂ ਲਈ ਬਾਡੀ ਪਾਰਟ ਲਰਨਿੰਗ ਐਕਟੀਵਿਟੀ ਕਰਵਾਈ ਗਈ । ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ । ਇਸ ਦੌਰਾਨ ਵਿਦਿਆਰਥੀਆਂ ਨੂੰ ਤਸਵੀਰਾਂ ਰਾਹੀਂ ਸਰੀਰ ਦੇ ਅੰਗਾਂ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਇਹ ਵੀ ਦੱਸਿਆ ਗਿਆ ਕਿ ਸਰੀਰ ਦੇ ਕਿਸ ਬਾਡੀ ਪਾਰਟ ਦਾ ਕੀ ਕੰਮ ਹੈ ਤੇ ਇਨ੍ਹਾਂ ਨੂੰ ਅਸੀਂ ਕਿਸ ਤਰ੍ਹਾਂ ਸਾਫ ਸੁਥਰਾ ਅਤੇ ਸਵੱਛ ਰੱਖ ਸਕਦੇ ਹਾਂ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਸਟਾਫ਼ ਮੈਂਬਰਾਂ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਇਹੋ ਜਿਹੀਆਂ ਗਤੀਵਿਧੀਆਂ ਕਰਵਾਉਂਦੇ ਰਹਿਣਾ ਚਾਹੀਦਾ ਹੈ ।

# ਰਾਜਪਾਲ ਪ੍ਰੋਫੈਸਰ ਅਸ਼ੀਮ ਕੁਮਾਰ ਘੋਸ਼ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਰਾਜਪਾਲ ਪ੍ਰੋਫੈਸਰ ਅਸ਼ੀਮ ਕੁਮਾਰ ਘੋਸ਼ ਨੇ ਨਵੀਂ ਦਿੱਲੀ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਰਾਜਪਾਲ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਮਿਤਰਾ ਘੋਸ਼ ਵੀ ਮੌਜੂਦ ਸੀ।ਰਾਜਪਾਲ ਪ੍ਰੋਫੈਸਰ ਅਸ਼ੀਮ ਕੁਮਾਰ ਘੋਸ਼ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮਿਲ ਕੇ ਮੈਨੂੰ ਬਹੁਤ ਸਿੱਖਿਆ ਮਿਲੀ। ਉਨ੍ਹਾਂ ਨੇ ਮੈਨੂੰ ਮਾਰਗਦਰਸ਼ਨ ਅਤੇ ਸੁਝਾਅ ਦਿੱਤੇ, ਜੋ ਹਰਿਆਣਾ ਦੇ ਪ੍ਰਸ਼ਾਸਨ ਦੇ ਸਬੰਧ ਵਿੱਚ ਮੇਰੇ ਲਈ ਬਹੁਤ ਉਪਯੋਗੀ ਰਹਿਣਗੇ।

# ਮੁੱਖ ਮੰਤਰੀ ਤੇ ਵਿੱਤ ਮੰਤਰੀ ਦੀਆਂ 6 ਨੂੰ ਅਰਥੀਆਂ ਫੂਕਣ ਦਾ ਫੈਸਲਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮੀਟਿੰਗ ਕੁਲਵਿੰਦਰ ਸਿੰਘ ਅਟਵਾਲ ਦੀ ਪ੍ਰਧਾਨਗੀ ਹੇਠ ਬੱਸ ਸਟੈਂਡ ਨਵਾਂ ਸ਼ਹਿਰ ਵਿਖੇ ਹੋਈ। ਜਿਸ ਵਿੱਚ ਜੀਤ ਲਾਲ ਗੋਹਲੜੋਂ, ਕੁਲਦੀਪ ਸਿੰਘ ਦੌੜਕਾ, ਵਿਜੇ ਕੁਮਾਰ, ਕਰਨੈਲ ਸਿੰਘ, ਗੁਰਦੀਸ਼ ਸਿੰਘ, ਬਿਕਰਮਜੀਤ ਸਿੰਘ, ਰਾਜਵਿੰਦਰ ਕੌਰ, ਅਸ਼ਵਨੀ ਕੁਮਾਰ, ਮਦਨ ਲਾਲ, ਗੁਰਦਿਆਲ ਸਿੰਘ, ਬਲਜੀਤ ਸਿੰਘ, ਗੁਰਨਾਮ ਸਿੰਘ, ਇਕਬਾਲ ਸਿੰਘ, ਰੇਸ਼ਮ ਲਾਲ ਆਦਿ ਹਾਜ਼ਰ ਸਨ।ਆਗੂਆਂ ਨੇ ਦੱਸਿਆ ਕਿ ਕੈਬਨਿਟ ਸਬ ਕਮੇਟੀ ਵੱਲੋਂ ਸਾਂਝਾ ਫਰੰਟ ਨਾਲ 29 ਜੁਲਾਈ ਦੀ ਮੀਟਿੰਗ ਕੈਂਸਲ ਕਰਨ ਦੀ ਪੁਰਜੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਪੰਜਾਬ ਸਰਕਾਰ ਵਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਸਲੇ ਹੱਲ ਕਰਨ ਦੀ ਬਜਾਏ ਵਾਰ-ਵਾਰ ਮੀਟਿੰਗਾਂ ਤੋਂ ਭੱਜਣ ਨਾਲ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਦੇ ਚਲਦਿਆਂ ਸਾਂਝੇ ਫਰੰਟ ਵਲੋਂ 5 ਤੋਂ 12 ਅਗਸਤ ਤੱਕ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਦੀਆਂ ਅਰਥੀਆਂ ਫੂਕਣ ਦਾ ਸੱਦਾ ਦਿੱਤਾ ਗਿਆ ਹੈ। ਇਸ ਸੱਦੇ ਤਹਿਤ 6 ਅਗਸਤ ਨੂੰ ਡਿਪਟੀ ਕਮਿਸ਼ਨਰ ਨਵਾਂਸ਼ਹਿਰ ਦੇ ਦਫਤਰ ਸਾਹਮਣੇ ਰੋਸ ਪ੍ਰਦਰਸ਼ਨ ਉਪਰੰਤ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਦੀਆਂ ਅਰਥੀਆਂ ਫੂਕਣ ਦਾ ਫੈਸਲਾ ਕੀਤਾ ਗਿਆ ਹੈ।

# ਮੇਹਰ ਚੰਦ ਪੋਲੀਟੈਕਨਿਕ ਕਾਲਜ 'ਚ ਨਵੇਂ ਸੈਸ਼ਨ ਦਾ ਸ਼ੁੱਭ ਆਰੰਭ

**ਜਲੰਧਰ (ਸ਼ੈਲੀ ਅਲਬਰਟ)**- ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਨਵੇਂ ਸੈਸ਼ਨ ਦਾ ਸ਼ੁੱਭ ਆਰੰਭ ਹਵਨ ਕੁੰਡ ਵਿੱਚ ਅਹੂਤੀਆਂ ਪਾ ਕੇ ਮੰਤਰ ਉਚਾਰਣ ਨਾਲ ਕੀਤਾ ਗਿਆ। ਇਸ ਮੌਕੇ ਭਾਰੀ ਗਿਣਤੀ ਵਿੱਚ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਤਾ-ਪਿਤਾ ਹਾਜ਼ਰ ਸਨ। ਇਸ ਵਾਰ ਰਿਟਾਇਰਡ ਸਟਾਫ ਮੈਂਬਰਾਂ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ। ਉਹਨਾਂ ਦੇ ਨਾਲ ਸਮੂਹ ਵਿਭਾਗ ਮੁਖੀ ਅਤੇ ਸਟਾਫ ਹਾਜ਼ਰ ਸੀ। ਇਹ ਸਮਾਗਮ ਮਹਾਤਮਾ ਆਨੰਦ ਸਵਾਮੀ ਆਡੀਟੋਰੀਅਮ ਦੀ ਬਿਲਡਿੰਗ ਵਿੱਚ ਕੀਤਾ ਗਿਆ। ਹਵਨ ਦੀ ਸੰਪੂਰਨ ਪ੍ਰਕਿਰਿਆ ਸਟਾਫ ਮੈਂਬਰ ਪ੍ਰਭੂਦਿਆਲ ਦੀ ਦੇਖ-ਰੇਖ ਵਿਚ ਹੋਈ। ਕਾਲਜ ਵਿਦਿਆਰਥੀਆਂ ਨੇ ਆਪ ਹੀ ਹਵਨ ਕੀਤਾ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਨਵੇਂ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਉਹਨਾਂ ਮੇਹਰ ਚੰਦ ਪੋਲੀਟੈਕਨਿਕ ਕਾਲਜ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਹਨਾਂ ਦੱਸਿਆ ਕਿ ਦੋ ਪ੍ਰੋਗਰਾਮਾਂ ਵਿੱਚ ਐਨ.ਬੀ.ਏ ਐਕਰੀਡੀਟੇਸ਼ਨ ਹਾਸਲ ਕਰਨ ਵਾਲਾ ਇਹ ਪੰਜਾਬ ਦਾ ਇਕਲੌਤਾ ਬਹੁਤਕਨੀਕੀ ਕਾਲਜ ਹੈ। ਉਹਨਾਂ ਹਰ ਇੱਕ ਵਿਦਿਆਰਥੀ ਨੂੰ ਆਪਣਾ ਲਕਸ਼ ਨਿਰਧਾਰਤ ਕਰਨ ਲਈ ਕਿਹਾ। ਇਸ ਮੌਕੇ ਕਾਲਜ ਦੇ ਨਵੇਂ ਪ੍ਰਾਸਪੈਕਟਸ ਨੂੰ ਸਭ ਤੋਂ ਪੁਰਾਣੇ ਵਿਦਿਆਰਥੀ ਅਤੇ ਅਧਿਆਪਕ ਰਹੇ ਐਨ. ਐਲ ਅਰੋੜਾ, ਪ੍ਰਿੰਸੀਪਲ ਡਾ. ਜਗਰੂਪ ਸਿੰਘ ਤੇ ਵਿਭਾਗ ਮੁਖੀਆਂ ਨੇ ਰਿਲੀਜ਼ ਕੀਤਾ ਜਿਸ ਦੀ ਇੱਕ ਕਾਪੀ ਹਰ ਇੱਕ ਵਿੱਦਿਆਰਥੀ ਨੂੰ ਦਿੱਤੀ ਗਈ। ਸਾਲ 2023 ਲਈ ਬੇਹਤਰੀਨ ਕਾਰਗੁਜ਼ਾਰੀ ਕਰਨ ਵਾਲੇ ਵਿਭਾਗਾਂ ਕੰਮਪਿਊਟਰ ਸਾਇੰਸ ਅਤੇ ਆਟੋਮੋਬਾਇਲ ਦੇ ਸਟਾਫ ਨੂੰ ਵੀ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਜੀ ਨੇ ਦੱਸਿਆ ਕਿ ਸਿਵਲ, ਇਲੈਕਟੀਕਲ, ਮਕੈਨੀਕਲ, ਇਲੈਕਟ੍ਰਾਨਿਕਸ, ਆਟੋਮੋਬਾਇਲ ਤੇ ਫਾਰਮੇਸੀ ਵਿੱਚ ਸੀਟਾਂ ਫੁਲ ਹੋ ਗਈਆਂ ਹਨ ਤੇ ਸਿਰਫ ਕੰਮਪਿਊਟਰ ਵਿੱਚ ਅਤੇ ਲੀਟ ਦੀਆਂ ਕੁਝ ਸੀਟਾਂ ਬਾਕੀ ਹਨ। ਦਸਵੀ ਪਾਸ ਵਿਦਿਆਰਥੀ 14 ਅਗਸਤ ਤੱਕ ਇਹਨਾਂ ਵਿੱਚ ਐਡਮਿਸ਼ਨ ਲੈ ਸਕਦੇ ਹਨ। ਅੰਤ ਵਿੱਚ ਵਿਦਿਆਰਥੀਆਂ ਨੂੰ ਲੱਡੂ ਵੰਡੇ ਗਏ। ਪ੍ਰਿੰਸੀਪਲ ਸਾਹਿਬ ਨੇ ਦੱਸਿਆ ਕਿ 8 ਅਗਸਤ ਤੱਕ ਉਹਨਾਂ ਦਾ ਇੰਡਕਸ਼ਨ ਪ੍ਰੋਗਾਮ ਚੱਲੇਗਾ ਤੇ 11 ਅਗਸਤ ਤੋਂ ਕਲਾਸਾਂ ਸ਼ੁਰੂ ਹੋਣਗੀਆਂ।



# ਕੋਈ ਵੀ ਬੱਚਾ ਸਿੱਖਿਆ ਤੋਂ ਵਾਂਝਾ ਨਾ ਰਹੇ : ਸੰਜੀਵ ਅਰੋੜਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਭਾਰਤ ਵਿਕਾਸ ਪ੍ਰੀਸ਼ਦ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਅਤੇ ਪ੍ਰਮੁੱਖ ਸਮਾਜਸੇਵੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪ੍ਰੀਸ਼ਦ ਦੇ ਖੇਤਰੀ ਪ੍ਰਧਾਨ ਸੁਸ਼ੀਲ ਸ਼ਰਮਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਰਾਜਿੰਦਰ ਰਿਸ਼ੀ ਖੇਤਰੀ ਸੰਯੁਕਤ ਸਕੱਤਰ, ਵਿਵੇਕ ਸ਼ਰਮਾ ਸੂਬਾ ਪ੍ਰਧਾਨ (ਪੰਜਾਬ ਪੱਛਮ) ਅਤੇ ਨਰਿੰਦਰ ਸ਼ਰਮਾ ਸੂਬਾ ਸੱਕਤਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਇਸ ਮੌਕੇ ਸੁਸ਼ੀਲ ਸ਼ਰਮਾ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਲੈ ਕੇ ਉਨ੍ਹਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਭਾਰਤ ਵਿਕਾਸ ਪ੍ਰੀਸ਼ਦ ਦੇ ਮੈਂਬਰ ਭਾਰਤੀ ਸੰਸਕ੍ਰਿਤੀ ਦੇ ਮੁੱਲਾਂ ਅਤੇ ਸਿਧਾਂਤਾਂ ਉੱਤੇ ਚੱਲ ਰਹੇ ਹਨ। ਉਹ ਸਮਾਜ ਸੇਵਾ ਰਾਹੀਂ ਲੋੜਵੰਦ ਲੋਕਾਂ ਤੱਕ ਪਹੁੰਚ ਬਣਾਉਂਦੇ ਹੋਏ ਉਨ੍ਹਾਂ ਦੀ ਸਹਾਇਤਾ ਕਰ ਰਹੇ ਹਨ।ਇਸ ਮੌਕੇ ਰਾਜਿੰਦਰ ਰਿਸ਼ੀ ਅਤੇ ਵਿਵੇਕ ਸ਼ਰਮਾ ਨੇ ਕਿਹਾ ਕਿ ਵਰਖਾ ਰੁੱਤ ਦੇ ਸ਼ੁੱਭ ਮੌਕੇ ਵੱਧ ਤੋਂ ਵੱਧ ਰੁੱਖ ਲਗਾਏ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਵਰਖਾ ਰੁੱਤ ਵਿੱਚ ਹਰ ਸ਼ਾਖਾ ਘੱਟੋ ਘੱਟ 100 ਪੌਦੇ ਜ਼ਰੂਰ ਲਗਾਏ ਅਤੇ ਉਨ੍ਹਾਂ ਦੀ ਦੇਖਭਾਲ ਵੀ ਕੀਤੀ ਜਾਵੇ। ਇਹ ਸਾਡੀ ਕੁਦਰਤ ਪ੍ਰਤੀ ਜ਼ਿੰਮੇਵਾਰੀ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਸ਼ੁੱਧ ਵਾਤਾਵਰਣ ਮਿਲ ਸਕੇ।ਇਸ ਮੌਕੇ ਪ੍ਰੀਸ਼ਦ ਦੇ ਪ੍ਰਧਾਨ ਸੰਜੀਵ ਅਰੋੜਾ ਨੇ ਸ਼ਾਖਾ ਵੱਲੋਂ ਚਲਾਏ ਜਾ ਰਹੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪ੍ਰੀਸ਼ਦ ਵੱਲੋਂ ਸਕੂਲਾਂ 'ਚ ਜਾ ਕੇ ਮਾਪੇ ਰਹਿਤ ਅਤੇ ਲੋੜਵੰਦ ਬੱਚਿਆਂ ਦੀ ਸੂਚੀ ਇਕੱਠੀ ਕੀਤੀ ਜਾ ਰਹੀ ਹੈ, ਤਾਂ ਜੋ ਉਨ੍ਹਾਂ ਦੀ ਸਹਾਇਤਾ ਸਮੇਂ-ਸਿਰ ਹੋ ਸਕੇ ਅਤੇ ਕੋਈ ਵੀ ਬੱਚਾ ਸਿੱਖਿਆ ਤੋਂ ਵਾਂਝਾ ਨਾ ਰਹੇ।ਸੰਜੀਵ ਅਰੋੜਾ ਨੇ ਸੂਬਾ ਪ੍ਰਧਾਨ ਵਿਵੇਕ ਸ਼ਰਮਾ ਨੂੰ ਸਰੀਰਕ ਤੌਰ 'ਤੇ ਅਸਮਰਥ ਲੋਕਾਂ ਨੂੰ ਬਨਾਵਟੀ ਅੰਗ ਮੁਹੱਈਆ ਕਰਵਾਉਣ ਦੀ ਬੇਨਤੀ ਕੀਤੀ, ਤਾਂ ਜੋ ਬਨਾਵਟੀ ਅੰਗ ਪ੍ਰਾਪਤ ਕਰਕੇ ਉਹ ਆਪਣੀ ਜ਼ਿੰਦਗੀ ਸੌਖੀ ਬਣਾ ਸਕਣ। ਇਸ ਮੌਕੇ ਸੂਬਾ ਸਕੱਤਰ ਨਰਿੰਦਰ ਸ਼ਰਮਾ ਨੇ ਧੰਨਵਾਦ ਕਰਦਿਆਂ ਜ਼ਿਲ੍ਹੇ ਦੀਆਂ ਸਾਰੀਆਂ ਸ਼ਾਖਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਜ਼ਿਲ੍ਹਾ ਕੋ-ਆਰਡੀਨੇਟਰ ਸਤਪਾਲ ਸ਼ਰਮਾ, ਸਕੱਤਰ ਰਾਜਿੰਦਰ ਮੋਦਗਿੱਲ, ਐਚ. ਕੇ. ਨਾਕੜਾ, ਐਨ. ਕੇ. ਗੁਪਤਾ ਅਤੇ ਹੋਰ ਮੈਂਬਰ ਹਾਜ਼ਰ ਸਨ।

# ਬੇਰੁਜ਼ਗਾਰ ਅਧਿਆਪਕਾਂ ਨੂੰ ਗ੍ਰਿਫ਼ਤਾਰ ਕਰਕੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਦੇ ਰਹੀ 'ਆਪ' ਸਰਕਾਰ : ਪ੍ਰਗਟ ਸਿੰਘ

**ਜਲੰਧਰ (ਰਾਜੇਸ਼ ਥਾਪਾ)**- ਵਿਧਾਇਕ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਪਦਮਸ਼੍ਰੀ ਪ੍ਰਗਟ ਸਿੰਘ ਨੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਸ਼ਰਧਾਂਜਲੀ ਸਮਾਗਮ ਲਈ ਬੇਰੁਜ਼ਗਾਰ ਨੌਜਵਾਨਾਂ ਨੂੰ ਘਰਾਂ ਤੋਂ ਚੁੱਕ ਕੇ ਗ੍ਰਿਫ਼ਤਾਰ ਕਰਨ ਅਤੇ ਹਿਰਾਸਤ ਵਿੱਚ ਲੈਣ



ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਆਮ ਆਦਮੀ ਪਾਰਟੀ ਦਾ ਅਸਲੀ ਚਿਹਰਾ ਹੈ। ਵਿਰੋਧ ਪ੍ਰਦਰਸ਼ਨ ਤੋਂ ਪੈਦਾ ਹੋਈ ਪਾਰਟੀ ਹੁਣ ਸੱਤਾ ਵਿੱਚ ਆਉਣ ਤੋਂ ਬਾਅਦ ਪੁਲਿਸ ਦੀ ਪੂਰੀ ਤਰ੍ਹਾਂ ਦੁਰਵਰਤੋਂ ਕਰ ਰਹੀ ਹੈ। ਪ੍ਰਗਟ ਸਿੰਘ ਨੇ ਕਿਹਾ ਕਿ ਇਨ੍ਹਾਂ ਬੀ.ਐੱਡ ਟੈਟ ਪਾਸ ਬੇਰੁਜ਼ਗਾਰ ਅਧਿਆਪਕਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਇਸ ਲਈ ਚੁੱਕਿਆ ਗਿਆ ਕਿਉਂਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਸੁਨਾਮ ਆਉਣ ਵਾਲੇ ਸਨ ਸ਼ਹੀਦਾਂ ਦੀ ਧਰਤੀ ਤੇ ਪੈਰ ਰੱਖਣ ਤੋਂ ਪਹਿਲਾਂ ਹੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਨੌਜਵਾਨਾਂ ਅਤੇ ਕਿਸਾਨਾਂ ਨੂੰ ਘਰਾਂ ਵਿੱਚ ਨਜ਼ਰਬੰਦ ਕਰਕੇ ਤਾਨਾਸ਼ਾਹੀ ਦਾ ਸਬੂਤ ਦੇ ਦਿੱਤਾ ਹੈ। ਪੰਜਾਬ ਪੁਲਿਸ ਨੇ ਦੇਰ ਰਾਤ ਇਨ੍ਹਾਂ ਯੂਨੀਅਨ ਆਗੂਆਂ ਦੇ ਘਰਾਂ ਤੇ ਛਾਪੇਮਾਰੀ ਕੀਤੀ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਤਾਂ ਜੋ ਉਹ ਅਰਵਿੰਦਰ ਕੇਜਰੀਵਾਲ ਦੇ ਪ੍ਰੋਗਰਾਮ ਵਿੱਚ ਸ਼ਾਂਤੀਪੂਰਵਕ ਵਿਰੋਧ ਕਰਨ ਲਈ ਪ੍ਰੋਗਰਾਮ ਵਾਲੀ ਥਾਂ ਤੇ ਨਾ ਪਹੁੰਚ ਸਕਣ।

# ਮਾਤਾ ਭਾਮੇਸ਼ਵਰੀ ਦੇ ਸਾਲਾਨਾ ਜੋੜ ਮੇਲੇ 'ਤੇ ਲੰਗਰ ਲਗਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਠੱਕਰਵਾਲ ਵਿਖੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਪਿੰਡ ਠੱਕਰਵਾਲ ਮੌਜੋਮਜਾਰਾ ਦੀ ਦੀਆਂ ਸਮੂਹ ਸੰਗਤਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਤਾ ਭਾਮੇਸ਼ਵਰੀ ਜੀ ਦੇ ਸਲਾਨਾ 71ਵੇਂ ਜੋੜ ਮੇਲੇ ਮੌਕੇ ਸਾਲਾਨਾ 20ਵਾਂ ਛੋਲੇ ਪੂਰੀਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਸਭ ਤੋਂ ਪਹਿਲਾਂ ਮਾਤਾ ਭਾਮੇਸ਼ਵਰੀ ਜੀ ਦੀ ਪੂਜਾ ਅਰਚਨਾ ਕੀਤੀ ਗਈ। ਉਪਰੰਤ ਕੰਜਕਾਂ ਦੀ ਪੂਜਾ ਅਰਚਨਾ ਕੀਤੀ ਗਈ।ਉਪਰੰਤ ਸਲਾਨਾ ਲੰਗਰ ਭੰਡਾਰਾ ਲਗਾਇਆ ਗਿਆ। ਇਸ ਮੌਕੇ ਸਮੂਹ ਸੇਵਾਦਾਰਾਂ ਵੱਲੋਂ ਆਉਣ ਜਾਣ ਵਾਲੀਆਂ ਸੰਗਤਾਂ ਨੂੰ ਛੋਲੇ ਪੂਰੀਆਂ ਦੇ ਲੰਗਰ ਛਕਾਏ ਗਏ। ਇਸ ਮੌਕੇ ਜਤਿੰਦਰ ਸਿੰਘ ਜਸਵਾਲ, ਮਨਵੀਰ ਸਿੰਘ ਮੰਝ, ਨਰਿੰਦਰ ਸਿੰਘ ਮੰਝ, ਮਨੀਸ਼ ਦੱਤਾ, ਮਨਜੀਤ ਸਿੰਘ, ਪਰਮਿੰਦਰ ਸਿੰਘ, ਗੁਰਪ੍ਰੀਤ ਸਿੰਘ, ਮਨਜਿੰਦਰ ਸਿੰਘ, ਜਸਪ੍ਰੀਤ ਸਿੰਘ, ਹਰਕੀਰਤ ਸਿੰਘ, ਜਸਪ੍ਰੀਤ ਬਸੀ, ਬਨੀਤ ਕੁਮਾਰ, ਜਗਨੂਰ ਸਿੰਘ, ਸਨੀ ਮੰਝ, ਗੁਰਦੀਪ ਸਿੰਘ,ਉਕਾ, ਵਿੱਕੀ, ਹਰਜਿੰਦਰ ਸਿੰਘ, ਕਰਮਜੀਤ ਸਿੰਘ, ਸੁਧਾ ਰਾਣੀ, ਅਮਰਜੀਤ ਕੌਰ, ਮਨਪ੍ਰੀਤ ਕੌਰ ਜਸਵਾਲ, ਪਰਮਿੰਦਰ ਕੌਰ, ਬਲਵਿੰਦਰ ਕੌਰ, ਅੰਜੂ ਦੱਤਾ ਆਦਿ ਹਾਜ਼ਰ ਸਨ।

# ਲੋਕ ਗਾਇਕ ਅਮਰੀਕ ਮਾਇਕਲ ਦੇ ਪਿਤਾ ਸਵ. ਨੀਆਮਤੀ ਜੀਤ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ

**ਕਾਲਾ ਸੰਘਿਆਂ (ਮਨਜੀਤ ਮਾਨ)**- ਪ੍ਰਸਿੱਧ ਪੰਜਾਬੀ ਲੋਕ ਗਾਇਕ ਅਮਰੀਕ ਮਾਇਕਲ ਦੇ ਪਿਤਾ ਸਵਰਗਵਾਸੀ ਸ੍ਰੀ ਨਿਆਮਤੀ ਜੀਤ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਬੁਲੰਦਾ ਨੇੜੇ ਮਹਿਤਪੁਰ ਵਿਖੇ ਸ਼ਰਧਾਂਜਲੀ ਭੇਟ ਕਰਨ ਲਈ ਗਾਇਕ ਅਤੇ ਗਾਇਕਾ , ਗੀਤਕਾਰ, ਸੰਗੀਤਕਾਰ, ਪੱਤਰਕਾਰ ਭਾਈਚਾਰਾ ਅਤੇ ਸੰਤ ਮਹਾਂਪੁਰਸ਼ ਪਹੁੰਚੇ। ਵਿਸ਼ਵ ਸੂਫੀ ਸੰਤ ਸਮਾਜ ਦੇ ਮੁੱਖ ਅਹੁਦੇਦਾਰ ਪੰਜਾਬ ਪ੍ਰਧਾਨ ਬਾਬਾ ਦੀਪਕ ਸ਼ਾਹ ਬਾਬਾ ਦੀਪੂ ਭੁਲੱਥ ਵਾਲੇ , ਦਰਬਾਰ ਇੱਛਾਧਾਰੀ ਸ਼ਿਵ ਮੰਦਿਰ ਰਜਿ. ਪਿੰਡ ਅਠੋਲਾ ਤੋਂ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਜਸਪਾਲ ਕੌਰ , ਸੰਤ ਬਾਬਾ ਭੋਲਾ ਦਾਸ , ਬਾਬਾ ਮੰਗੇ ਸ਼ਾਹ ਪਿੰਡ ਉਦੋਵਾਲ ਤੋਂ ਹੋਰ ਵੀ ਸੰਤ ਮਹਾਂਪੁਰਸ਼ਾਂ ਨੇ ਗਾਇਕ ਅਮਰੀਕ ਮਾਇਕਲ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਕੀਰਤਨੀਏ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਜਰਨਲਿਸਟ ਪ੍ਰੈੱਸ ਕਲੱਬ ਰਜਿ. ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ, ਜਰਨਲਿਸਟ ਪ੍ਰੈੱਸ ਕਲੱਬ ਮਹਿਤਪੁਰ ਦੇ ਪ੍ਰਧਾਨ ਸ੍ਰੀ ਅਸ਼ੋਕ ਚੋਹਾਨ, ਸੀਨੀਅਰ ਆਗੂ ਲਖਵਿੰਦਰ ਆਧੀ, ਸੀਨੀਅਰ ਆਗੂ ਸੋਨੂੰ ਕੰਬੋਜ ਮਹਿਤਪੁਰ, ਸੀਨੀਅਰ ਆਗੂ ਜਗਦੀਸ਼ ਮਹੇੜੂ ਮਹਿਤਪੁਰ, ਸਰਬਨ ਸਿੰਘ ਸੰਘਾ ਕਾਲਾ ਸੰਘਿਆਂ, ਸਰਵਣ ਹੰਸ, ਹਰਜਿੰਦਰ ਪਾਲ ਛਾਬੜਾ ਮਹਿਤਪੁਰ, ਪੰਜਾਬ ਲਾਈਵ ਯੂ ਟਿਊਬ ਚੈਨਲ ਦੀ ਪੂਰੀ ਟੀਮ ਪਹੁੰਚੀ। ਗੁਰਪ੍ਰੀਤ ਗੋਪੀ, ਗੁਰਦੇਵ ਸਿੰਘ ਭਾਟੀਆ ਨੇ ਦੁੱਖ ਸਾਂਝਾ ਕੀਤਾ। ਇੰਟਰਨੈਸ਼ਨਲ ਲੋਕ ਗਾਇਕ ਦਲਵਿੰਦਰ



ਦਿਆਲਪੁਰੀ, ਸਾਬੀ ਬਰਾੜ, ਰਜਿੰਦਰ ਰਾਜਨ, ਬਲਵੀਰ ਸ਼ੇਰਪੁਰੀ, ਰਾਣਾ ਲਹਿਰੀ , ਪੇਜੀ ਸ਼ਾਹਕੋਟੀ, ਵਿਨੋਦ ਪੱਪੀ, ਬੀ ਕੇ ਰਾਹੀ , ਜੋਹਨ ਬੰਬਿਆਵਾਲ ਵਾਲਾ , ਕੁਮਾਰ ਸ਼ਿਵਾ, ਸਾਹਿਲ ਚੌਹਾਨ, ਕੋਕਾ ਕੋਲਾ ਨੰਬਰ ਵਨ ਜੋੜੀ ਲੱਖਾ ਨਾਜ਼, ਸੁੱਚਾ ਰੰਗੀਲਾ ਤੇ ਮਨਦੀਪ ਮੈਂਡੀ, ਉਸਤਾਦ ਜਨਾਬ ਨਿਰਮਲ ਸਿੱਧੂ ਜੀ, ਸੁਖਚੈਨ ਕੋਟੀ, ਅਲੈਕਸ ਕੋਟੀ, ਪੰਕਜ ਹੰਸ, ਚਰਨਜੀਤ ਚੀਮਾ ਤੇ ਸੁਰਿੰਦਰ ਨੂਰੀ, ਗਾਇਕਾ ਸੁਨੈਨਾ ਨੰਦਾ ਅੰਮ੍ਰਿਤਸਰ, ਗਾਇਕਾ ਸੋਨੀਆ ਢਿੱਲੋਂ, ਗੀਤਕਾਰ ਓਮ ਜੱਸਲ, ਅਮਨ ਮਾਲਵੀ, ਲੇਹਲ ਅਮਰੀਕ ਧਾਲੀਵਾਲ ਨੇ ਸ਼ਰਧਾਂਜਲੀ ਭੇਟ ਕੀਤੀ। ਇਸ ਅੰਤਿਮ ਅਰਦਾਸ ਵਿਚ ਇੰਟਰਨੈਸ਼ਨਲ ਕੀਰਤਨ ਜਥਾ ਗੌਰਵ ਮੀਤ ਪਰਜੀਆ ਵਾਲੇ ਭਗਵਾਨ ਵਾਲਮੀਕਿ ਮਹਾਰਾਜ ਦੇ ਚਰਨਾਂ ਨਾਲ ਜੋੜਿਆ ਤੇ ਸਾਰਿਆ ਨੂੰ ਸਾਦਾ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ।ਲੋਕ ਗਾਇਕ ਅਮਰੀਕ ਮਾਇਕਲ ਦੇ ਵੱਡੇ ਭਰਾ ਕੁਲਦੀਪ ਸੱਭਰਵਾਲ ਨੇ ਇਸ ਦੁੱਖ ਦੀ ਘੜੀ ਵਿੱਚ ਪਹੁੰਚਣ ਵਾਲੇ ਗਾਇਕਾਂ, ਗੀਤਕਾਰਾਂ, ਪੱਤਰਕਾਰਾਂ ਤੇ ਸਮਾਜ ਸੇਵਕ ਜਥੇਬੰਦੀਆਂ ਦੇ ਆਗੂਆਂ ਦਾ ਧੰਨਵਾਦ ਕੀਤਾ।

# ਮਰੀਜ਼ਾਂ ਨੂੰ ਸਾਰੀਆਂ ਦਵਾਈਆਂ ਹਸਪਤਾਲਾਂ ਦੇ ਅੰਦਰੋਂ ਹੀ ਉਪਲੱਬਧ ਕਰਵਾਈਆਂ ਜਾਣ : ਸਿਵਲ ਸਰਜਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਰਹਿਨੁਮਾਈ ਹੇਠ ਸਿਵਲ ਸਰਜਨ ਦਫਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਸ਼ੁੱਕਰਵਾਰ ਨੂੰ ਸਮੂਹ ਜ਼ਿਲ੍ਹਾ ਪ੍ਰੋਗਰਾਮ ਅਫ਼ਸਰਾਂ ਤੇ ਸੀਨੀਅਰ ਮੈਡੀਕਲ ਅਫਸਰਾਂ ਨਾਲ ਮਹੀਨਾਵਾਰ ਰੀਵਿਊ ਮੀਟਿੰਗ ਆਯੋਜਿਤ



ਕੀਤੀ।ਇਸ ਦੌਰਾਨ ਸਿਵਲ ਸਰਜਨ ਨੇ ਸਾਰੇ ਸਿਹਤ ਪ੍ਰੋਗਰਾਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਉਨ੍ਹਾਂ ਦੇ ਟੀਚਿਆਂ ਦੀ ਮੁਕੰਮਲ ਪ੍ਰਾਪਤੀ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਸਿਹਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਜ਼ਿਲ੍ਹੇ ਦੇ ਸਰਕਾਰੀ ਹਸਪਤਾਲਾਂ ਵਿੱਚ ਆਮ ਲੋਕਾਂ ਨੂੰ ਬਿਹਤਰ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ। ਸਰਕਾਰੀ ਹਸਪਤਾਲਾਂ ਕਿਸੇ ਵੀ ਮਰੀਜ਼ ਨੂੰ ਇਲਾਜ ਲਈ ਪ੍ਰੇਸ਼ਾਨ ਨਾ ਹੋਣ ਦਿੱਤਾ ਜਾਵੇ। ਸਾਰੀਆਂ ਦਵਾਈਆਂ ਹਸਪਤਾਲ ਅੰਦਰੋਂ ਹੀ ਉਪਲਬੱਧ ਕਰਵਾਈਆਂ ਜਾਣ। ਉਨ੍ਹਾਂ ਨੇ ਨਿਰਧਾਰਤ ਦਵਾਈਆਂ ਦੀ ਸਪਲਾਈ ਯਕੀਨੀ ਬਣਾਉਣ ਦੀ ਹਦਾਇਤ ਕਰਦੇ ਹੋਏ ਕਿਹਾ ਕਿ ਸਾਰੀਆਂ ਜ਼ਰੂਰੀ ਦਵਾਈਆਂ ਦਾ ਘੱਟੋ-ਘੱਟ ਇੱਕ ਮਹੀਨੇ ਦਾ ਬਫਰ ਸਟਾਕ ਰੱਖਿਆ ਜਾਵੇ ਅਤੇ ਜ਼ਰੂਰੀ ਦਵਾਈਆਂ ਦੀ ਕਿਸੇ ਵੀ ਕਮੀ ਨਾ ਹੋਣ ਦਿੱਤੀ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਕਿਸੇ ਨੂੰ ਵੀ ਬਾਹਰੋਂ ਦਵਾਈ ਜਾਂ ਹੋਰ ਸਾਮਾਨ ਖਰੀਦਣ ਦੀ ਲੋੜ ਨਹੀਂ ਪੈਣੀ ਚਾਹੀਦੀ।ਉਨ੍ਹਾਂ ਨੇ ਸਾਰੀਆਂ ਗਰਭਵਤੀ ਔਰਤਾਂ ਦੀ ਜਲਦੀ ਰਜਿਸਟ੍ਰੇਸ਼ਨ ਨੂੰ ਯਕੀਨੀ ਬਣਾਉਣ ਲਈ ਵੀ ਨਿਰਦੇਸ਼ ਦਿੱਤੇ ਤਾਂ ਜੋ ਉਨ੍ਹਾਂ ਦੀਆਂ ਸਾਰੇ ਏ.ਐੱਨ.ਸੀ. ਸਮੇਂ ਸਿਰ ਮੁਕੰਮਲ ਹੋ ਸਕਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਜ਼ਿਲ੍ਹਾ ਸਿਹਤ ਅਫਸਰ ਡਾ ਰੇਣੂ ਮਿੱਤਲ, ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾ. ਹਰੀਸ਼ ਕਿਰਪਾਲ, ਸੀਨੀਅਰ ਮੈਡੀਕਲ ਅਫਸਰ ਡਾ. ਜਤਿੰਦਰ ਸਿੰਘ, ਡਾ. ਸਤਵਿੰਦਰਪਾਲ ਸਿੰਘ, ਡਾ. ਕੁਲਵਿੰਦਰ ਮਾਨ, ਡਾ. ਗੀਤਾਂਜਲੀ ਸਿੰਘ, ਡਾ. ਸੋਨੀਆ, ਡਾ. ਜਸਵਿੰਦਰ ਸਿੰਘ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਦਲਜੀਤ ਸਿੰਘ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਰਾਮ ਸਿੰਘ ਸਮੇਤ ਹੋਰ ਸਿਹਤ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

## ਮੋਗਾ ਪੁਲਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਸੈਮੀਨਾਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਸ ਵੱਲੋਂ ਨਸ਼ਿਆਂ ਦੀ ਰੋਕਥਾਮ ਤੇ ਸਮਾਜ ਦੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜਾਰੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਇਹ ਵਿਸ਼ੇਸ਼ ਸੈਮੀਨਾਰ ਵਿਸ਼ਾਲ ਪੈਲਸ ਕੋਟ ਈਸੇ ਖਾਂ ਵਿਖੇ ਕੀਤਾ ਗਿਆ, ਜਿਸ ਵਿੱਚ ਐੱਸ.ਐੱਸ.ਪੀ. ਮੋਗਾ ਅਜੇ ਗਾਂਧੀ ਤੇ ਸਨਦੀਪ ਸਿੰਘ ਮੰਡ ਉਚੇਚੇ ਤੌਰ 'ਤੇ ਮੌਜੂਦ ਰਹੇ।ਸੈਮੀਨਾਰ ਵਿੱਚ ਜ਼ਿਲ੍ਹਾ ਮੋਗਾ ਦੀਆਂ ਪੰਚਾਇਤਾਂ, ਮੋਹਤਬਰ ਪੁਰਸ਼ਾਂ ਤੇ ਹੋਰ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ।ਇਸ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਐੱਸ.ਐੱਸ.ਪੀ. ਮੋਗਾ ਅਜੇ ਗਾਂਧੀ ਨੇ ਕਿਹਾ ਕਿ ਜੇਕਰ ਕੋਈ ਨੌਜਵਾਨ ਨਸ਼ਾ ਕਰਦਾ ਹੈ ਤਾਂ ਉਸ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਤੇ ਭਵਿੱਖ ਵਿੱਚ ਆਉਣ ਵਾਲੀਆਂ ਚੁਣੌਤੀਆਂ ਤੋਂ ਜਾਣੂ ਕਰਵਾਉਣਾ ਅਤਿਅੰਤ ਜ਼ਰੂਰੀ ਹੈ।ਉਨ੍ਹਾਂ ਸਮਾਜਸੇਵੀ ਤੇ ਪੰਚਾਇਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਨੂੰ ਫੜਨ ਲਈ ਪੁਲਸ ਦਾ ਸਹਿਯੋਗ ਕਰਨ ਤੇ ਜਿਹੜੇ ਨੌਜਵਾਨ ਨਸ਼ਿਆਂ ਤੋਂ ਪੀੜਤ ਹਨ, ਉਨ੍ਹਾਂ ਦਾ ਨਸ਼ਾ ਛੁਡਾਓ ਕੇਂਦਰਾਂ ਵਿੱਚ ਇਲਾਜ ਲਈ ਭਰਤੀ ਕਰਵਾਇਆ ਜਾਵੇ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਸੰਬੰਧੀ ਕੋਈ ਵੀ ਜਾਣਕਾਰੀ ਸੇਫ ਪੰਜਾਬ ਹੈਲਪਲਾਈਨ ਨੰਬਰ 97791-00200 'ਤੇ ਦੇ ਸਕਦੇ ਹਨ ਅਤੇ ਉਨ੍ਹਾਂ ਦੀ ਪਹਿਚਾਣ ਨੂੰ ਗੁਪਤ ਰੱਖਿਆ ਜਾਵੇਗਾ। ਇਸ ਮੌਕੇ ਮੋਗਾ ਜ਼ਿਲ੍ਹੇ ਦੀਆਂ ਵੱਖ-ਵੱਖ ਪੰਚਾਇਤਾਂ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਨਸ਼ਿਆਂ ਵਿਰੁੱਧ ਪੰਚਾਇਤੀ ਮਤੇ ਵੀ ਪੇਸ਼ ਕੀਤੇ ਗਏ ਤੇ ਵਿਸ਼ਵਾਸ ਦਿਵਾਇਆ ਗਿਆ ਨਸ਼ੇ ਦੇ ਖਾਤਮੇ ਲਈ ਪੁਲਸ ਵਿਭਾਗ ਦੀ ਹਰ ਤਰ੍ਹਾਂ ਦੀ ਮਦਦ ਲਈ ਹਾਜ਼ਰ ਹਨ।ਐੱਸ.ਐੱਸ.ਪੀ. ਮੋਗਾ ਵੱਲੋਂ ਪੰਚਾਇਤਾਂ ਦੀ ਸ਼ਲਾਘਾ ਕੀਤੀ।ਪੰਚਾਇਤਾਂ, ਮੋਹਤਬਰ ਪੁਰਸ਼ਾਂ ਤੇ ਹੋਰ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਨਸ਼ਿਆਂ ਖਿਲਾਫ ਪੰਜਾਬ ਪੁਲਸ ਦੀ ਕਾਰਵਾਈ ਦੀ ਸ਼ਲਾਘਾ ਵੀ ਕੀਤੀ।

## ਬਲੌਜ਼ਮਜ਼ ਕਾਨਵੈਂਟ 'ਚ ਸੰਚਾਰ ਸਾਧਨਾਂ ਨੂੰ ਸਮਰਪਤ ਫੈਂਸੀ ਡਰੈੱਸ ਮੁਕਾਬਲੇ



**ਜਗਰਾਉਂ (ਸੰਜੀਵ ਅਰੋੜਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਐਲ.ਕੇ.ਜੀ. ਜਮਾਤ ਦੇ ਵਿਦਿਆਰਥੀਆਂ ਵਿਚਕਾਰ ਸੰਚਾਰ ਨੂੰ ਸਮਰਪਿਤ ਫੈਂਸੀ ਡਰੈੱਸ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਬੱਚਿਆਂ ਵੱਲੋਂ ਸਮੇਂ ਦੇ ਨਾਲ ਚਲਦਿਆਂ ਆਪਣੀ ਸ਼ੈਲੀ ਮੁਤਾਬਿਕ ਅਜਿਹੀਆਂ ਡਰੈੱਸ ਪਾ ਕੇ ਆਏ ਜੋ ਸੰਚਾਰ ਸਾਧਨਾਂ ਨੂੰ ਦਰਸਾ ਰਹੀਆਂ ਸਨ। ਇਸ ਮੌਕੇ ਉਨ੍ਹਾਂ ਨੂੰ ਇਨ੍ਹਾਂ ਸੰਬੰਧੀ ਉਨ੍ਹਾਂ ਦੇ ਮੱਤ ਮੁਤਾਬਕ ਸਵਾਲ ਵੀ ਪੁੱਛੇ ਗਏ, ਜਿਨ੍ਹਾਂ ਦੇ ਉਨ੍ਹਾਂ ਵੱਲੋਂ ਠੀਕ ਉੱਤਰ ਦਿੱਤੇ ਗਏ। ਇਸ ਦੌਰਾਨ ਗੁਰਜੋਤ ਅਰੋੜਾ ਪਹਿਲੇ, ਜੈਜ਼ ਕੌਰ ਦੂਜੇ ਤੇ ਹਰਸਿਮਰਨ ਸਿੰਘ ਤੀਜੇ ਸਥਾਨ 'ਤੇ ਰਹੇ। ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਚੌਹਾਨ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਬੱਚਿਆਂ ਦੇ ਪਾਤਰ ਨੂੰ ਨਿਖਾਰਦੇ ਹਨ। ਇਨ੍ਹਾਂ ਨੂੰ ਆਉਣ ਵਾਲੇ ਸਮੇਂ ਦੌਰਾਨ ਇਨ੍ਹਾਂ ਸੰਚਾਰ ਸਾਧਨਾਂ ਵਿੱਚ ਹੋਰ ਸੁਧਾਰ ਕਰਨ ਦੇ ਤੌਰ ਤਰੀਕੇ ਦੀ ਰਾਹ 'ਤੇ ਲੈ ਕੇ ਜਾਣਾ ਹੈ। ਇਸ ਮੌਕੇ ਸਕੂਲ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਰਾੜ, ਚੇਅਰਮੈਨ ਸਿੰਘ ਤੇ ਗੁਰਜਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਕਾਂਗਰਸ ਨੇ ਸ਼ਹੀਦ ਊਧਮ ਸਿੰਘ ਨੂੰ ਕੀਤੇ ਸ਼ਰਧਾ ਦੇ ਫੁੱਲ ਭੇਟ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਦੇਸ਼ ਦੀ ਅਜ਼ਾਦੀ ਵਿੱਚ ਯੋਗਦਾਨ ਪਾਉਣ ਵਾਲੇ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਬਲਾਕ ਕਾਂਗਰਸ ਮਾਛੀਵਾੜਾ ਸਾਹਿਬ ਵੱਲੋਂ ਮਨਾਇਆ ਗਿਆ, ਜਿਸ ਵਿੱਚ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਤੇ ਹੋਰ ਵਰਕਰਾਂ ਨੇ ਸ਼ਹੀਦ ਊਧਮ ਸਿੰਘ ਜੀ ਦੇ ਚਿੱਤਰ 'ਤੇ ਫੁੱਲ ਮਾਲਾਵਾਂ ਭੇਟ ਕਰ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਪਰਮਿੰਦਰ ਤਿਵਾੜੀ ਨੇ ਕਿਹਾ ਕਿ ਪੰਜਾਬ ਦੇ ਅਣਖੀ ਯੋਧੇ ਸ਼ਹੀਦ ਊਧਮ ਸਿੰਘ ਨੇ ਅੰਮ੍ਰਿਤਸਰ ਵਿਖੇ ਜ਼ਿਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦਾ ਬਦਲਾ ਵਿਦੇਸ਼ੀ ਧਰਤੀ 'ਤੇ ਜਾ ਕੇ ਲਿਆ। ਪ੍ਰਧਾਨ ਪਰਮਿੰਦਰ ਤਿਵਾੜੀ ਨੇ ਕਿਹਾ ਕਿ ਅੱਜ ਸਾਨੂੰ ਕੁਰਬਾਨੀਆਂ ਸਦਕਾ ਮਿਲੀ ਅਜ਼ਾਦੀ ਨੂੰ ਸੰਭਾਲਣ ਦੀ ਲੋੜ ਹੈ। ਇਸ ਮੌਕੇ ਪੀ.ਏ. ਗੁਰਮੁੱਖ ਸਿੰਘ, ਯੂਥ ਪ੍ਰਧਾਨ ਦਿਹਾਤੀ ਜਸਪ੍ਰੀਤ ਸਿੰਘ ਸਹਿਜੋ ਮਾਜਰਾ, ਯੂਥ ਪ੍ਰਧਾਨ ਸ਼ਹਿਰੀ ਅੰਮ੍ਰਿਤਪਾਲ ਸਿੰਘ ਚੀਮਾ, ਸੁਖਵਿੰਦਰ ਸਿੰਘ ਲੁਹਾਰੀਆਂ, ਪਰਮਜੀਤ ਸਿੰਘ ਸਾਬਕਾ ਸਰਪੰਚ, ਬਲਵੰਤ ਸਿੰਘ ਸਹਿਜੋ ਮਾਜਰਾ, ਮੇਜਰ ਸਿੰਘ ਨਾਗਰਾ, ਬਲਵੀਰ ਸਿੰਘ ਮੌਜੂਦ ਸਨ।

## ਵਿਦਿਆਰਥੀਆਂ ਨੇ 12 ਗੋਲਡ ਮੈਡਲ ਜਿੱਤੇ



**ਬਰੇਟਾ (ਰੀਤਵਾਲ)**-ਪਿਛਲੇ ਦਿਨੀਂ ਬਰੇਟਾ ਵਿਖੇ ਹੋਈ ਸਬ-ਜੂਨੀਅਰ ਤੇ ਸੀਨੀਅਰ ਜ਼ਿਲ੍ਹਾ ਪੱਧਰੀ ਤਾਈਕਵਾਂਡੋ ਚੈਂਪੀਅਨਸ਼ਿਪ ਵਿੱਚ ਗਿਆਨ ਸਾਗਰ ਸਕੂਲ ਦੇ 13 ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਵਿਦਿਆਰਥੀਆਂ ਨੇ ਅਪਣੀ ਖੇਡ ਦਾ ਵਧੀਆ ਪ੍ਰਦਰਸ਼ਨ ਕਰਦੇ ਹੋਏ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ 12 ਗੋਲਡ ਤੇ 1 ਸਿਲਵਰ ਮੈਡਲ ਪ੍ਰਾਪਤ ਕੀਤਾ। ਇਸ ਪ੍ਰਾਪਤੀ 'ਚ ਏਕਮ ਸਿੰਘ, ਰਿਵਾਸ, ਜਗਜੀਤ ਸਿੰਘ, ਮਨਵੀਰ ਸਿੰਘ, ਸਹਿਜ ਸਿੰਘ, ਗੁਰਜੋਤ ਸਿੰਘ, ਏਕਮਜੋਤ ਸਿੰਘ, ਪਰਗਟ ਸਿੰਘ, ਅਰਸ਼ਪ੍ਰੀਤ ਸਿੰਘ, ਅਪਰਿੰਦਰ ਕੌਰ, ਸੰਧਿਆਪ੍ਰੀਤ ਕੌਰ, ਸੁਖਮਨਪ੍ਰੀਤ ਕੌਰ ਨੇ ਗੋਲਡ ਅਤੇ ਨੈਨਸੀ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ। ਇਨ੍ਹਾਂ ਵਿੱਚੋਂ ਜਿੱਤ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਚੋਣ ਲਵਲੀ ਯੂਨੀਵਰਸਿਟੀ ਵਿੱਚ ਹੋਣ ਵਾਲੀਆਂ ਸਟੇਟ ਪੱਧਰੀ ਖੇਡਾਂ ਲਈ ਹੋਈ ਹੈ। ਸਕੂਲ ਦੇ ਪ੍ਰਿੰਸੀਪਲ ਭਾਰਤ ਦੀਪ ਗਰਗ ਨੇ ਕੋਚ ਅਮਨਦੀਪ ਸਿੰਘ, ਡੀ. ਪੀ. ਬੱਬੂ ਸਿੰਘ ਤੇ ਬੱਚਿਆਂ ਨੂੰ ਵਧਾਈ ਦਿੱਤੀ। ਸਕੂਲ ਚੇਅਰਮੈਨ ਰਾਮਪਾਲ ਸਿੰਘ ਸੇਖੋਂ ਨੇ ਬੱਚਿਆਂ ਨੂੰ ਇਸ ਜਿੱਤ 'ਤੇ ਵਧਾਈ ਦਿੰਦਿਆਂ ਕਿਹਾ ਕਿ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਅਹਿਮ ਉਪਰਾਲੇ ਕੀਤੇ ਜਾਂਦੇ ਹਨ।

## ਚੇਅਰਮੈਨ ਜੱਸੀ ਤੇ ਆਪ ਵਲੰਟੀਅਰਾਂ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ



**ਨਾਭਾ (ਵਰਿੰਦਰ ਵਰਮਾ)**-ਦੇਸ਼ ਦੇ ਮਹਾਨ ਸਪੂਤ ਸ਼ਹੀਦ ਊਧਮ ਸਿੰਘ ਸੁਨਾਮ ਦੇ ਸ਼ਹੀਦੀ ਦਿਵਸ ਮੌਕੇ ਨਾਭਾ ਵਿਖੇ ਜ਼ਿਲ੍ਹਾ ਪਲੈਨਿੰਗ ਬੋਰਡ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਨਿੱਘੀ ਸ਼ਰਧਾਂਜਲੀ ਦਿੱਤੀ।ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਆਪਣਾ ਯੋਗਦਾਨ ਪਾਉਣ ਤੇ ਜਲ੍ਹਿਆਂਵਾਲਾ ਬਾਗ਼ ਵਿੱਚ ਮਾਰੇ ਨਿਰਦੋਸ਼ ਲੋਕਾਂ ਦਾ ਬਦਲਾ ਲੈਣ ਵਾਲੇ ਮਹਾਨ ਸ਼ਹੀਦ ਊਧਮ ਸਿੰਘ ਜੀ ਦੀ ਕੁਰਬਾਨੀ ਰਹਿੰਦੀ ਦੁਨੀਆ ਤੱਕ ਪ੍ਰੇਰਣਾ ਦਾ ਸਰੋਤ ਬਣੀ ਰਹੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਥ ਆਗੂ ਲਾਲੀ ਫਤਿਹਪੁਰ, ਸੁੱਖ ਘੁੰਮਣ ਚਾਸਵਾਲ, ਦਵਿੰਦਰ ਸਿੰਘ ਸਰਪੰਚ ਕੁਲਾਰਾਂ, ਸੰਦੀਪ ਸ਼ਰਮਾ, ਸੁਖਜੀਤ ਸਿੰਘ ਹਾਂਸ, ਧੀਰਜ ਠਾਕੁਰ, ਹੈਪੀ ਅਰੋੜਾ, ਬੁੱਧ ਸਿੰਘ ਸੰਧਨੌਲੀ, ਹੈਪੀ ਬੁੱਗਾ, ਲਾਡੀ ਖਹਿਰਾ, ਹਰਪ੍ਰੀਤ ਸਿੰਘ ਭੁੱਲਰ, ਗੁਰਜੰਟ ਸਿੰਘ ਅੱਚਲ, ਜਸਕਰਨਵੀਰ ਸਿੰਘ ਤੇਜੇ, ਪਰਮਿੰਦਰ ਸਿੰਘ ਭੰਗੂ, ਦਵਿੰਦਰ ਸਿੰਘ ਥੂਹੀ, ਜਤਿੰਦਰ ਸਿੰਘ ਕਕਰਾਲਾ, ਗੁਰਜੀਤ ਸਿੰਘ ਕੋਟ ਕਲਾਂ, ਗਗਨ ਪਹਾੜਪੁਰ, ਲਖਮੀਰ ਲੱਖਾ ਪ੍ਰਧਾਨ ਆਦਿ ਮੌਜੂਦ ਸਨ।

## ਬਿਜਲੀ ਬੋਰਡ ਦੇ ਸਟੋਰ 'ਚ ਚੋਰੀ, ਮੁਲਾਜ਼ਮਾਂ ਵੱਲੋਂ ਪੁਲਸ 'ਤੇ ਪਰਚਾ ਦਰਜ ਨਾ ਕਰਨ ਦਾ ਦੋਸ਼

### ਸਾਨੂੰ ਸਟਾਕ ਰਜਿਸਟਰ ਦਿਓ, ਅਸੀਂ ਕਾਰਵਾਈ ਕਰ ਦੇਵਾਂਗੇ-ਥਾਣਾ ਮੁਖੀ

**ਬਠਿੰਡਾ (ਰਾਜੀਵ ਗੋਇਲ)**-ਪੰਜਾਬ ਰਾਜ ਬਿਜਲੀ ਬੋਰਡ ਦੇ ਦਫਤਰ ਭਗਤਾ ਭਾਈ ਕਾ ਵਿਖੇ ਸੰਬੰਧਤ ਜੂਨੀਅਰ ਇੰਜੀਨਅਰਾਂ ਦੇ ਸਟੋਰ 'ਚ ਬੀਤੀ 14 ਜੁਲਾਈ ਨੂੰ ਕਰੀਬ ਦੋ ਲੱਖ ਰੁਪਏ ਦੇ ਸਾਮਾਨ ਦੀ ਚੋਰੀ ਹੋਣ ਦੀ ਖਬਰ ਪ੍ਰਾਪਤ ਹੋਈ ਹੈ। ਮਾਮਲੇ ਦੀ ਜਾਣਕਾਰੀ ਦਿੰਦਿਆਂ ਮਹਿਕਮੇ ਦੇ ਮੁਲਾਜ਼ਮ ਨੇ ਦੱਸਿਆ ਕਿ ਕਰੀਬ 15 ਦਿਨ ਬੀਤ ਜਾਣ ਦੇ ਬਾਵਜੂਦ ਥਾਣਾ ਦਿਆਲਪੁਰਾ ਦੀ ਪੁਲਸ ਵੱਲੋਂ ਅਜੇ ਤੱਕ ਮੁਕੱਦਮਾ ਦਰਜ ਨਹੀਂ ਕੀਤਾ ਗਿਆ। ਉਨ੍ਹਾਂ ਦੋਸ਼ ਲਗਾਇਆ ਕਿ ਸੰਬੰਧਤ ਥਾਣੇ ਦੇ ਤਫਤੀਸ਼ੀ ਅਧਿਕਾਰੀ ਨਾਲ ਗੱਲਬਾਤ ਕਰਨ 'ਤੇ ਕਹਿ ਦਿੱਤਾ ਜਾਂਦਾ ਹੈ ਕਿ ਉਪਰ ਤੋਂ ਮੁਕੱਦਮਾ ਦਰਜ ਕਰਨ 'ਤੇ ਰੋਕ ਲਗਾਈ ਗਈ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਜੇਕਰ ਪੁਲਸ ਵੱਲੋਂ ਇਸ ਮਾਮਲੇ ਸੰਬੰਧੀ ਕੋਈ ਮੁਕੱਦਮਾ ਦਰਜ ਨਾ ਕੀਤਾ ਗਿਆ ਤਾਂ ਉਹ ਸਾਰੇ ਮੁਲਾਜ਼ਮ ਥਾਣੇ ਅੱਗੇ ਧਰਨਾ ਲਗਾਉਣਗੇ। ਇਸ ਮਾਮਲੇ ਨੂੰ ਲੈ ਕੇ ਥਾਣਾ ਦਿਆਲਪੁਰਾ ਦੇ ਮੁਖੀ ਦਲਜੀਤ ਸਿੰਘ ਦਾ ਕਹਿਣਾ ਸੀ ਕਿ ਬਿਜਲੀ ਬੋਰਡ ਦੇ ਮੁਲਾਜ਼ਮਾਂ ਪਾਸੋਂ ਸਟਾਕ ਰਜਿਸਟਰ ਦੀ ਮੰਗ ਕੀਤੀ ਜਾ ਰਹੀ ਹੈ, ਜਿਹੜਾ ਕਿ ਦਿੱਤਾ ਨਹੀਂ ਜਾ ਰਿਹਾ। ਉਨ੍ਹਾਂ ਕਿਹਾ ਕਿ ਸਾਨੂੰ ਪਤਾ ਤਾਂ ਲੱਗੇ ਕਿ ਸਟਾਕ ਰਜਿਸਟਰ ਮੁਤਾਬਿਕ ਸਟੋਰ ਅੰਦਰ ਕੀ-ਕੀ ਚੋਰੀ ਹੋਇਆ ਹੈ? ਉਨ੍ਹਾਂ ਕਿਹਾ ਕਿ ਸਾਨੂੰ ਸਟਾਕ ਰਜਿਸਟਰ ਦਿਓ, ਅਸੀਂ ਕਾਰਵਾਈ ਕਰ ਦੇਵਾਂਗੇ।

## ਮਾਈਨਿੰਗ ਵਿਭਾਗ ਦੀਆਂ ਵਧੀਕੀਆਂ ਖਿਲਾਫ਼ ਟਿੱਪਰ ਚਾਲਕਾਂ ਵੱਲੋਂ ਹੜਤਾਲ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਈਨਿੰਗ ਵਿਭਾਗ ਦੀਆਂ ਵਧੀਕੀਆਂ ਖਿਲਾਫ਼ ਆਲ ਪੰਜਾਬ ਏਕਤਾ ਟਿੱਪਰ ਯੂਨੀਅਨ ਦੇ ਸੱਦੇ 'ਤੇ ਸੂਬੇ ਦੇ ਹਜ਼ਾਰਾਂ ਟਿੱਪਰ ਚਾਲਕਾਂ ਨੇ ਹੜਤਾਲ ਕਰ ਸਰਕਾਰ ਤੋਂ ਮੰਗ ਕੀਤੀ ਕਿ ਜੋ ਉਨ੍ਹਾਂ 'ਤੇ 2-2 ਲੱਖ ਰੁਪਏ ਦੇ ਜੁਰਮਾਨੇ ਕੀਤੇ ਜਾ ਰਹੇ ਹਨ, ਉਹ ਬੰਦ ਕੀਤੇ ਜਾਣ। ਪੰਜਾਬ ਏਕਤਾ ਟਿੱਪਰ ਯੂਨੀਅਨ ਦੇ ਸੱਦੇ 'ਤੇ ਵੀਰਵਾਰ ਸਮੂਹ ਟਿੱਪਰ ਚਾਲਕਾਂ ਨੇ ਸੜਕਾਂ 'ਤੇ ਖੜ੍ਹੇ ਹੋ ਕੇ ਹੱਥਾਂ ਵਿੱਚ ਬੈਨਰ ਫੜ ਰੋਸ ਜਿਤਾਉਂਦਿਆਂ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਹੱਲ ਨਹੀਂ ਹੁੰਦੀਆਂ, ਉਹ ਹੜਤਾਲ 'ਤੇ ਰਹਿਣਗੇ। ਯੂਨੀਅਨ ਦੇ ਪ੍ਰਧਾਨ ਗਗਨਦੀਪ ਸਿੰਘ ਵਿਰਕ, ਉੱਪ-ਪ੍ਰਧਾਨ ਹਰਿੰਦਰਜੀਤ ਸਿੰਘ ਹਨੀ ਕੁੰਮਕਲਾਂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਨੀਅਨ ਵੱਲੋਂ ਮਾਈਨਿੰਗ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤਾ ਗਿਆ ਕਿ ਪੰਜਾਬ ਦੇ ਸਮੂਹ ਟਿੱਪਰ ਚਾਲਕ ਕਰੈਸ਼ਰਾਂ 'ਤੇ ਪੂਰੀ ਅਦਾਇਗੀ ਕਰ ਖਣਿਜ ਪਦਾਰਥਾਂ ਦੀ ਢੋਆ ਢੁਆਈ ਕਰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਿਮਾਚਲ ਦੇ ਕਈ ਕਰੈਸ਼ਰ ਮਾਲਕ ਉਨ੍ਹਾਂ ਨੂੰ ਖਣਿਜ ਪਦਾਰਥਾਂ ਦੀ ਅਦਾਇਗੀ ਪੂਰੀ ਲੈਣ ਦੇ ਬਾਵਜੂਦ 'ਕਿਊ' ਫਾਰਮ ਤੇ ਬਿੱਲ ਨਹੀਂ ਦਿੰਦੇ ਅਤੇ ਜਦੋਂ ਨਾਕਾਬੰਦੀ ਦੌਰਾਨ ਮਾਈਨਿੰਗ ਵਿਭਾਗ ਦੇ ਅਧਿਕਾਰੀ ਟਿੱਪਰਾਂ ਦੀ ਜਾਂਚ ਕਰਦੇ ਹਨ ਤਾਂ ਉਨ੍ਹਾਂ 'ਤੇ 2-2 ਲੱਖ ਰੁਪਏ ਦਾ ਜੁਰਮਾਨਾ ਠੋਕਿਆ ਜਾਂਦਾ ਹੈ।

ਉਕਤ ਆਗੂਆਂ ਨੇ ਕਿਹਾ ਕਿ ਟਿੱਪਰ ਚਾਲਕ ਤਾਂ ਕੇਵਲ ਕਿਰਾਏ 'ਤੇ ਖਣਿਜ ਪਦਾਰਥਾਂ ਦੀ ਢੋਆ ਢੁਆਈ ਕਰਦੇ ਹਨ, ਪਰ 2-2 ਲੱਖ ਰੁਪਏ ਜੁਰਮਾਨਾ ਉਨ੍ਹਾਂ 'ਤੇ ਨਾਜਾਇਜ਼ ਠੋਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਰੈਸ਼ਰ ਮਾਲਕਾਂ ਤੋਂ ਉਹ ਖਣਿਜ ਪਦਾਰਥਾਂ ਦੇ ਬਿੱਲ ਤੇ 'ਕਿਊ' ਫਾਰਮ ਮੰਗਦੇ ਹਨ ਤਾਂ ਅੱਗੇ ਤੋਂ ਉਹ ਗੱਡੀ ਭਰਨ ਤੋਂ ਜਵਾਬ ਦੇ ਦਿੰਦੇ ਹਨ, ਜਿਸ ਨਾਲ ਕਾਰੋਬਾਰ ਪ੍ਰਭਾਵਿਤ ਹੁੰਦਾ ਹੈ। ਪਿਛਲੇ ਕੁਝ ਦਿਨਾਂ ਤੋਂ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਵੱਲੋਂ ਲਗਾਤਾਰ 2-2 ਲੱਖ ਰੁਪਏ ਦੇ ਟਿੱਪਰ ਚਾਲਕਾਂ 'ਤੇ ਜੁਰਮਾਨੇ ਠੋਕੇ ਗਏ, ਜਿਸ ਨਾਲ ਕਾਰੋਬਾਰ ਬਿਲਕੁਲ ਹੀ ਤਬਾਹ ਹੋ ਕੇ ਰਹਿ ਗਿਆ ਹੈ।

ਉਨ੍ਹਾਂ ਕਿਹਾ ਕਿ ਕਰਜ਼ੇ ਵਿੱਚ ਡੁੱਬੇ ਟਿੱਪਰ ਚਾਲਕ ਇਹ ਜੁਰਮਾਨੇ ਦੇਣ ਤੋਂ ਅਸਮਰੱਥ ਹੋ ਗਏ ਹਨ, ਜਿਸ ਕਾਰਨ ਮਜਬੂਰ ਹੋ ਕੇ ਸੂਬੇ ਦੇ ਸਮੂਹ ਟਿੱਪਰ ਚਾਲਕਾਂ ਨੇ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਜਾਣ ਦਾ ਫੈਸਲਾ ਕੀਤਾ ਹੈ। ਯੂਨੀਅਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਤੁਰੰਤ ਇਸ ਮਸਲੇ ਦਾ ਹੱਲ ਕਰੇ ਤੇ ਕਰੈਸ਼ਰ ਮਾਲਕਾਂ ਨੂੰ ਸਖ਼ਤ ਹਦਾਇਤ ਕੀਤੀ ਜਾਵੇ ਕਿ ਖਣਿਜ ਪਦਾਰਥ ਲੈਣ ਆ ਰਹੇ ਟਿੱਪਰ ਚਾਲਕਾਂ ਨੂੰ 'ਕਿਊ' ਫਾਰਮ ਤੇ ਬਿੱਲ ਜਾਰੀ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸਰਕਾਰ ਕਰਜ਼ੇ 'ਚ ਡੁੱਬੇ ਟਿੱਪਰ ਚਾਲਕਾਂ 'ਤੇ ਸਖ਼ਤਾਈ ਕਰਨ ਦੀ ਬਜਾਏ ਜੋ ਨਾਜਾਇਜ਼ ਮਾਈਨਿੰਗ ਕਰਕੇ ਖਣਿਜ ਪਦਾਰਥ ਕਰੈਸ਼ਰਾਂ 'ਤੇ ਪਹੁੰਚਦੇ ਹਨ, ਉਨ੍ਹਾਂ ਉੱਪਰ ਸਖ਼ਤੀ ਕਰੇ।

## ਪੁਰਾਣਾ ਹਾਥੀਖਾਨਾ ਤੇ ਮੋਤੀ ਬਾਗ ਦੀਆਂ ਔਰਤਾਂ ਨੇ ਮਨਾਇਆ ਤੀਆਂ ਦਾ ਤਿਉਹਾਰ



**ਨਾਭਾ (ਵਰਿੰਦਰ ਵਰਮਾ)**-ਸਥਾਨਕ ਪੁਰਾਣਾ ਹਾਥੀਖਾਨਾ ਤੇ ਮੋਤੀ ਬਾਗ ਦੀਆਂ ਔਰਤਾਂ ਵੱਲੋਂ ਰਲ-ਮਿਲ ਕੇ ਚਾਵਾਂ-ਮਲਾਰਾਂ ਨਾਲ ਕੁਲਵੰਤ ਕੌਰ, ਹਰਵਿੰਦਰ ਕੌਰ, ਸੁਰਿੰਦਰ ਕੌਰ, ਹਰਿੰਦਰ ਕੌਰ ਆਦਿ ਦੇ ਸਾਂਝੇ ਉਪਰਾਲੇ ਨਾਲ ਤੀਆਂ ਦਾ ਤਿਉਹਾਰ ਸਥਾਨਕ ਸਿਨੇਮਾ ਰੋਡ ਸਥਿਤ ਪ੍ਰਸਿੱਧ ਪੀਸੀਐੱਫ ਹੋਟਲ ਵਿਖੇ ਮਨਾਇਆ ਗਿਆ।ਕਰਵਾਏ ਗਏ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਸਮਾਰੋਹ 'ਚ ਵਾਰਡ ਨੰਬਰ 23 ਤੋਂ ਮਹਿਲਾ ਕੌਂਸਲਰ ਰੋਜ਼ੀ ਨਾਗਪਾਲ ਨੇ ਮੁੱਖ ਮਹਿਮਾਨ ਤੇ ਉਨ੍ਹਾਂ ਦੇ ਪਤੀ ਉੱਘੇ ਸਮਾਜ ਸੇਵਕ ਦੀਪਕ ਨਾਗਪਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਭਰੀ।ਮੁੱਖ ਮਹਿਮਾਨ ਰੋਜ਼ੀ ਨਾਗਪਾਲ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਕਿਹਾ ਕਿ ਇਹੋ ਜਿਹੇ ਪ੍ਰੋਗਰਾਮ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦਾ ਖ਼ੂਬਸੂਰਤ ਸਾਧਨ ਹਨ।ਉਨ੍ਹਾਂ ਅਜਿਹੇ ਖੁਸ਼ਹਾਲ ਸਮਾਰੋਹ ਨੂੰ ਆਪਸੀ ਭਾਈਚਾਰਾ ਤੇ ਮਿਲਵਰਤਣ ਵਧਾਉਣ ਦਾ ਜ਼ਰੀਆ ਦੱਸਿਆ।ਸੁਰਿੰਦਰ ਕੌਰ, ਹਰਿੰਦਰ, ਹਰਵਿੰਦਰ ਤੇ ਸਤਪਾਲ ਕੌਰ ਨੌਹਰਾ ਨੇ ਦੱਸਿਆ ਕਿ ਸਮਾਰੋਹ 'ਚ ਪੰਜਾਬੀ ਮੁਟਿਆਰਾਂ ਵੱਲੋਂ ਪੇਸ਼ ਕੀਤੇ ਗਏ ਪੰਜਾਬੀ ਲੋਕ ਨਾਚ ਗਿੱਧੇ ਤੇ ਕੁਲਵੰਤ ਕੌਰ ਵੱਲੋਂ ਵਿਸ਼ਵ ਪ੍ਰਸਿੱਧ ਗਾਇਕਾ ਬੀਬਾ ਰਣਜੀਤ ਕੌਰ ਦੇ ਗਾਏ ਗਾਣਿਆਂ ਨੇ ਸਾਰਿਆਂ ਨੂੰ ਕੀਲ ਕੇ ਰੱਖ ਦਿੱਤਾ।ਉਨ੍ਹਾ ਕਿਹਾ ਕਿ ਅਜੋਕੇ ਸਮੇਂ ਸੱਭਿਆਚਾਰ ਨਾਲ ਜੁੜੇ ਰਹਿਣਾ ਬਹੁਤ ਜ਼ਰੂਰੀ ਹੈ।ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਵਡੇਰੀ ਉਮਰ ਦੀਆਂ ਔਰਤਾਂ ਨੇ ਅਣਵੰਡੇ ਪੰਜਾਬ ਦੀ ਖ਼ੂਬਸੂਰਤ ਤਸਵੀਰ ਦਾ ਮੰਚਨ ਕੀਤਾ।ਬੋਲੀਆਂ, ਗਾਣੇ, ਲੋਕ ਗੀਤਾਂ ਤੇ ਫੁੱਲਕਾਰੀ ਦੇ ਟਾਂਕਿਆਂ ਨੇ ਪੁਰਾਣੇ ਪੰਜਾਬ ਦੀ ਯਾਦ ਤਾਜ਼ਾ ਕੀਤੀ।ਬਰੋਟੇ 'ਤੇ ਪਾਈਆਂ ਹੋਈਆਂ ਪੀਂਘਾਂ, ਪੱਖੀਆਂ, ਚੁੰਨੀਆਂ, ਫੁਲਕਾਰੀਆਂ, ਬਾਗਾਂ ਨਾਲ ਸਜਾਇਆ ਗਿਆ ਹਾਲ ਖਿੱਚ ਦਾ ਕੇਂਦਰ ਰਿਹਾ।ਔਰਤਾਂ ਵੱਲੋਂ ਪਾਈ ਬੋਲੀ 'ਨੀਂ ਕਾਹਲੀ ਕਾਹਲੀ ਪੈਰ ਪੱਟ ਲੈ, ਤੀਆਂ ਲੱਗੀਆਂ ਪਿੱਪਲ ਦੀ ਛਾਵੇਂ' ਨੇ ਸਾਰਿਆਂ ਨੂੰ ਨੱਚਣ ਤੇ ਗਾਉਣ ਲਈ ਮਜਬੂਰ ਕੀਤਾ।ਸੁਰਿੰਦਰ ਕੌਰ, ਹਰਵਿੰਦਰ ਕੌਰ, ਹਰਿੰਦਰ ਕੌਰ ਤੇ ਸਤਪਾਲ ਕੌਰ ਨੇ ਆਖਿਆ ਕਿ ਪੰਜਾਬ ਦੀ ਵਿਰਾਸਤ ਗਿੱਧਾ ਤੇ ਭੰਗੜਾ ਹਨ ਅਤੇ ਸਾਨੂੰ ਆਪਣੀ ਵਿਰਾਸਤ ਨਾਲ ਜੁੜੇ ਰਹਿਣਾ ਚਾਹੀਦਾ ਹੈ। ਸੁਰਿੰਦਰ ਕੌਰ ਨੇ ਕਿਹਾ ਕਿ ਅੱਜ ਤੀਆਂ ਦੇ ਪ੍ਰੋਗਰਾਮ ਨੇ ਪੰਜਾਬ ਦੇ ਅਸਲ ਸੱਭਿਆਚਾਰ ਨੂੰ ਚੇਤੇ ਕਰਵਾਇਆ ਹੈ।ਇਸ ਮੌਕੇ ਕੁਲਵੰਤ ਕੌਰ, ਕਿਰਨਜੀਤ ਕੌਰ, ਸੁਰਿੰਦਰ ਕੌਰ, ਹਰਿੰਦਰ ਕੌਰ, ਹਰਵਿੰਦਰ ਕੌਰ, ਜਸਪ੍ਰੀਤ ਕੌਰ, ਤਰਨਜੀਤ ਕੌਰ, ਧਰਵਿੰਦਰ ਕੌਰ, ਰੰਜਨਾ ਰਾਣੀ, ਪਰਮਦੀਪ ਕੌਰ, ਸੱਤਪਾਲ ਕੌਰ, ਕਰਮਜੀਤ ਕੌਰ, ਪਰਮਜੀਤ ਕੌਰ, ਜਸਵਿੰਦਰ ਕੌਰ, ਜਸਪਾਲ ਕੌਰ, ਸੁਰਿੰਦਰ ਕੌਰ, ਅੰਮ੍ਰਿਤ ਕੌਰ ਆਦਿ ਹਾਜ਼ਰ ਸਨ।

## ਸਰਕਾਰੀ ਪ੍ਰਾਇਮਰੀ ਸਕੂਲ ਗੱਟੀ ਰਾਜੋ ਕੇ 'ਚੋਂ ਡਰੋਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੀ ਐੱਸ ਐੱਫ ਦੇ ਅਧਿਕਾਰੀਆਂ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਗੱਟੀ ਰਾਜੋ ਕੇ 'ਚੋਂ ਇੱਕ ਡਰੋਨ ਮਾਡਲ ਡੀ ਜੇ ਆਈ ਜੀ ਮਾਵਿਕ 3 ਕਲਾਸਿਕ ਦਰਖ਼ਤਾਂ 'ਤੇ ਲਟਕਦਾ ਬਰਾਮਦ ਕੀਤਾ। ਇਸ ਸੰਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ 10, 11, 12 ਏਅਰਕਰਾਫਟ ਐਕਟ 1934 ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਇਕ ਪੱਤਰ ਨੰਬਰ ਸੀ/ਓ ਪੀ ਐੱਸ/ਐੱਫ ਆਈ ਆਰ/ 155/25/472 ਆਫਿਸ ਆਫ ਦੀ 'ਸੀ' ਸੀ ਓ ਵਾਈ ਕਮਾਂਡਰ ਬੀ ਓ ਪੀ ਐੱਚ ਕੇ ਟੀ, 155 ਬਟਾਲੀਅਨ ਬੀ ਐੱਸ ਐੱਫ 31 ਜੁਲਾਈ 2025 ਵੱਲੋਂ ਬੀ ਐੱਸ ਨਾਕੀ, ਏ ਸੀ ਸੀ ਓ ਵਾਈ ਕਮਾਂਡਰ 'ਸੀ' ਸੀ ਓ ਵਾਈ ਬੀ ਓ ਪੀ ਐੱਚ ਕੇ ਟੀ, 155 ਬਟਾਲੀਅਨ ਬੀ ਐੱਸ ਐੱਫ ਸਮੇਤ ਮਾਲ ਕਾਰਵਾਈ ਕਰਨ ਲਈ ਮੌਕੇ ਹਵਾਲਾ ਕੀਤਾ ਕਿ ਅੱਜ ਐੱਚ ਕੇ ਟੀ, 155 ਬਟਾਲੀਅਨ ਬੀ ਐੱਸ ਐੱਫ ਦੇ ਅਧਿਕਾਰੀਆਂ ਵੱਲੋਂ ਪ੍ਰਾਇਮਰੀ ਸਕੂਲ ਗੱਟੀ ਰਾਜੋ ਕੇ 1 ਡਰੋਨ ਮਾਡਲ ਡੀ ਜੇ ਆਈ ਮਾਵਿਕ 3 ਕਲਾਸਿਕ ਦਰਖ਼ਤਾਂ 'ਤੇ ਲਟਕਦਾ ਬਰਾਮਦ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਇਸ ਸੰਬੰਧ ਵਿੱਚ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਕੇਂਦਰੀ ਜੇਲ੍ਹ 'ਚੋਂ 6 ਮੋਬਾਇਲ ਬਰਾਮਦ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ 6 ਮੋਬਾਇਲ ਫੋਨ ਬਰਾਮਦ ਹੋਏ ਹਨ। ਇਸ ਸੰਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 4 ਹਵਾਲਾਤੀਆਂ ਖਿਲਾਫ 52 ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਇਕ ਪੱਤਰ ਨੰਬਰ 5089 ਰਾਹੀਂ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਨੇ ਦੱਸਿਆ ਕਿ 21 ਜੁਲਾਈ 2025 ਨੂੰ ਹਵਾਲਾਤੀ ਲਵਪ੍ਰੀਤ ਸਿੰਘ ਪੁੱਤਰ ਵਜੀਰ ਸਿੰਘ ਵਾਸੀ ਦਾਨੀ ਪੀਰ ਬੇਰੀਆ ਪਿੰਡ ਪੱਲਾ ਮੇਘਾ ਦੀ ਜਿਸਮਾਨੀ ਤਲਾਸ਼ੀ ਕੀਤੀ, ਜਿਸ ਕੋਲੋਂ 2 ਮੋਬਾਇਲ ਫੋਨ 1 ਓਪੋ ਕੰਪਨੀ ਦਾ ਟੱਚ ਸਕਰੀਨ ਮੋਬਾਇਲ ਫੋਨ ਤੇ 1 ਨੋਕੀਆ ਕੰਪਨੀ ਦਾ ਕੀਪੈਡ ਮੋਬਾਇਲ ਫੋਨ ਬਰਾਮਦ ਹੋਇਆ। ਇਨ੍ਹਾਂ ਮੋਬਾਇਲਾਂ ਫੋਨਾਂ ਬਾਰੇ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਬਰਾਮਦ ਹੋਇਆ ਟੱਚ ਸਕਰੀਨ ਮੋਬਾਇਲ ਹਵਾਲਾਤੀ ਸੁਖਵਿੰਦਰ ਸਿੰਘ ਪੁੱਤਰ ਬਗੀਚਾ ਸਿੰਘ ਵਾਸੀ ਨਿਹਾਲਾ ਕਿਲਚਾ ਦਾ ਹੈ। ਪੱਤਰ ਨੰਬਰ 5118 ਰਾਹੀਂ 22 ਜੁਲਾਈ 2025 ਵਿੱਚ ਹਵਾਲਾਤੀ ਗੁਰਜਿੰਦਰ ਸਿੰਘ ਉਰਫ ਕਾਕਾ ਪੁੱਤਰ ਸੁੱਚਾ ਸਿੰਘ ਵਾਸੀ ਝੰਡਾ ਬੰਗਾ ਥਾਣਾ ਸਦਰ ਜ਼ੀਰਾ ਕੋਲੋਂ ਇਕ ਟੱਚ ਸਕਰੀਨ ਮੋਬਾਇਲ ਫੋਨ ਤੇ ਪੱਤਰ ਨੰਬਰ 5244 ਮਿਤੀ 27 ਜੁਲਾਈ 2025 ਨੂੰ ਹਵਾਲਾਤੀ ਬਲਦੇਵ ਸਿੰਘ ਪੁੱਤਰ ਮੋਹਣ ਸਿੰਘ ਵਾਸੀ ਪਿੰਡ ਫੱਤੂ ਵਾਲਾ ਕੋਲੋਂ 1 ਨੋਕੀਆ ਕੰਪਨੀ ਦਾ ਕੀਪੈਡ ਮੋਬਾਇਲ ਫੋਨ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕੋਟਕਪੂਰਾ ਕਲੱਬਜ਼ ਨੇ ਮੁਫ਼ਤ ਅਯੂਸ਼ ਕੈਂਪ ਲਗਾਇਆ




**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਸਰਕਾਰ ਦੇ ਹੁਕਮਾਂ ਤੇ ਡਾ. ਰਵੀ ਡੂਮਰਾ ਮਾਨਯੋਗ ਡਾਇਰੈਕਟਰ ਆਯੁਰਵੈਦਾ ਪੰਜਾਬ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਨਵਪ੍ਰੀਤ ਕੌਰ ਮਾਨਯੋਗ ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫਸਰ ਫਰੀਦਕੋਟ ਦੀ ਦੇਖ ਰੇਖ ਵਿੱਚ ਮੁਫ਼ਤ ਅਯੂਸ਼ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਡਾ. ਰੋਹਿਤ, ਡਾ. ਤਰੁਣ ਸ਼ਰਮਾ, ਡਾ. ਦਿਨੇਸ਼ ਸੇਠੀ, ਡਾ. ਭਗਵੰਤ ਕੌਰ ਤੇ ਹਰਪ੍ਰੀਤ ਸਿੰਘ ਉਪਵੈਦ, ਦੀਪਕ ਚੌਧਰੀ ਤੇ ਸੁਖਵਿੰਦਰ ਕੌਰ ਹਾਜ਼ਰ ਸਨ।ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਤੇ ਹੀਰੇ ਵੈੱਲਫੇਅਰ ਕਲੱਬ ਕੋਟਕਪੂਰਾ ਵੱਲੋਂ ਪੰਜਾਬ ਸਰਕਾਰ ਦੇ ਅਯੂਸ਼ ਵਿਭਾਗ ਦੇ ਸਹਿਯੋਗ ਨਾਲ ਮੁਫਤ ਚੈੱਕਅਪ ਕੈਂਪ ਤੇ ਫਰੀ ਦਵਾਈ ਦਾ ਕੈਂਪ ਸੇਠ ਕੇਦਾਰ ਨਾਥ ਧਰਮਸ਼ਾਲਾ ਕੋਟਕਪੂਰਾ ਵਿੱਚ ਲਾਇਆ ਗਿਆ।ਇਸ ਕੈਂਪ ਵਿੱਚ 579 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਮੁਫਤ ਦਵਾਈਆਂ ਦਿੱਤੀਆਂ ਗਈਆਂ।ਇਸ ਕੈਂਪ ਦੇ ਮੁੱਖ ਮਹਿਮਾਨ ਡੀ ਐੱਸ ਪੀ ਕੋਟਕਪੂਰਾ ਜਤਿੰਦਰ ਚੋਪੜਾ ਤੇ ਪ੍ਰਧਾਨਗੀ ਚਮਕੌਰ ਸਿੰਘ ਬਰਾੜ ਐੱਸ ਐੱਚ ਓ ਸਿਟੀ ਕੋਟਕਪੂਰਾ ਨੇ ਕੀਤੀ।ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਡਾਕਟਰ ਨਵਪ੍ਰੀਤ ਕੌਰ ਡੀਏਯੂਓ ਫਰੀਦਕੋਟ ਨੇ ਸ਼ਮੂਲੀਅਤ ਕੀਤੀ।

ਦੋਹਾਂ ਕਲੱਬ ਮੈਂਬਰਾਂ ਤੇ ਹਾਜ਼ਰ ਮਰੀਜ਼ਾਂ ਵੱਲੋਂ ਪੁਰਜ਼ੋਰ ਮੰਗ ਕੀਤੀ ਗਈ ਕਿ ਸ਼ਹਿਰ ਵਿੱਚ ਇਕ ਅਯੁਰਵੈਦਿਕ ਡਿਸਪੈਂਸਰੀ ਖੋਲ੍ਹੀ ਜਾਵੇ।ਡਾਕਟਰ ਨਵਪ੍ਰੀਤ ਕੌਰ ਨੇ ਵਿਸ਼ਵਾਸ ਦਿਵਾਇਆ ਕਿ ਇਸ ਸੰਬੰਧੀ ਉਚਿਤ ਕਾਰਵਾਈ ਲਈ ਹੈੱਡਕੁਆਰਟਰ ਨੂੰ ਲਿਖ ਦਿੱਤਾ ਜਾਵੇਗਾ।ਇਸ ਕੈਂਪ ਵਿੱਚ ਲਾਇਨ ਰਾਜਿੰਦਰ ਸਿੰਘ ਸਰਾਂ, ਵਿਕਰਾਂਤ ਧੀਂਗੜਾ, ਤੇਜ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਹੈਲੀ, ਜਗਸੀਰ ਸਿੰਘ ਸੋਨਾ, ਗੁਰਦੀਪ ਸਿੰਘ ਸੈਕਟਰੀ, ਸੰਦੀਪ ਕੌੜਾ, ਮਨਮੋਹਨ ਕ੍ਰਿਸ਼ਨ ਗੋਇਲ, ਜਗਸੀਰ ਸਿੰਘ ਸਰਪੰਚ ਤੇ ਹੀਰੇ ਵੈੱਲਫੇਅਰ ਕਲੱਬ ਦੇ ਪ੍ਰਧਾਨ ਸੰਦੀਪ ਕਟਾਰੀਆ, ਗੋਪਾਲ ਕ੍ਰਿਸ਼ਨ ਵੋਹਰਾ, ਦਲਜਿੰਦਰ ਸਿੰਘ ਸੰਧੂ, ਉਂਕਾਰ ਗੋਇਲ ਪ੍ਰਧਾਨ, ਵਿਨੋਦ ਧਵਨ ਮੁਖੀ ਆਨੰਦਪੁਰ ਆਸ਼ਰਮ ਤੋਂ ਇਲਾਵਾ ਦੋਨਾਂ ਵਿਭਾਗਾਂ ਦਾ ਸਹਾਇਕ ਸਟਾਫ ਹਾਜ਼ਰ ਸੀ।

## ਪੰਥਕ ਲੀਡਰਸ਼ਿਪ ਸੰਬੰਧੀ ਚਰਚਾਵਾਂ ਵਿਚਕਾਰ ਤਲਵੰਡੀ ਤੇ ਰਵੀਇੰਦਰ ਸਿੰਘ ਦੀ ਮੁਲਾਕਾਤ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਏ ਇਤਿਹਾਸਕ ਹੁਕਮਨਾਮੇ ਦੇ ਮੱਦੇਨਜ਼ਰ ਪੰਜ ਮੈਂਬਰੀ ਕਮੇਟੀ ਦੀ ਅਗਵਾਈ ਹੇਠ ਪੰਜਾਬ ਭਰ ਵਿੱਚ ਅਕਾਲੀ ਦਲ ਦੀ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਗਈ ਸੀ।ਇਹ ਪ੍ਰਕਿਰਿਆ ਹੁਣ ਪੂਰੀ ਹੋ ਚੁੱਕੀ ਹੈ ਤੇ 11 ਅਗਸਤ 2025 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਵੇਂ ਬਣੇ ਡੈਲੀਗੇਟਸ ਦੀ ਸਭਾ ਦਾ ਸੰਮੇਲਨ ਹੋਣ ਜਾ ਰਿਹਾ ਹੈ।ਇਸੇ ਦੌਰਾਨ ਅਕਾਲੀ ਦਲ ਦੀ ਅਗਲੀ ਲੀਡਰਸ਼ਿਪ ਸੰਬੰਧੀ ਗੰਭੀਰ ਚਰਚਾਵਾਂ ਚੱਲ ਰਹੀਆਂ ਹਨ।ਕਈ ਨਾਂ ਵੱਖ-ਵੱਖ ਪੱਧਰਾਂ 'ਤੇ ਚਰਚਾ 'ਚ ਹਨ ਤੇ ਭਰੋਸੇਯੋਗ ਸਰੋਤਾਂ ਮੁਤਾਬਕ ਪਾਰਟੀ ਦੀ ਅਗਵਾਈ ਲਈ ਸਰਵਸੰਮਤੀ ਬਣਾਉਣ ਦੇ ਯਤਨ ਜਾਰੀ ਹਨ।ਇਨ੍ਹਾਂ ਚਰਚਾਵਾਂ ਦੇ ਵਿਚਕਾਰ ਗੁਰਜੀਤ ਸਿੰਘ ਤਲਵੰਡੀ, ਜੋ ਅਕਾਲੀ ਦਲ ਦੇ ਪ੍ਰਮੁੱਖ ਆਗੂ ਅਤੇ ਸਾਬਕਾ ਸ਼੍ਰੋਮਣੀ ਕਮੇਟੀ ਪ੍ਰਧਾਨ ਲੋਹ ਪੁਰਸ਼ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਦੋਹਤੇ ਹਨ, ਨੇ ਅਕਾਲੀ ਦਲ 1920 ਦੇ ਪ੍ਰਧਾਨ ਸ. ਰਵੀ ਇੰਦਰ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।ਹਾਲਾਂਕਿ ਮੁਲਾਕਾਤ ਬੰਦ ਕਮਰੇ ਵਿੱਚ ਹੋਈ ਤੇ ਇਸ ਦੀਆਂ ਅੰਦਰੂਨੀ ਜਾਣਕਾਰੀਆਂ ਉਜਾਗਰ ਨਹੀਂ ਹੋਈਆਂ, ਪਰ ਮੀਡੀਆ ਨਾਲ ਗੱਲਬਾਤ ਕਰਦਿਆਂ ਗੁਰਜੀਤ ਸਿੰਘ ਤਲਵੰਡੀ ਨੇ ਦੱਸਿਆ ਕਿ ਮੈਂ ਸ੍. ਰਵੀ ਇੰਦਰ ਸਿੰਘ ਜੀ ਕੋਲ ਉਨ੍ਹਾਂ ਦਾ ਆਸ਼ੀਰਵਾਦ ਲੈਣ ਗਿਆ ਸੀ।ਮੇਰੇ ਲਈ ਨਿੱਜੀ ਤੌਰ 'ਤੇ ਵੀ ਉਨ੍ਹਾਂ ਦੀ ਰਾਏ ਬਹੁਤ ਮਾਇਨਾ ਰੱਖਦੀ ਹੈ ਅਤੇ ਉਨ੍ਹਾਂ ਤੋਂ ਹਮੇਸ਼ਾ ਸਿੱਖਣ ਨੂੰ ਮਿਲਦਾ ਹੈ।ਉਹ ਸਿੱਖ ਸਿਧਾਂਤਾਂ 'ਤੇ ਅਡੋਲ ਰਹਿਣ ਵਾਲੇ ਆਗੂਆਂ ਵਿੱਚੋਂ ਇੱਕ ਹਨ।ਉਹ ਨਵੀਂ ਪੀੜ੍ਹੀ ਲਈ ਇੱਕ ਪ੍ਰੇਰਣਾਦਾਇਕ ਚਿਹਰਾ ਹਨ।ਜਦੋਂਕਿ ਹੁਕਮਨਾਮੇ ਸਾਹਿਬ ਦੇ ਆਦੇਸ਼ ਅਨੁਸਾਰ ਪੰਥਕ ਲੀਡਰਸ਼ਿਪ ਨਵੇਂ ਚਿਹਰੇ ਲੱਭ ਰਹੀ ਹੈ, ਮੈਂ ਸਮਝਦਾ ਹਾਂ ਕਿ ਸ੍. ਰਵੀ ਇੰਦਰ ਸਿੰਘ ਜੀ ਆਪਣੀ ਦੂਰਦਰਸ਼ਤਾ, ਅਨੁਭਵ ਤੇ ਅਟੁੱਟ ਵਚਨਬੱਧਤਾ ਰਾਹੀਂ, ਇਕ ਮਜ਼ਬੂਤ ਤੇ ਸਿਧਾਂਤਕ ਆਗੂ ਦੇਣ ਤੇ ਕੌਮ ਵਿੱਚ ਸਰਬਸੰਮਤੀ ਕਰਵਾਉਣ ਦੀ ਸਮਰੱਥਾ ਰੱਖਦੇ ਹਨ। ਲੋਹ ਪੁਰਸ਼ ਜਥੇਦਾਰ ਜਗਦੇਵ ਸਿੰਘ ਤਲਵੰਡੀ, ਸ੍. ਪ੍ਰਕਾਸ਼ ਸਿੰਘ ਬਾਦਲ ਤੇ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਦੀ ਗੈਰ ਮੌਜੂਦਗੀ ਵਿੱਚ ਸਿਰਫ ਰਵੀ ਇੰਦਰ ਸਿੰਘ ਜੀ ਹੀ ਸਾਰਿਆਂ ਨੂੰ ਇਕੱਠਾ ਕਰ ਸਕਦੇ ਹਨ।ਇਹ ਮੁਲਾਕਾਤ ਪੰਥਕ ਰਾਜਨੀਤੀ ਵਿੱਚ ਇੱਕ ਸੰਭਾਵਨਾਤਮਕ ਵਿਕਾਸ ਵਜੋਂ ਦੇਖੀ ਜਾ ਰਹੀ ਹੈ ਤੇ ਅਗਲੇ ਦਿਨਾਂ ਵਿੱਚ ਇਸ ਦੇ ਨਤੀਜੇ ਕਾਫ਼ੀ ਦਿਲਚਸਪ ਹੋ ਸਕਦੇ ਹਨ।

## ਚੋਰੀ ਦੇ ਮੋਟਰਸਾਈਕਲਾਂ ਤੇ ਐਕਟਿਵਾ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਘੱਲਖੁਰਦ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਚੋਰੀ ਦੇ 9 ਮੋਟਰਸਾਈਕਲਾਂ ਅਤੇ ਇੱਕ ਐਕਟਿਵਾ ਸਕੂਟਰੀ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ 303 (2), 317 (2) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਇਲਾਕਾ ਥਾਣਾ ਚੌਕੀ ਚੋਰੀਆ ਮਾਹਲਾ ਚੌਕ ਮੁੱਦਕੀ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਸਰਬਜੀਤ ਸਿੰਘ ਉਰਫ ਗੁਰੀ ਪੁੱਤਰ ਜਸਵਿੰਦਰ ਸਿੰਘ ਵਾਸੀ ਭਲੂਰ ਵਾਲੀ ਬਸਤੀ ਦਾਖਲੀ ਪਿੰਡ ਕੋਟ ਸੁਖੀਆਂ ਥਾਣਾ ਸਦਰ ਕੋਟਕਪੂਰਾ ਅਤੇ ਅਵਤਾਰ ਸਿੰਘ ਉਰਫ ਪਿੰਕੂ ਪੁੱਤਰ ਬਲਦੇਵ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਅਜੀਤ ਨਗਰ ਤਲਵੰਡੀ ਭਾਈ ਫਿਰੋਜ਼ਪੁਰ ਵਗੈਰਾ ਚੋਰੀ ਕਰਕੇ ਮੋਟਰਸਾਈਕਲ ਅੱਗੇ ਵੇਚਣ ਦੀ ਤਾਂਘ ਵਿੱਚ ਹਨ। ਜੇਕਰ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਉਹ ਸਮੇਤ ਮੋਟਰਸਾਈਕਲ ਕਾਬੂ ਆ ਸਕਦੇ ਹਨ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕੀਤੀ ਗਈ ਤਾਂ ਉਕਤ ਦੋਸ਼ੀਆਨ ਕੋਲੋਂ ਚੋਰੀ ਦੇ 9 ਮੋਟਰਸਾਈਕਲ ਤੇ ਇਕ ਐਕਟਿਵਾ ਸਕੂਟਰੀ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਚੰਡੀਗੜ੍ਹ ਡਵੀਜ਼ਨ ਏਜੰਟ ਯੂਨੀਅਨ (ਲਿਆਵੀ) ਦੀ ਸਮਾਣਾ 'ਚ ਮੀਟਿੰਗ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਭਾਰਤੀ ਜੀਵਨ ਬੀਮਾ ਨਿਗਮ ਯੂਨੀਅਨ (ਲਿਆਵੀ) ਜੋ ਕਿ 1964 ਨੂੰ ਹੋਂਦ ਵਿੱਚ ਆਈ ਤੇ ਸਾਲ ਦਰ ਸਾਲ ਇਸ ਦਾ ਕਾਫਲਾ ਵਧ ਕੇ ਹੁਣ ਤਕਰੀਬਨ 14 ਲੱਖ ਤੱਕ ਪਹੁੰਚ ਚੁੱਕਾ ਹੈ। ਲਿਆਵੀ ਜੋ ਕਿ ਇੰਡੀਆ ਪੱਧਰ 'ਤੇ ਏਜੰਟਾਂ ਦੀ ਨੁਮਾਇੰਦਗੀ ਕਰਦੀ ਹੈ ਤੇ ਵੱਖ ਵੱਖ ਸਮੇਂ 'ਤੇ ਏਜੰਟਾਂ ਨੂੰ ਦਰਪੇਸ਼ ਆਉਂਦੀਆਂ ਮੁਸ਼ਕਲਾਂ ਦਾ ਹੱਲ ਕਰਦੀ ਹੈ ਤੇ ਡਵੀਜ਼ਨ ਪੱਧਰ 'ਤੇ ਮੀਟਿੰਗਾਂ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਡਵੀਜਨ ਚੰਡੀਗੜ੍ਹ ਦੀ ਇਸ ਤਿਮਾਹੀ ਮੀਟਿੰਗ ਡਵੀਜ਼ਨ ਪ੍ਰਧਾਨ ਪਰਮਜੀਤ ਸਿੰਘ ਸੂਹੀ ਦੀ ਪ੍ਰਧਾਨਗੀ ਹੇਠ ਸਮਾਣਾ ਇਕਾਈ ਵੱਲੋਂ ਪ੍ਰਧਾਨ ਅਮ੍ਰਿਤ ਲਾਲ ਗਰਗ ਦੀ ਅਗਵਾਈ ਹੇਠ ਆਪਣਾ ਦਾਣਾ-ਪਾਣੀ ਹੋਟਲ ਵਿੱਚ ਕਰਵਾਈ ਗਈ, ਜਿਸ ਵਿੱਚ ਡਵੀਜ਼ਨ ਸੈਕਟਰੀ ਦੀਪਕ ਪਾਲ, ਵਾਈਸ ਪ੍ਰਧਾਨ ਮੈਡਮ ਪੂਜਾ ਸ਼ਰਮਾ, ਕੈਸ਼ੀਅਰ ਸੰਜੀਵ ਸੂਦ ਹਾਜ਼ਰ ਹੋਏ। ਇਸ ਮੀਟਿੰਗ ਵਿੱਚ ਲਿਆਵੀ ਦੇ ਸੀਨੀ. ਲੀਡਰ ਸ੍ਰੀ ਕੇ ਕੇ ਵੋਹਰਾ, ਮਾਸਟਰ ਚਰਨਜੀਤ ਸਿੰਘ, ਕੇ ਕੇ ਮਰਵਾਹਾ, ਸ਼ਿਵ ਕੁਮਾਰ ਘੱਗਾ ਤੇ ਹੋਰ ਸੀਨੀ. ਲੀਡਰ ਪੁੱਜੇ। ਡਵੀਜ਼ਨ ਦੀਆਂ ਤਕਰੀਬਨ 20 ਬ੍ਰਾਂਚਾਂ ਤੋਂ ਆਏ ਪ੍ਰਧਾਨ, ਸੈਕਟਰੀ ਤੇ ਏਜੰਟ ਸਾਥੀਆਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸੀ. ਕਵੀਜਨ ਮੈਨੇਜਰ ਸ੍ਰੀ ਸੋਨਮ ਚਿਵਾਂਗ, ਮਾਰਕੀਟਿੰਗ ਮੈਨੇਜਰ ਪ੍ਰਕਾਸ਼ ਚੌਹਾਨ, ਸੇਲਜ਼ ਮੈਨੇਜਰ ਪਦਮ ਚੌਹਾਨ, ਸਮਾਣਾ ਬ੍ਰਾਂਚ ਮੈਨੇਜਰ ਰਾਮ ਸਿੰਘ, ਪਾਤੜਾਂ ਬ੍ਰਾਂਚ ਮੈਨੇਜਰ ਅਮਨਦੀਪ ਸਿੰਘ ਨੇ ਸ਼ਿਰਕਤ ਕੀਤੀ। ਵੱਖ ਵੱਖ ਬ੍ਰਾਂਚਾਂ ਤੋਂ ਆਏ ਸਾਥੀਆਂ ਨੇ ਆਪੋ ਆਪਣੀ ਬ੍ਰਾਂਚ ਵਿੱਚ ਆਉਂਦੀਆਂ ਮੁਸ਼ਕਲਾਂ ਡਵੀਜ਼ਨ ਬਾਡੀ ਅੱਗੇ ਰੱਖੀਆਂ। ਡਵੀਜ਼ਨ ਪ੍ਰਧਾਨ ਸ੍. ਸੂਹੀ ਨੇ ਸਟੇਜ ਤੋਂ ਇਨ੍ਹਾਂ ਮੁਸ਼ਕਲਾਂ ਦੇ ਹੱਲ ਲਈ ਵਿਸ਼ਵਾਸ ਦਿਵਾਇਆ ਤੇ ਕਿਹਾ ਕਿ ਤੁਹਾਡੀਆਂ ਮੁਸ਼ਕਲਾਂ ਦੇ ਹੱਲ ਲਈ ਵੱਖ ਵੱਖ ਸਮੇਂ 'ਤੇ ਸਾਡੀ ਮੈਨੇਜਮੈਂਟ ਨਾਲ ਗੱਲਬਾਤ ਹੁੰਦੀ ਰਹਿੰਦੀ ਹੈ ਅਤੇ ਸਾਡੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਜਲਦੀ ਤੋਂ ਜਲਦੀ ਹੱਲ ਕਰਵਾਈਆਂ ਜਾਣ, ਪਰ ਜਿਹੜੀਆਂ ਮੁਸ਼ਕਲਾਂ ਸੈਂਟਰ ਪੱਧਰ ਤੱਕ ਦੀਆਂ ਹੁੰਦੀਆਂ ਹਨ ਤਾਂ ਉਹ ਅਸੀਂ ਸੈਂਟਰ ਬਾਡੀ ਲਿਆਵੀ ਦੇ ਧਿਆਨ ਹੇਠ ਲਿਆਉਂਦੇ ਹਾਂ, ਸਾਡੇ ਆਲ ਇੰਡੀਆ ਲਿਆਵੀ ਦੇ ਪ੍ਰਧਾਨ ਸੀ ਸਿਆਮਲ ਚੱਕਰਚਕੀ ਦੀ ਅਗਵਾਈ ਹੇਠ ਹਾਈ ਪੱਧਰ ਦੀ ਮੈਨੇਜਮੈਂਟ ਨਾਲ ਗੱਲਬਾਤ ਰਾਹੀਂ ਮੁਸ਼ਕਲਾਂ ਦਾ ਹੱਲ ਕਰਵਾਉਂਦੇ ਰਹਿੰਦੇ ਹਨ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀ. ਡਵੀਜ਼ਨ ਮੈਨੇਜਰ ਸੋਨਮ ਦਿਵਾਂਗ ਨੇ ਪੰਜਾਬ ਦੇ ਲੋਕਾਂ ਦੀ ਤਾਰੀਫ਼ ਕੀਤੀ ਕਿ 'ਪੰਜਾਬੀ ਜੋ ਠਾਣ ਲੇਤੇ ਹੈਂ ਵੋ ਜ਼ਰੂਰ ਕਰਤੇ ਹੈਂ।'

ਉਨ੍ਹਾਂ ਏਜੰਟ ਸਾਥੀਆਂ ਨੂੰ ਵੱਧ ਤੋਂ ਵੱਧ ਕੰਮ ਕਰਨ ਦੀ ਅਪੀਲ ਕੀਤੀ। ਸਟੇਜ ਦੀ ਕਾਰਵਾਈ ਡਵੀਜ਼ਨ ਸੈਕਟਰੀ ਦੀਪਕ ਪਾਲ ਨੇ ਬਾਖ਼ੂਬੀ ਨਾਲ ਨਿਭਾਈ। ਮੀਟਿੰਗ ਦੇ ਅਖੀਰ ਵਿੱਚ ਸਮਾਣਾ ਏਜੰਟ ਯੂਨੀਅਨ ਪ੍ਰਧਾਨ ਗਰਗ ਨੇ ਆਈਆਂ ਸ਼ਖ਼ਸੀਅਤਾਂ ਤੇ ਪਰਵਾਰਕ ਸੱਜਣਾਂ ਨੂੰ ਜੀ ਆਇਆਂ ਆਖਿਆ ਅਤੇ ਧੰਨਵਾਦ ਵੀ ਕੀਤਾ। ਹੋਰਨਾਂ ਤੋਂ ਇਲਾਵਾ ਸੈਕਟਰੀ ਜਗਤਾਰ ਸਿੰਘ, ਕੈਸ਼ੀਅਰ ਕਸ਼ਮੀਰ ਸਿੰਘ, ਪ੍ਰੈੱਸ ਸਕੱਤਰ ਤੇਜਿੰਦਰ ਸ਼ਾਹੀ ਤੇ ਬੀਮਾ ਸਖੀ ਨਾਰੀ ਸ਼ਕਤੀ ਨੇ ਵੀ ਹਾਜ਼ਰੀ ਲਵਾਈ ਅਤੇ ਸਮਾਣਾ ਤੇ ਪਾਰਜਾਂ ਬ੍ਰਾਂਚ ਤੋਂ ਸਾਰੇ ਏਜੰਟ ਸਾਥੀਆਂ ਨੇ ਵੱਧ ਚੜ੍ਹ ਕੇ ਪਹੁੰਚ ਕੇ ਆਪਣੀ ਏਕਤਾ ਦਾ ਸਬੂਤ ਦਿੱਤਾ।

## ਡਾ. ਹਰਜੋਤ ਕਮਲ ਨੇ ਦਿੱਤਾ ਸ਼ਹੀਦਾਂ ਦੇ ਰਸਤੇ 'ਤੇ ਤੁਰਨ ਦਾ ਸੰਦੇਸ਼



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹੀਦ ਊਧਮ ਸਿੰਘ ਜੀ ਦੀ 86ਵੇਂ ਸ਼ਹੀਦੀ ਦਿਹਾੜੇ ਮੌਕੇ ਪੰਜਾਬ ਭਾਜਪਾ ਸਕੱਤਰ ਤੇ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਨੇ ਸ਼ਹੀਦ ਊਧਮ ਸਿੰਘ ਦੀ ਜ਼ਿੰਦਗੀ ਤੇ ਬਲਿਦਾਨ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਅਤੇ ਨੌਜਵਾਨਾਂ ਨੂੰ ਉਨ੍ਹਾਂ ਵੱਲੋਂ ਦਰਸਾਏ ਰਸਤੇ 'ਤੇ ਤੁਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਡਾ. ਹਰਜੋਤ ਕਮਲ ਸਿੰਘ ਨੇ ਸ਼ਹੀਦ ਸ੍. ਊਧਮ ਸਿੰਘ ਦੀ ਤਸਵੀਰ 'ਤੇ ਫੁੱਲ ਮਾਲਾਂਵਾ ਭੇਟ ਕਰ ਸ਼ਰਧਾਂਜਲੀ ਅਰਪਿਤ ਕੀਤੀ।ਇਸ ਮੌਕੇ ਉਨ੍ਹਾਂ ਨਾਲ ਹਿਤੇਸ਼ ਗੁਪਤਾ, ਰਾਹੁਲ ਗਰਗ, ਦਫ਼ਤਰ ਇੰਚਾਰਜ ਮਨਪ੍ਰੀਤ ਸਿੰਘ ਕਪੂਰੇ, ਰਾਜ ਕੌਰ, ਸਾਬਕਾ ਸਰਪੰਚ ਥੰਮਣਵਾਲਾ ਦਲਜੀਤ ਕੌਰ, ਅਮਰਜੀਤ ਸਿੰਘ ਥੰਮਣਵਾਲਾ, ਨਿਰਮਲ ਸਿੰਘ ਮੀਨੀਆਂ, ਗੁਰਪ੍ਰੀਤ ਸਿੰਘ ਆਦਿ ਨੇ ਵੀ ਸ਼ਰਧਾਂਜਲੀ ਦਿੱਤੀ।ਉਨ੍ਹਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਜੀ ਦਾ ਜੀਵਨ ਸਾਡੇ ਵਿੱਚ ਦੇਸ਼ ਪ੍ਰੇਮ ਤੇ ਕੁਰਬਾਨੀ ਦਾ ਜੋ ਜਜ਼ਬਾ ਭਰਦਾ ਹੈ।ਜਲ੍ਹਿਆਂਵਾਲਾ ਬਾਗ ਕਤਲੇਆਮ ਦਾ ਬਦਲਾ ਲੈਣ ਲਈ ਉਨ੍ਹਾਂ ਨੇ ਜਦੋਂ ਮਾਈਕਲ ਓਡਵਾਇਰ ਨੂੰ ਲੰਡਨ ਵਿੱਚ ਗੋਲੀ ਮਾਰੀ, ਤਾਂ ਇਹ ਸਾਰੇ ਸੰਸਾਰ ਲਈ ਸਬਕ ਸੀ ਕਿ ਭਾਰਤਵਾਸੀ ਅਨਿਆ ਨਹੀਂ ਸਹਿਣਗੇ।ਡਾ. ਹਰਜੋਤ ਕਮਲ ਸਿੰਘ ਨੇ ਕਿਹਾ ਕਿ ਅਸਲੀ ਸ਼ਰਧਾਂਜਲੀ ਤਾਂ ਉਦੋਂ ਹੋਵੇਗੀ, ਜਦੋਂ ਅਸੀਂ ਉਨ੍ਹਾਂ ਦੀ ਸੋਚ ਅਨੁਸਾਰ ਸਮਾਜ ਦਾ ਨਿਰਮਾਣ ਕਰਾਂਗੇ।

## ਸਰਕਾਰ ਨੂੰ ਇੱਕ ਇੰਚ ਜ਼ਮੀਨ ਐਕਵਾਇਰ ਕਰਨ ਨਹੀਂ ਦਿੱਤੀ ਜਾਵੇਗੀ : ਮਲਕ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਦੇ ਖਿਲਾਫ ਕਿਸਾਨਾਂ ਨੇ ਟਰੈਕਟਰ ਰੋਸ ਮਾਰਚ ਕੱਢ ਕੇ ਸਰਕਾਰ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ ਨੇ ਕਿਹਾ ਕਿ ਸਰਕਾਰ ਨੂੰ ਇਕ ਇੰਚ ਜ਼ਮੀਨ ਐਕਵਾਇਰ ਕਰਨ ਨਹੀਂ ਦਿੱਤੀ ਜਾਵੇਗੀ, ਇਸ ਲਈ ਭਾਵੇਂ ਸਾਨੂੰ ਆਪਣੀ ਜਾਨ ਵੀ ਕਿਉਂ ਨਾ ਦੇਣੀ ਪਵੇ। ਇਸ ਟਰੈਕਟਰ ਮਾਰਚ 'ਚ ਪਿੰਡ ਮਲਕ, ਪੋਨਾ, ਅਲੀਗੜ੍ਹ ਤੇ ਚੀਮਨਾ ਪਿੰਡ ਦੇ ਕਿਸਾਨ ਆਪਣੇ 250 ਤੋਂ ਵੀ ਵੱਧ ਟਰੈਕਟਰ ਲੈ ਕੇ ਸ਼ਾਮਲ ਹੋਏ। ਇਸ ਮੌਕੇ ਸਭ ਨੇ ਇਕਜੁਟ ਹੋ ਕੇ ਕਿਹਾ ਕਿ ਉਹ ਆਪਣੀ ਜ਼ਮੀਨ ਦਾ ਇਕ ਇੰਚ ਵੀ ਸਰਕਾਰ ਨੂੰ ਐਕਵਾਇਰ ਨਹੀਂ ਕਰਨ ਦੇਣਗੇ, ਚਾਹੇ ਇਸ ਲਈ ਜਿੰਨੀ ਮਰਜ਼ੀ ਵੱਡੀ ਲੜਾਈ ਲੜਨੀ ਪਵੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਦੀ ਕਿਸਾਨ ਮਾਰੂ ਨੀਤੀ ਦਾ ਉਹ ਸਿਰੇ ਤੋਂ ਵਿਰੋਧ ਕਰਦੇ ਹਨ ਤੇ ਕਿਸੇ ਵੀ ਹਾਲਾਤਾਂ ਵਿਚ ਆਪਣੀ ਜ਼ਮੀਨ ਦਾ ਇਕ ਇੰਚ ਹਿੱਸਾ ਵੀ ਐਕਵਾਇਰ ਨਹੀਂ ਹੋਣ ਦੇਣਗੇ। ਇਸ ਮੌਕੇ ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਸਰਪੰਚ ਹਰਦੀਪ ਸਿੰਘ ਲਾਲੀ, ਸਾਬਕਾ ਸਰਪੰਚ ਨਿਰਭੈ ਸਿੰਘ ਸਿੱਧੂ, ਕੁਲਵੰਤ ਸਿੰਘ ਸਿੱਧੂ, ਸੁਰਜੀਤ ਸਿੰਘ ਗਰੇਵਾਲ, ਬਲਵਿੰਦਰ ਸਿੰਘ ਸੱਗੂ, ਕੁਲਵੰਤ ਸਿੰਘ ਸੱਗੂ, ਹਰਮੇਲ ਸਿੰਘ ਗਰੇਵਾਲ, ਗੁਲਸ਼ੇਰ ਸਿੰਘ, ਅਮਰੀਕ ਸਿੰਘ, ਪਲਵਿੰਦਰ ਸਿੰਘ, ਸ਼ਮਿੰਦਰ ਸਿੰਘ, ਮਨਜਿੰਦਰ ਸਿੰਘ, ਦਲਜੀਤ ਸਿੰਘ ਤੇ ਅਮਨਿੰਦਰ ਸਿੰਘ ਆਦਿ ਹਾਜ਼ਰ ਸਨ।

## ਕਿਸਾਨੀ ਨੂੰ ਤਬਾਹ ਕਰ ਦੇਵੇਗੀ ਲੈਂਡ ਪੂਲਿੰਗ ਨੀਤੀ : ਸ਼ਕਤੀ ਆਨੰਦ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸੂਬਾ ਸਰਕਾਰ ਵੱਲੋਂ ਜੋ ਲੈਂਡ ਪੂਲਿੰਗ ਨੀਤੀ ਲਾਗੂ ਕੀਤੀ ਜਾ ਰਹੀ ਹੈ, ਉਹ ਪੰਜਾਬ ਦੀ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਤਬਾਹ ਕਰ ਦੇਵੇਗੀ ਤੇ ਸੂਬੇ ਦੀ ਕਿਸਾਨੀ ਨੂੰ ਵੀ ਖਾ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਛੀਵਾੜਾ ਇੰਮਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਤੇ ਆਜ਼ਾਦੀ ਸ਼ਕਤੀ ਆਨੰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਬਲਾਕ ਮਾਛੀਵਾੜਾ ਅਧੀਨ ਪੈਂਦੇ ਪਿੰਡ ਬਾਲਿਓਂ ਵਿਖੇ 250 ਏਕੜ ਜ਼ਮੀਨ ਇਸ ਨੀਤੀ ਤਹਿਤ ਐਕਵਾਇਰ ਕੀਤੀ ਜਾਣੀ ਹੈ, ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਸ ਇਲਾਕੇ ਦੀਆਂ ਪਹਿਲਾਂ ਕੱਟੀਆਂ ਕਾਲੋਨੀਆਂ ਪੂਰੀ ਤਰ੍ਹਾਂ ਅਬਾਦ ਨਹੀਂ ਹੋਈਆਂ ਅਤੇ ਕਈ ਪਲਾਟ ਖਾਲੀ ਪਏ ਹਨ, ਇਸ ਲਈ ਇਹ 250 ਏਕੜ ਜ਼ਮੀਨ 'ਤੇ ਰਿਹਾਇਸ਼ੀ ਤੇ ਕਮਰਸ਼ੀਅਲ ਪਲਾਟਾਂ ਦੀ ਲੋਕਾਂ ਨੇ ਕਦੇ ਵੀ ਮੰਗ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸੂਬਾ ਇਕ ਖੇਤੀਬਾੜੀ ਤੇ ਕਿਸਾਨੀ 'ਤੇ ਨਿਰਭਰ ਸੂਬਾ ਹੈ ਤੇ ਜੇਕਰ ਇੱਥੇ ਜ਼ਮੀਨ ਹੀ ਨਹੀਂ ਰਹੇਗੀ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਨਾ ਅਨਾਜ ਹੋਵੇਗਾ ਤੇ ਨਾ ਹੀ ਖੇਤਾਂ ਵਿੱਚ ਕਰਨ ਲਈ ਕੰਮ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ, ਜੋ 24000 ਏਕੜ ਜ਼ਮੀਨ ਲੈਂਡ ਪੂਲਿੰਗ ਨੀਤੀ ਤਹਿਤ ਐਕਵਾਇਰ ਕੀਤੀ ਜਾ ਰਹੀ ਹੈ, ਉਸ ਦੀ ਆਮ ਲੋਕਾਂ ਨੇ ਕਦੇ ਵੀ ਮੰਗ ਨਹੀਂ ਕੀਤੀ, ਇਸ ਲਈ ਸਰਕਾਰ ਨੂੰ ਆਪਣੇ ਇਸ ਫੈਸਲੇ 'ਤੇ ਦੁਬਾਰਾ ਗੌਰ ਕਰਦਿਆਂ ਇਸ ਨੀਤੀ ਨੂੰ ਰੱਦ ਕਰਨਾ ਚਾਹੀਦਾ ਹੈ।

## ਪੁਰਾਣੀ ਪੈਨਸ਼ਨ ਬਹਾਲੀ ਲਈ ਕਨਵੈਨਸ਼ਨ ਦੀਆਂ ਤਿਆਰੀਆਂ ਜਾਰੀ : ਅਮਨਦੀਪ/ਹਰਪਾਲ ਕੌਰ



**ਮਾਨਸਾ (ਆਤਮਾ ਸਿੰਘ ਪਮਾਰ)**-ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਲਈ ਪੁਰਾਣੀ ਪੈਨਸ਼ਨ ਬਹਾਲੀ ਸੰਗਠਨ ਅਤੇ ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ।ਮਾਨਸਾ ਜ਼ਿਲ੍ਹੇ ਵਿੱਚ ਵੱਖ-ਵੱਖ ਮੁਲਾਜ਼ਮਾਂ ਦੇ ਘਰਾਂ ਵਿੱਚ ਜਾ ਕੇ ਮੁਲਾਜ਼ਮਾਂ ਨੂੰ ਕਨਵੈਨਸ਼ਨ ਦਾ ਹਿੱਸਾ ਬਣਨ ਲਈ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ।ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦੇ ਸੂਬਾ ਪ੍ਰਧਾਨ ਅਮਨਦੀਪ ਸ਼ਰਮਾ ਨੇ ਕਿਹਾ ਕਿ ਜਦੋਂ ਵਿਧਾਇਕਾਂ ਨੂੰ ਪੈਨਸ਼ਨ ਮਿਲ ਸਕਦੀ ਹੈ ਤਾਂ ਮੁਲਾਜ਼ਮਾਂ ਨੂੰ ਕਿਉਂ ਨਹੀਂ? ਉਨ੍ਹਾਂ ਕਿਹਾ ਕਿ ਪੈਸੇ ਦੀ ਜ਼ਿਆਦਾ ਜ਼ਰੂਰਤ ਸੇਵਾ ਮੁਕਤੀ ਤੋਂ ਬਾਅਦ ਹੀ ਹੁੰਦੀ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਤੁਰੰਤ ਬਹਾਲ ਕੀਤੀ ਜਾਵੇ।ਉਨ੍ਹਾਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕਰਨ, ਪੇਂਡੂ ਭੱਤਾ ਲਾਗੂ ਕਰਨ, ਏਸੀਪੀ ਸਕੀਮ ਨੂੰ ਮੁੜ ਤੋਂ ਸੁਰਜੀਤ ਕਰਨ ਦੀ ਗੱਲ ਵੀ ਕਹੀ।ਪੁਰਾਣੀ ਪੈਨਸ਼ਨ ਸੰਗਠਨ ਪੰਜਾਬ ਦੇ ਪ੍ਰਧਾਨ ਹਰਪਾਲ ਕੌਰ ਮਾਨਸਾ ਨੇ ਦੱਸਿਆ ਕਿ ਮਾਨਸਾ ਵਿਖੇ ਹੋਣ ਜਾ ਰਹੀ ਪੰਜਾਬ ਪੱਧਰੀ ਕਨਵੈਨਸ਼ਨ ਲਈ ਸੂਬੇ ਭਰ 'ਚੋਂ ਵੱਖ-ਵੱਖ ਜ਼ਿਲ੍ਹਾ ਪ੍ਰਧਾਨਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਅੱਜ ਮਾਨਸਾ ਵਿਖੇ ਅਧਿਆਪਕਾਂ ਮੁਲਾਜ਼ਮਾਂ ਦੇ ਘਰੋਂ-ਘਰੀ ਜਾ ਕੇ ਉਨ੍ਹਾਂ ਨੂੰ ਕਨਵੈਨਸ਼ਨ ਵਿੱਚ ਸ਼ਾਮਲ ਹੋਣ ਲਈ ਅਪੀਲ ਵੀ ਕੀਤੀ ਗਈ। ਪੁਰਾਣੀ ਪੈਨਸ਼ਨ ਸੰਗਠਨ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਭਾਰਤ ਭੂਸ਼ਨ ਮਾਨਸਾ ਨੇ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਸਕੀਮ ਤੁਰੰਤ ਬਹਾਲ ਕੀਤੀ ਜਾਵੇ।ਉਨ੍ਹਾ ਕਿਹਾ ਕਿ ਪੁਰਾਣੀ ਪੈਨਸ਼ਨ ਸਾਡਾ ਹੱਕ ਹੈ ਤੇ ਸੂਬੇ ਦੇ ਮੁਲਾਜ਼ਮ ਆਪਣਾ ਸੰਵਿਧਾਨਕ ਹੱਕ ਲੈ ਕੇ ਰਹਿਣਗੇ।

## ਲਾਇਨਮੈਨ ਰਾਮਾ ਸ਼ੰਕਰ ਦੀ ਸੇਵਾ ਮੁਕਤੀ 'ਤੇ ਵਿਦਾਇਗੀ ਸਮਾਰੋਹ



**ਰਾਜਪੁਰਾ (ਰਮੇਸ਼ ਕਟਾਰੀਆ)**

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਰਾਜਪੁਰਾ ਵੱਲੋਂ ਸ੍ਰੀ ਰਾਮਾ ਸ਼ੰਕਰ ਲਾਇਨਮੈਨ ਸਿਟੀ ਸਬ ਡਵੀਜ਼ਨ ਰਾਜਪੁਰਾ ਦੀ ਰਿਟਾਇਰਮੈਂਟ ਸਮੇਂ ਸ਼ਾਨਦਾਰ ਵਿਦਾਇਗੀ ਸਮਾਰੋਹ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਨਾਜਰ ਸਿੰਘ ਪ੍ਰਧਾਨ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਰਾਜਪੁਰਾ ਨੇ ਕੀਤੀ ਤੇ ਲੱਗਭਗ 150 ਸਾਥੀਆਂ ਨੇ ਭਾਗ ਲਿਆ ਵਿਦਾਇਗੀ ਸਮਾਰੋਹ ਵਿੱਚ ਐੱਸ ਡੀ ਓ ਸਾਹਿਬ ਸ੍ਰੀ ਸਾਹਿਲ ਮਿੱਤਲ ਉਨ੍ਹਾਂ ਨਾਲ ਸਾਰੇ ਜੇਈ ਸਾਹਿਬਾਨ ਤੇ ਸਟਾਫ ਜਥੇਬੰਦੀ ਟੀ ਐੱਸ ਯੂ ਪ੍ਰਧਾਨ ਸੁਖਦੇਵ ਸਿੰਘ ਸਾਥੀਆਂ ਸਮੇਤ ਹਾਜ਼ਰ ਹੋਏ। ਇਸ ਵਿਦਾਇਗੀ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਰਾਜਿੰਦਰ ਸਿੰਘ ਮੀਤ ਪ੍ਰਧਾਨ ਪੈਨਸ਼ਨਰ ਯੂਨੀਅਨ ਪੰਜਾਬ ਵੀ ਸ਼ਾਮਲ ਹੋਏ ਤੇ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ ਇਸ ਸਮਾਰੋਹ ਨੂੰ ਸੰਬੋਧਨ ਕਰਦਿਆਂ ਚਰਨ ਸਿੰਘ ਪ੍ਰਧਾਨ ਪਟਿਆਲਾ ਸਰਕਲ ਨੇ ਏਟਕ ਜਥੇਬੰਦੀ ਬਾਰੇ ਬਾਰੇ ਜਾਣਕਾਰੀ ਦੱਸੀ ਤੇ ਰਾਜਪੁਰਾ ਵਿਖੇ ਬਣਾਉਟੀ ਜਥੇਬੰਦੀ ਬਣਾਈ ਬੈਠੇ ਲੀਡਰ ਦੇ ਬਾਰੇ ਵੀ ਜਾਣਕਾਰੀ ਵੀ ਦਿੱਤੀ ਸਮਾਰੋਹ ਨੂੰ ਮੰਗਤ ਸਿੰਘ ਡਵੀਜ਼ਨ ਆਗੂ, ਕਮਲਜੀਤ ਸਿੰਘ ਸਕੱਤਰ ਪੈਨਸ਼ਨਰ ਯੂਨੀਅਨ ਰਾਜਪੁਰਾ, ਬਲਵੀਰ ਸਿੰਘ ਸਕੱਤਰ ਰਾਜਪੁਰਾ ਤੇ ਸੁਖਦੇਵ ਸਿੰਘ ਪ੍ਰਧਾਨ ਟੈਕਨੀਕਲ ਸਰਵਿਸ ਯੂਨੀਅਨ ਰਾਜਪੁਰਾ ਨੇ ਵੀ ਸੰਬੋਧਨ।ਕੀਤਾ ਇਸ ਮੌਕੇ ਸਾਥੀ ਰਾਮਾ ਸ਼ੰਕਰ ਲਾਇਨ ਮੈਨ ਨੇ ਜਥੇਬੰਦੀਆਂ ਤੇ ਮਾਸਕ ਬਿਜਲੀ ਉਜਾਲਾ ਨੂੰ ਸਹਾਇਤਾ ਦਿੱਤੀ। ਬਾਅਦ ਵਿੱਚ ਨਾਜਰ ਸਿੰਘ ਨੇ ਆਏ ਸਾਰੇ ਸਾਥੀਆਂ ਤੇ ਚਰਨ ਸਿੰਘ ਪ੍ਰਧਾਨ ਸਰਕਲ ਪਟਿਆਲਾ ਪੈਨਸ਼ਰੀ ਯੂਨੀਅਨ ਨੇ ਆਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

## ਊਧਮ ਸਿੰਘ ਦੇ ਸ਼ਹੀਦੀ ਦਿਵਸ 'ਤੇ ਸਕੂਲ 'ਚ ਵਿਸ਼ੇਸ਼ ਪ੍ਰਾਰਥਨਾ ਸਭਾ



**ਜੈਤੋ (ਸਤੀਸ਼ ਕੁਮਾਰ ਭੀਰੀ)**-ਅਲਿਆਂਸ ਇੰਟਰਨੈਸ਼ਨਲ ਸਕੂਲ ਜੈਤੋ ਵਿਖੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ 'ਤੇ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਮਿਲ ਕੇ ਭਾਰਤ ਮਾਤਾ ਦੇ ਇਸ ਬਹਾਦਰ ਪੁੱਤਰ ਨੂੰ ਸ਼ਰਧਾਂਜਲੀ ਭੇਟ ਕੀਤੀ।ਪ੍ਰਾਰਥਨਾ ਸਭਾ ਸ਼ਾਂਤੀ ਪਾਠ ਤੇ ਦੇਸ਼ ਭਗਤੀ ਦੇ ਗੀਤ ਨਾਲ ਸ਼ੁਰੂ ਹੋਈ।ਇਸ ਤੋਂ ਬਾਅਦ, ਸੱਤਵੀਂ ਜਮਾਤ ਦੇ ਵਿਦਿਆਰਥੀਆਂ ਨੇ ਸ਼ਹੀਦ ਊਧਮ ਸਿੰਘ ਦੇ ਜੀਵਨ 'ਤੇ ਅਧਾਰਤ ਭਾਸ਼ਣ ਤੇ ਨਾਟਕ ਪੇਸ਼ ਕੀਤੇ।ਸਕੂਲ ਦੀ ਪ੍ਰਿੰਸੀਪਲ ਗੁਰਸੇਵਕ ਕੌਰ ਮਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਸ਼ਹੀਦ ਊਧਮ ਸਿੰਘ ਵਰਗੇ ਇਨਕਲਾਬੀਆਂ ਦੀ ਹਿੰਮਤ ਤੇ ਕੁਰਬਾਨੀ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ ਅਤੇ ਦੇਸ਼ ਪ੍ਰਤੀ ਆਪਣੇ ਫਰਜ਼ਾਂ ਨੂੰ ਪੂਰਾ ਕਰਨਾ ਚਾਹੀਦਾ ਹੈ।ਸਭਾ ਦੀ ਸਮਾਪਤੀ ਦੋ ਮਿੰਟ ਦਾ ਮੌਨ ਧਾਰਨ ਤੇ ਰਾਸ਼ਟਰੀ ਗੀਤ ਨਾਲ ਕੀਤੀ ਗਈ।

2-Aug-page-11-Majha-2025.qxd 8/1/2025 11:01 PM Page 1



## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਤਹਿਸੀਲ ਦਫਤਰ ਦਾ ਅਚਨਚੇਤ ਨਿਰੀਖਣ



ਗੁਰਦਾਸਪੁਰ (ਜਨਕ ਮਹਾਜਨ)- ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਤਹਿਸੀਲ ਦਫਤਰ ਗੁਰਦਾਸਪੁਰ ਦਾ ਅਚਨਚੇਤ ਦੌਰਾ ਕਰਕੇ ਤਹਿਸੀਲਦਾਰ ਤੇ ਸਬ ਰਜਿਸਟਰਾਰ ਦਫਤਰ ਵਿਖੇ ਪ੍ਰਦਾਨ ਕੀਤੀਆਂ ਜਾ ਪ੍ਰਸ਼ਾਸਨਿਕ ਸੇਵਾਵਾਂ ਦਾ ਨਿਰੀਖਣ ਕੀਤਾ। ਡਾ. ਬੇਦੀ ਨੇ ਤਹਿਸੀਲ ਦਫਤਰ ਦੀ ਅਚਨਚੇਤ ਚੈਕਿੰਗ ਕਰਦਿਆਂ ਕੀਤੀਆਂ ਜਾ ਰਹੀਆਂ ਈਜ਼ੀ ਰਜਿਸਟਰੀਆਂ ਦੇ ਕੰਮ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਤਹਿਸੀਲ ਵਿੱਚ ਰਜਿਸਟਰੀਆਂ ਕਰਨ ਦਾ ਕੰਮ ਬਹੁਤ ਹੀ ਸੁਚੱਜੇ ਢੰਗ ਨਾਲ ਚੱਲ ਰਿਹਾ ਹੈ ਅਤੇ ਕਿਸੇ ਕਿਸਮ ਦਾ ਕੋਈ ਵੀ ਕੰਮ ਬਕਾਇਆ ਨਹੀਂ। ਉਨ੍ਹਾਂ ਕਿਹਾ ਕਿ ਤਹਿਸੀਲ ਦਫਤਰਾਂ ਵਿਖੇ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ। ਡਾ. ਬੇਦੀ ਨੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਨੂੰ ਪਾਰਦਰਸ਼ੀ ਤੇ ਸਮਾਂਬੱਧ ਪ੍ਰਸ਼ਾਸਨਿਕ ਸੇਵਾਵਾਂ ਪ੍ਰਦਾਨ ਕਰਨ 'ਚ ਕੋਈ ਢਿੱਲਮੱਠ ਨਾ ਵਰਤੀ ਜਾਵੇ।

## ਮਹਾਰਾਸ਼ਟਰ ਸਰਕਾਰ ਵੱਲੋਂ ਆਪਣੇ ਸਿਲੇਬਸ 'ਚ ਸਿੱਖ ਸ਼ਹਾਦਤਾਂ ਦੇ ਇਤਿਹਾਸ ਨੂੰ ਸ਼ਾਮਲ ਕਰਨ ਦਾ ਐਲਾਨ

ਅੰਮ੍ਰਿਤਸਰ/ਮੁੰਬਈ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਲਈ ਇੱਕ ਇਤਿਹਾਸਕ ਦਿਨ ਹੈ। ਸਿੱਖ ਗੁਰੂਆਂ ਅਤੇ ਸ਼ਹੀਦਾਂ ਦੀ ਵਿਲੱਖਣ ਵਿਰਾਸਤ ਨੂੰ ਸਿੱਖਿਆ ਰਾਹੀਂ ਨਵੀਂ ਪੀੜ੍ਹੀ ਨੂੰ ਪ੍ਰਦਾਨ ਕਰਨ ਵੱਲ ਇੱਕ ਇਤਿਹਾਸਕ ਕਦਮ ਚੁੱਕਦੇ ਹੋਏ, ਮਹਾਰਾਸ਼ਟਰ ਸਰਕਾਰ ਨੇ ਪਾਠਕ੍ਰਮ ਵਿੱਚ ਸਿੱਖ ਸ਼ਹਾਦਤ (1500-1765) 'ਤੇ ਇੱਕ ਚੋਣਵੇਂ ਕੋਰਸ ਨੂੰ ਸ਼ਾਮਲ ਕਰਨ ਦਾ ਐਲਾਨ ਕੀਤਾ ਹੈ।



ਇਹ ਪ੍ਰਕਿਰਿਆ ਮੁੰਬਈ ਯੂਨੀਵਰਸਿਟੀ ਦੇ ਵਿਦਵਾਨਾਂ ਦੀ ਇੱਕ ਟੀਮ ਦੁਆਰਾ ਬਹੁਤ ਗੰਭੀਰਤਾ ਅਤੇ ਧਿਆਨ ਨਾਲ ਤਿਆਰ ਕੀਤੀ ਜਾ ਰਹੀ ਹੈ। ਮਹਾਰਾਸ਼ਟਰ ਸਰਕਾਰ ਦਾ ਇਹ ਉਪਰਾਲਾ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੇ ਸੰਦਰਭ ਵਿੱਚ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ। ਸਿੱਖ ਸਮਾਜ ਦੇ ਆਗੂ ਸ. ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਦੀ ਅਗਵਾਈ ਹੇਠ ਮਹਾਰਾਸ਼ਟਰ ਸਿੱਖ ਸਮਾਜ ਦੀ ਤਰਫ਼ੋਂ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਅਤੇ 11 ਮੈਂਬਰੀ ਸਿੱਖ ਤਾਲਮੇਲ ਕਮੇਟੀ ਵੱਲੋਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਗੁਰੂ ਸਾਹਿਬਾਨ ਅਤੇ ਸਿੱਖ ਸ਼ਹੀਦਾਂ ਦੀਆਂ ਬੇਮਿਸਾਲ ਕੁਰਬਾਨੀਆਂ ਨੂੰ ਸਿੱਖਿਆ ਸਿਲੇਬਸ ਦਾ ਹਿੱਸਾ ਬਣਾਉਣ ਦੀ ਕੀਤੀ ਗਈ ਅਪੀਲ ਨੂੰ ਉਨ੍ਹਾਂ ਵੱਲੋਂ ਸਵੀਕਾਰ ਕੀਤਾ ਗਿਆ ਹੈ। ਇਹ ਕੋਰਸ ਮਹਾਰਾਸ਼ਟਰ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਕੋਰਸ ਰਾਹੀਂ ਵਿਦਿਆਰਥੀਆਂ ਨੂੰ ਸਿੱਖ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀਆਂ ਬੇਮਿਸਾਲ ਕੁਰਬਾਨੀਆਂ, ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਵਿੱਚ ਉਨ੍ਹਾਂ ਦੇ ਯੋਗਦਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲੇਗੀ। ਇਹ ਕੋਰਸ ਨਾ ਸਿਰਫ਼ ਸਿੱਖ ਵਿਰਾਸਤ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ, ਸਗੋਂ ਮਹਾਰਾਸ਼ਟਰ ਦੇ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ, ਕੁਰਬਾਨੀ ਅਤੇ ਨੈਤਿਕ ਕਦਰਾਂ-ਕੀਮਤਾਂ ਅਤੇ ਭਾਵਨਾ ਦੀ ਮਜ਼ਬੂਤੀ ਵੱਲ ਵੀ ਉਤਸ਼ਾਹਿਤ ਕਰੇਗਾ। ਇਸ ਬਾਰੇ ਸ. ਜਸਪਾਲ ਸਿੰਘ ਸਿੱਧੂ ਨੇ ਅੱਗੇ ਦੱਸਿਆ ਕਿ ਮਹਾਰਾਸ਼ਟਰ ਪੰਜਾਬੀ ਸਾਹਿਤ ਅਕਾਦਮੀ ਦੇ ਮੁਖੀ ਬਲ ਮਲਕੀਤ ਸਿੰਘ ਨੂੰ ਦਿੱਤੀ ਗਈ ਜਾਣਕਾਰੀ ਵਿੱਚ, ਮੁੰਬਈ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਰਵਿੰਦਰ ਕੁਲਕਰਨੀ ਨੇ ਕਿਹਾ ਕਿ ਯੂਨੀਵਰਸਿਟੀ ਮਹਾਰਾਸ਼ਟਰ ਸਿੱਖ ਸਮਾਜ ਅਤੇ ਸਾਹਿਤ ਅਕਾਦਮੀ ਦੇ ਪ੍ਰਸਤਾਵ ਦਾ ਪੂਰਾ ਸਮਰਥਨ ਕਰਦੀ ਹੈ ਅਤੇ ਉਕਤ ਕੋਰਸ ਦਾ ਸਿਲੇਬਸ ਵਿਦਵਾਨਾਂ ਦੀ ਇੱਕ ਟੀਮ ਦੁਆਰਾ ਗੁਰੂ ਗੋਬਿੰਦ ਸਿੰਘ ਚੇਅਰ ਨਾਲ ਸਲਾਹ-ਮਸ਼ਵਰਾ ਕਰਕੇ ਇੱਕ ਓਪਨ ਇਲੈਕਟਿਵ ਕੋਰਸ ਵਜੋਂ ਧਿਆਨ ਨਾਲ ਤਿਆਰ ਕੀਤਾ ਜਾ ਰਿਹਾ ਹੈ।

ਇਸ ਦੇ ਨਾਲ ਹੀ ਯੂਨੀਵਰਸਿਟੀ ਨੇ ਆਪਣੇ ਕਾਲੀਨਾ ਕੈਂਪਸ ਵਿੱਚ ਇੱਕ ਪੂਰਨ ਪੰਜਾਬੀ ਵਿਭਾਗ ਸਥਾਪਤ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਹੈ, ਜੋ ਗੁਰਮੁਖੀ ਲਿਪੀ, ਪੰਜਾਬੀ ਭਾਸ਼ਾ, ਸਾਹਿਤ ਅਤੇ ਇਤਿਹਾਸ 'ਤੇ ਅਕਾਦਮਿਕ ਖੋਜ ਦਾ ਕੇਂਦਰ ਬਣੇਗਾ। ਮਹਾਰਾਸ਼ਟਰ ਸਿੱਖ ਸਮਾਜ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਆਗੂਆਂ ਬਾਲ ਮਲਕੀਤ ਸਿੰਘ, ਜਸਪਾਲ ਸਿੰਘ ਸਿੱਧੂ, ਚਰਨਦੀਪ ਹੈਪੀ ਸਿੰਘ ਨੇ ਵੀ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਮੁੰਬਈ ਯੂਨੀਵਰਸਿਟੀ ਦਾ ਇਸ ਪੂਰੀ ਪ੍ਰਕਿਰਿਆ ਵਿੱਚ ਉਨ੍ਹਾਂ ਦੇ ਉਦਾਰ ਉਤਸ਼ਾਹ ਅਤੇ ਇਸ ਮਹੱਤਵਪੂਰਨ ਕੋਰਸ ਨੂੰ ਅੱਗੇ ਵਧਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਰਵਿੰਦਰ ਕੁਲਕਰਨੀ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਪਹਿਲ ਨਾ ਸਿਰਫ਼ ਸਿੱਖ ਗੁਰੂਆਂ ਅਤੇ ਸ਼ਹੀਦਾਂ ਦੀ ਵਿਰਾਸਤ ਦਾ ਸਨਮਾਨ ਕਰੇਗੀ ਬਲਕਿ ਭਾਰਤ ਦੇ ਬਹੁਲਤਾਵਾਦ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਇੱਕ ਮੀਲ ਪੱਥਰ ਵੀ ਸਾਬਤ ਹੋਵੇਗੀ।

## ਮਜ਼ਦੂਰ ਮੁਕਤੀ ਮੋਰਚਾ ਪੰਜਾਬ ਆਜ਼ਾਦ ਵੱਲੋਂ ਸੂਬਾ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ



ਬਟਾਲਾ (ਤਰਲੋਕ ਬੱਗਾ)-ਮਜ਼ਦੂਰ ਮੁਕਤੀ ਮੋਰਚਾ ਪੰਜਾਬ ਆਜ਼ਾਦ ਨੇ ਇੱਕ ਰੋਸ ਪ੍ਰਦਰਸ਼ਨ ਪੰਜਾਬ ਸਰਕਾਰ ਖਿਲਾਫ ਕੀਤਾ ਜਿਸ ਨੂੰ ਸੰਬੋਧਨ ਕਰਦਿਆਂ ਮਾਝਾ ਜ਼ੋਨ ਦੇ ਜਨਰਲ ਸੱਕਤਰੀ ਕਾਮਰੇਡ ਮਨਜੀਤ ਰਾਜ ਬਟਾਲਾ ਨੇ ਕਿਹਾ ਕਿ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਸਰਕਾਰ ਨੇ ਮਜ਼ਦੂਰ ਮਾਰੂ ਨੀਤੀਆਂ 'ਤੇ ਹੀ ਕੰਮ ਕੀਤਾ ਹੈ।ਜਿਵੇਂ ਚੋਣਾਂ ਵੇਲੇ ਔਰਤਾਂ ਨਾਲ ਹਜ਼ਾਰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦਾ ਵਾਅਦਾ ਕਰਕੇ ਲੋਕਾਂ ਦੀਆਂ ਵੋਟਾਂ ਬਟੋਰੀਆਂ, ਬੇਰੁਜ਼ਗਾਰੀ, ਮਹਿੰਗਾਈ ਅਤੇ ਨਸ਼ਾਖੋਰੀ ਨੂੰ ਨੱਥ ਪਾਉਣ ਦੀ ਗੱਲ ਕਹੀ ਪਰ ਇਨ੍ਹਾਂ ਸਾਰੇ ਵਾਅਦਿਆਂ ਤੋਂ ਸਰਕਾਰ ਭੱਜ ਰਹੀ ਹੈ। ਮਜ਼ਦੂਰਾਂ ਦੇ ਹਾਲਾਤ ਬਹੁਤ ਤਰਸਯੋਗ ਬਣੇ ਹੋਏ ਹਨ ਕਿਉਂਕਿ ਮਜ਼ਦੂਰ ਕੋਲ ਕੋਈ ਕੰਮ ਹੈ। ਸੂਬਾ ਸਰਕਾਰ ਨੇ ਐੱਸ ਸੀ ਵਰਗ ਦੇ ਬੈਂਕਾਂ ਦੇ ਕਰਜ਼ੇ ਮਾਫ ਕਰਨ ਦੀ ਗੱਲ ਕਹੀ ਪਰ ਬੈਂਕਾਂ ਦੇ ਮੁਲਾਜ਼ਮਾਂ ਵੱਲੋਂ ਲੋਕਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ।ਮਜ਼ਦੂਰ ਮੁਕਤੀ ਮੋਰਚਾ ਜਥੇਬੰਦੀ ਨੇ ਸਰਕਾਰ ਨੂੰ ਕਈ ਮੰਗ ਪੱਤਰ ਵੀ ਦਿੱਤੇ ਸਨ ਪਰ ਸਰਕਾਰ ਨੇ ਮਜ਼ਦੂਰਾਂ ਦੇ ਵਾਅਦਿਆਂ ਨੂੰ ਅੱਜ ਤੱਕ ਪੂਰਾ ਨਹੀਂ ਕੀਤਾ। ਮਜ਼ਦੂਰਾਂ ਵਿੱਚ ਭਾਰੀ ਰੋਸ ਹੈ। ਇਸ ਲਈ ਜਥੇਬੰਦੀ ਨੇ ਸੂਬਾ ਸਰਕਾਰ ਦੇ ਖਿਲਾਫ ਤਿੱਖਾ ਸੰਘਰਸ਼ ਕਰਨ ਦਾ ਐਲਾਨ ਕੀਤਾ।

ਇਸ ਮੌਕੇ ਸਰੂਪ ਸਿੰਘ ਪ੍ਰਧਾਨ, ਦਲਬੀਰ ਸਿੰਘ ਭੱਟੀ, ਜੋਨ ਮਸੀਹ, ਬਲਕਾਰ ਸਿੰਘ, ਹੀਰਾ ਮਸੀਹ, ਪਿੰਕੀ ਪ੍ਰਧਾਨ, ਸਤਿੰਦਰ ਕੌਰ, ਅਮਰਜੀਤ ਕੌਰ, ਗੁਰਮੀਤ ਕੌਰ ਆਦਿ ਮੈਂਬਰ ਹਾਜ਼ਰ ਸਨ।

## ਵਾਹੀਯੋਗ ਜ਼ਮੀਨ ਕੌਡੀਆਂ ਦੇ ਭਾਅ ਐਕਵਾਇਰ ਕਰਨ ਦੀ ਨਿੰਦਾ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਜਮਹੂਰੀ ਕਿਸਾਨ ਸਭਾ ਦੇ ਸੂਬਾਈ ਆਗੂ ਕਾਮਰੇਡ ਜਸਪਾਲ ਸਿੰਘ ਝਬਾਲ ਨੇ ਪ੍ਰੈੱਸ ਬਿਆਨ ਰਾਹੀਂ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਸਕੀਮ ਤਹਿਤ ਕਿਸਾਨਾਂ ਦੀ ਵਾਹੀਯੋਗ ਜ਼ਮੀਨ ਕੌਡੀਆਂ ਦੇ ਭਾਅ ਐਕਵਾਇਰ ਕਰਨ ਦੀ ਨੀਤੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਸਰਕਾਰ ਨੂੰ ਆਪਣੀਆਂ ਜ਼ਮੀਨਾਂ ਵਿਚ ਪੈਰ ਨਹੀਂ ਰੱਖਣ ਦੇਣਗੀਆਂ ਅਤੇ 2027 ਦੀਆਂ ਚੋਣਾਂ 'ਚ ਆਪ ਸਰਕਾਰ ਦਾ ਬੋਰੀਆ ਬਿਸਤਰਾ ਗੋਲ ਕਰਕੇ ਉਮੀਦਵਾਰਾਂ ਘਰਾਂ ਨੂੰ ਮੁੜਦੇ ਕਰ ਦੇਣਗੇ।

## ਧਾਰੀਵਾਲ ਮਹਿਲਾ ਯੋਗ ਸਮਿਤੀ ਨੇ ਤੀਜ ਦਾ ਤਿਉਹਾਰ ਮਨਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਧਾਰੀਵਾਲ ਮਹਿਲਾ ਯੋਗ ਸਮਿਤੀ ਵੱਲੋਂ ਤੀਜ ਦਾ ਤਿਉਹਾਰ ਬੜੀ ਧੂਮ ਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਮਿਤੀ ਦੇ ਮੁੱਖ ਜ਼ਿਲ੍ਹਾ ਅਧਿਕਾਰੀ ਜਯਾ ਸੂਦ ਦੀ ਅਗਵਾਈ ਹੇਠ ਸ੍ਰੇਸ਼ਟਾ, ਸਰਵਜੀਤ, ਕੁਸ਼ਮ, ਸੁਨੀਤਾ ਅਤੇ ਹੋਰ ਮੈਂਬਰਾਂ ਵੱਲੋਂ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਕਰਨਲ ਰਾਜ, ਕੌਂਸਲਰ ਕੁਸਮ ਖੋਸਲਾ ਅਤੇ ਪਿੰਕੀ ਖੋਸਲਾ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਸਾਮਲ ਹੋਏ।



ਇਸ ਮੌਕੇ ਗੌਰੀ ਜੀ ਨੇ ਤੀਜ ਦੇ ਧਾਰਮਿਕ, ਸੱਭਿਆਚਾਰਕ ਅਤੇ ਪਰੰਪਰਾਗਤ ਮਹੱਤਵ 'ਤੇ ਚਾਨਣਾ ਪਾਇਆ ਅਤੇ ਪੰਜਾਬੀ ਸੱਭਿਅਤਾ ਅਤੇ ਸੱਭਿਆਚਾਰ ਨਾਲ ਸਬੰਧਤ ਤਿਉਹਾਰਾਂ ਦੀ ਮਹੱਤਤਾ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਪ੍ਰੋਗਰਾਮ ਦੌਰਾਨ ਸਾਰੀਆਂ ਭੈਣਾਂ ਨੇ ਰਵਾਇਤੀ ਕੱਪੜਿਆਂ ਦੇ ਪਹਿਰਾਵੇ ਵਿੱਚ ਤੀਜ ਦੇ ਗੀਤਾਂ, ਗਿੱਧਾ ਅਤੇ ਲੋਕ ਨਾਚ ਆਦਿ ਪੇਸ਼ਕਾਰੀ ਰਾਹੀਂ ਖੂਬ ਮਨੋਰੰਜਨ ਕਰਦੇ ਹੋਏ ਤੀਜ ਤਿਉਹਾਰ ਦੀਆਂ ਰੌਣਕਾਂ ਵਧਾਉਂਦੇ ਹੋਏ ਆਨੰਦ ਮਾਣਿਆ। ਪ੍ਰੋਗਰਾਮ ਵਿੱਚ ਕਿਰਨ ਮਹਾਜਨ, ਅਲਕਾ, ਰਿਤੂਬਾਲਾ, ਪਰਮਜੀਤ ਕੌਰ, ਦਰਸ਼ਨਾ, ਕਾਂਤਾ ਆਦਿ ਵੀ ਸ਼ਾਮਲ ਸਨ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਮਨਾਇਆ ਗ੍ਰੀਨ ਡੇਅ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਲਿਟਲ ਸਪਰਾਉਟ ਦੇ ਵਿਦਿਆਰਥੀਆਂ ਵੱਲੋਂ ਗ੍ਰੀਨ ਡੇਅ ਮਨਾਇਆ ਗਿਆ। ਇਸ ਦੌਰਾਨ ਸਕੂਲ ਵਿੱਚ ਜਮਾਤ ਨਰਸਰੀ ਤੋਂ ਯੂਕੇਜੀ ਦੇ ਵਿਦਿਆਰਥੀ ਹਰੇ ਰੰਗ ਦੇ ਕੱਪੜੇ ਪਹਿਨ ਕੇ ਆਏ। ਛੋਟੇ-ਛੋਟੇ ਵਿਦਿਆਰਥੀ ਇਨ੍ਹਾਂ ਕੱਪੜਿਆਂ ਵਿੱਚ ਬਹੁਤ ਹੀ ਮਨਮੋਹਕ ਲੱਗ ਰਹੇ ਸਨ।ਅਧਿਆਪਕਾਂ ਦੁਆਰਾ ਗਰੀਨ ਡੇਅ ਮੌਕੇ ਵਿਦਿਆਰਥੀਆਂ ਨੂੰ ਵਾਤਾਵਰਨ ਦੀ ਸਾਂਭ ਸੰਭਾਲ ਅਤੇ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਰੀਆਂ ਸਬਜ਼ੀਆਂ ਦੇ ਫਾਇਦੇ ਦੱਸਦੇ ਹੋਏ ਹਰੀਆਂ ਸਬਜ਼ੀਆਂ ਖਾਣ ਲਈ ਪ੍ਰੇਰਿਤ ਕੀਤਾ।ਵਿਦਿਆਰਥੀਆਂ ਦੁਆਰਾ ਵੱਖ-ਵੱਖ ਤਰ੍ਹਾਂ ਦੇ ਹਰੇ ਫਲ ਅਤੇ ਸਬਜ਼ੀਆਂ ਦੀਆਂ ਤਸਵੀਰਾਂ ਵਾਲੇ ਚਾਰਟ ਬਣਾਏ।ਗਰੀਨ ਡੇਅ ਮੌਕੇ ਇਨ੍ਹਾਂ ਵੱਖ-ਵੱਖ ਗਤੀਵਿਧੀਆਂ ਨੂੰ ਕਰਦੇ ਹੋਏ ਵਿਦਿਆਰਥੀ ਬਹੁਤ ਉਤਸ਼ਾਹਿਤ ਨਜ਼ਰ ਆ ਰਹੇ ਸਨ।ਸਕੂਲ ਦੇ ਪ੍ਰਿੰ. ਕਿਰਨ ਕੇਸਰ ਨੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਵਾਤਾਵਰਨ ਦੀ ਸੰਭਾਲ ਅਤੇ ਹਰੀਆਂ ਸਬਜ਼ੀਆਂ ਖਾਣ ਲਈ ਪ੍ਰੇਰਿਤ ਕੀਤਾ।



## ਕਾਂਗਰਸੀ ਆਗੂ ਬਲਵਿੰਦਰ ਸਿੰਘ ਹੇਤਮਪੁਰਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਵਿਧਾਨ ਸਭਾ ਹਲਕਾ ਰਾਜਾਸਾਂਸੀ ਦੇ ਪਿੰਡ



ਹੇਤਮਪੁਰਾ ਦੇ ਸਾਬਕਾ ਸਰਪੰਚ ਨਰਿੰਦਰ ਸਿੰਘ ਹੇਤਮਪੁਰਾ ਦੇ ਭਰਾ ਟਕਸਾਲੀ ਕਾਂਗਰਸੀ ਆਗੂ ਅਤੇ ਸਾਬਕਾ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਦੇ ਅਤੀ ਨਜ਼ਦੀਕੀ ਬਲਵਿੰਦਰ ਸਿੰਘ ਹੇਤਮਪੁਰਾ ਦੀ ਬੇਵਕਤੀ ਹੋਈ ਮੌਤ 'ਤੇ ਉਸਦੇ ਪਰਿਵਾਰਕ ਮੈਂਬਰਾਂ ਨਰਿੰਦਰ ਸਿੰਘ, ਅੰਗਰੇਜ਼ ਸਿੰਘ ਅਤੇ ਸੂਬਾ ਸਿੰਘ ਪੁੱਤਰ ਸੁਖਜਿੰਦਰ ਸਿੰਘ ਨਾਲ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਮੁੱਖ ਬੁਲਾਰਾ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਉਨ੍ਹਾਂ ਨਾਲ ਪੰਜਾਬ ਸਿੰਘ ਹੇਤਮਪੁਰਾ, ਹੀਰਾ ਸਿੰਘ ਹੇਤਮਪੁਰਾ, ਸਰਪੰਚ ਲਖਬੀਰ ਸਿੰਘ ਕੋਹਾਲੀ, ਸੁਖਦੇਵ ਸਿੰਘ ਨੱਥੂਪੁਰ ਆਦਿ ਹਾਜ਼ਰ ਸਨ।

## ਅਧਿਆਪਕਾਂ ਦੀਆਂ ਬਦਲੀਆਂ ਦਾ ਪੋਰਟਲ ਜਲਦੀ ਤੋਂ ਜਲਦੀ ਖੋਲ੍ਹਣ ਦੀ ਮੰਗ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਮਾਸਟਰ ਕੇਡਰ ਯੂਨੀਅਨ ਦੇ ਝੰਡੇ ਹੇਠ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਨੇ ਇਕੱਠਿਆਂ ਹੋ ਕੇ ਸਰਕਾਰ ਕੋਲੋਂ ਮੰਗ ਕੀਤੀ ਕਿ ਉਹ ਅਧਿਆਪਕਾਂ ਦੀਆਂ ਬਦਲੀਆਂ ਦੇ ਪੋਰਟਲ ਨੂੰ ਜਲਦੀ ਤੋਂ ਜਲਦੀ ਖੋਲ੍ਹਿਆ ਜਾਵੇ ਤਾਂ ਜੋ ਲੋੜਵੰਦ ਅਧਿਆਪਕਾਂ ਦੀਆਂ ਬਦਲੀਆਂ ਉਨ੍ਹਾਂ ਦੇ ਘਰਾਂ ਦੇ ਨੇੜੇ ਹੋ ਸਕਣ।ਇਸ ਮੌਕੇ ਮਾਸਟਰ ਕੇਡਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਇੰਦਰਪਾਲ ਸਿੰਘ ਨੇ ਮੰਗ ਕੀਤੀ ਕਿ ਬਦਲੀਆਂ ਦੌਰਾਨ ਕੋਈ ਵੀ ਸਟੇਸ਼ਨ ਲੁਕਾਇਆ ਨਾ ਜਾਵੇ ਜਿਸ ਨਾਲ ਅਧਿਆਪਕ ਆਪਣੇ ਘਰਾਂ ਦੇ ਨਜ਼ਦੀਕ ਸਟੇਸ਼ਨਾਂ ਦੀ ਚੋਣ ਕਰ ਸਕਣ।



ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਅਮਰਬੀਰ ਸਿੰਘ ਨੇ ਮੰਗ ਕੀਤੀ ਕਿ ਸਰਕਾਰ ਪੁਰਾਣੀ ਪੈਨਸ਼ਨ ਨੂੰ ਜਲਦ ਤੋਂ ਜਲਦ ਬਹਾਲ ਕਰੇ ਅਤੇ ਅਧਿਆਪਕਾਂ ਦੀਆਂ ਪਦ-ਉਨਤੀਆਂ ਕਰੇ।ਇਸ ਮੌਕੇ ਸੁਖਦੇਵ ਸਿੰਘ, ਰਜਿੰਦਰ ਸਿੰਘ, ਕਰਮਜੀਤ ਵਾਸਦੇਵ, ਰੁਧੀਰ ਕੁਮਾਰ, ਤਿਰਲੋਚਨ ਪਾਠਕ, ਬਲਦੇਵ ਸਿੰਘ, ਸੰਦੀਪ ਜੋਸ਼ੀ, ਸੰਜੀਵ ਡੋਗਰਾ, ਕੰਵਰਬੀਰ ਸਿੰਘ, ਗੁਰਮੁੱਖ ਸਿੰਘ, ਜਤਿੰਦਰ ਸਿੰਘ, ਸੂਰਜ ਕੁਮਾਰ, ਨਵਜੋਤ ਸਿੰਘ ਬਲਾਕ ਪ੍ਰਧਾਨ ਫਤਿਹਗੜ੍ਹ ਚੂੜੀਆਂ, ਸੰਜੀਵ ਕੁਮਾਰ, ਸ਼ਮਸ਼ੇਰ ਸਿੰਘ, ਜਤਿੰਦਰ ਸਿੰਘ, ਜੋਤੀ ਸ਼ਰਮਾ, ਰਚਨਾ, ਹਰਮਿੰਦਰਜੀਤ ਕੌਰ, ਗੁਰਮੁਖ ਸਿੰਘ, ਸਰਦੂਲ ਸਿੰਘ, ਸਰਬਜੀਤ ਸਿੰਘ, ਤੇਜਿੰਦਰਪਾਲ ਸਿੰਘ, ਵਿਕਰਮਜੀਤ, ਸਤਨਾਮ ਸਿੰਘ, ਸਰਦੂਲ ਮਸੀਹ, ਕੁਲਦੀਪ ਕੌਰ, ਸੋਨੀਆ ਸਾਹਨੀ, ਰੁਪਿੰਦਰ ਕੌਰ, ਸਰਬਜੀਤ ਕੌਰ, ਸ਼ਿਫਾਲੀ, ਵਿਧੀ ਕਲੋਤਰਾ, ਰੇਨੂ ਬਾਲਾ, ਅਮਨਦੀਪ ਕੌਰ, ਭੁਪਿੰਦਰ ਕੌਰ, ਨਰੇਸ਼ ਬਾਲਾ, ਰਿਤੂ ਗੁਪਤਾ, ਰਜਨੀ ਬਾਲਾ, ਰੇਨੂ ਬਾਲਾ, ਨੀਲਮਜੋਤੀ ਆਦਿ ਹਾਜ਼ਰ ਸਨ।

## ਦਲਵਿੰਦਰ ਸਿੰਘ ਪੰਨੂ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਕਿਸੇ ਅਹੁਦੇ 'ਤੇ ਤਾਇਨਾਤ ਨਹੀਂ : ਮੂਧਲ

ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਸੀਪੀਆਈ ਐੱਮਐੱਲ ਲਿਬਰੇਸ਼ਨ ਦੇ ਜ਼ਿਲ੍ਹਾ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਸਕੱਤਰ ਕਾ: ਬਲਬੀਰ ਸਿੰਘ ਮੂਧਲ ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਤਰਨਤਾਰਨ ਜ਼ਿਲ੍ਹੇ ਦੇ ਬਤੌਰ ਲਿਬਰੇਸ਼ਨ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਲਿਖਣ ਵਾਲੇ ਦਲਵਿੰਦਰ ਸਿੰਘ ਪੰਨੂ ਨੂੰ ਲਿਬਰੇਸ਼ਨ ਨੇ ਕਦੇ ਵੀ ਕਾਰਜਕਾਰੀ ਸਕੱਤਰ ਨਹੀਂ ਚੁਣਿਆ, ਪਰ ਉਹ ਆਪਣੇ ਤੌਰ 'ਤੇ ਲਿਖੀ ਜਾ ਰਹੇ ਹਨ।

ਪਾਰਟੀ ਦੇ ਡਿਸਪਲਿਨ ਵਿਰੋਧੀ ਗਤੀਵਿਧੀਆ ਕਾਰਨ ਉਸ ਨੂੰ ਵਾਰ ਵਾਰ ਰੋਕਿਆ ਗਿਆ ਪਰ ਉਹ ਨਹੀਂ ਰੁਕਿਆ, ਜਿਸ ਤੋਂ ਲਿਬਰੇਸ਼ਨ ਵੱਲੋਂ ਦੋਵਾਂ ਜ਼ਿਲ੍ਹਿਆਂ ਦੀ ਸਾਂਝੀ ਕਮੇਟੀ ਨੇ ਸਰਬਸੰਮਤੀ ਨਾਲ ਦਲਵਿੰਦਰ ਸਿੰਘ ਪੰਨੂ ਨੂੰ ਇਕ ਜੁਲਾਈ ਦੀ ਮੀਟਿੰਗ ਵਿੱਚ ਲਿਾ ਕਮੇਟੀ ਦੀ ਮੈਂਬਰੀ ਤੋਂ ਮੁਅੱਤਲ ਕਰਕੇ ਸੂਬਾ ਕਮੇਟੀ ਨੂੰ ਸੂਚਿਤ ਕਰ ਦਿੱਤਾ ਸੀ ਅਤੇ ਇਸ ਸੰਬੰਧੀ ਸੂਬਾ ਕਮੇਟੀ ਵੱਲੋਂ ਪੜਤਾਲੀਆ ਕਮੇਟੀ ਵੀ ਬਣਾਈ ਜਾ ਚੁੱਕੀ ਹੈ ਪਰ ਦਲਵਿੰਦਰ ਸਿੰਘ ਵੱਲੋਂ ਪੜਤਾਲ ਦੀ ਉਡੀਕ ਕਰਨ ਦੀ ਬਜਾਏ ਆਦਤਨ ਜਿਉਂ ਦੀਆਂ ਤਿਉਂ ਪਾਰਟੀ ਵਿਰੋਧੀ ਗਤੀਵਿਧੀਆਂ ਨੂੰ ਜਾਰੀ ਰੱਖਿਆ ਹੋਇਆ ਹੈ, ਇਸ ਸਬੰਧੀ ਲਿਬਰੇਸ਼ਨ ਨੇ ਪ੍ਰੈਸ ਨਾਲ ਆਪਣੀ ਸਥਿਤੀ ਸਾਂਝੀ ਕਰਦਿਆਂ ਦਲਵਿੰਦਰ ਸਿੰਘ ਨੂੰ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਉਸ ਵੱਲੋਂ ਪਾਰਟੀ ਦੇ ਅਕਸ ਨੂੰ ਖਰਾਬ ਕਰਨਾ ਜਾਰੀ ਰੱਖਿਆ ਗਿਆ ਤਾਂ ਉਸ ਨੂੰ ਮੁੱਢਲੀ ਮੈਂਬਰਸ਼ਿਪ ਤੋਂ ਵੀ ਮੁਅੱਤਲ ਕਰ ਦਿੱਤਾ ਜਾਵੇਗਾ।

## ਹਲਕਾ ਇੰਚਾਰਜ ਹਰਮੀਤ ਸਿੰਘ ਸੰਧੂ ਦਾ ਭਰਵਾਂ ਸਵਾਗਤ



ਝਬਾਲ,(ਹਰਜਿੰਦਰ ਸਿੰਘ ਸੋਨੀ)-ਆਮ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਆਦੇਸ਼ਾਂ ਤੇ ਪ੍ਰਧਾਨ ਮਨੀਸ਼ ਸਿਸੋਦੀਆ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਇੰਚਾਰਜ ਨਿਯੁਕਤ ਕੀਤੇ ਗਏ ਹਰਮੀਤ ਸਿੰਘ ਸੰਧੂ ਦਾ ਤਰਨ ਤਾਰਨ ਆਪਣੇ ਗ੍ਰਹਿ ਵਿਖੇ ਪੁੱਜਣ 'ਤੇ ਨੌਜਵਾਨ ਆਗੂ ਹੁਸਨਦੀਪ ਸਿੰਘ ਸੋਹਲ ਵੱਲੋਂ ਆਪਣੇ ਸਾਥੀਆਂ ਸਮੇਤ ਭਰਵਾਂ ਸਵਾਗਤ ਕਰਦਿਆਂ ਉਨ੍ਹਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਹਰਮੀਤ ਸਿੰਘ ਸੰਧੂ ਨੇ ਜਿੱਥੇ ਪਾਰਟੀ ਹਾਈ ਕਮਾਂਡ ਅਤੇ ਪਿੰਡ ਸੋਹਲ ਦੇ ਹੁਸਨਦੀਪ ਸਿੰਘ ਤੇ ਹੋਰਾਂ ਦਾ ਧੰਨਵਾਦ ਕੀਤਾ ਉੱਥੇ ਹੀ ਨੌਜਵਾਨ ਹੁਸਨਦੀਪ ਸਿੰਘ ਸੋਹਲ, ਨਿਸ਼ਾਨ ਸਿੰਘ ਸੋਹਲ, ਨੰਬਰਦਾਰ ਸਵਿੰਦਰ ਸਿੰਘ ਸੋਹਲ, ਗੁਰਭੇਜ ਸਿੰਘ ਸੰਧੂ, ਰਾਜਬੀਰ ਸਿੰਘ ਸੋਹਲ, ਜੋਗਬੀਰ ਸਿੰਘ ਸੋਹਲ, ਗੁਰਸਾਹਿਬ ਸਿੰਘ ਸੋਹਲ, ਨਿੰਦਰ ਸਿੰਘ ਸੋਹਲ, ਅਮਰਜੀਤ ਸਿੰਘ ਸੋਹਲ ਆਦਿ ਵੱਲੋਂ ਹਲਕਾ ਇੰਚਾਰਜ ਨੂੰ ਵਿਸ਼ਵਾਸ ਦਿਵਾਇਆ ਕਿ ਉਹਨਾ ਦੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਨਿਭਾਉਣਗੇ।

## ਸਤਿਲੁਜ ਪਬਲਿਕ ਸਕੂਲ ਨੇ ਜ਼ੋਨ ਪੱਧਰੀ ਖੇਡ ਮੁਕਾਬਲਿਆਂ 'ਚ ਮਾਰੀਆਂ ਮੱਲਾਂ



ਪੱਟੀ, (ਬਲਦੇਵ ਸਿੰਘ ਸੰਧੂ)-ਪੱਟੀ ਇਲਾਕੇ ਅੰਦਰ ਬੀਤੇ ਲੰਮੇ ਸਮੇ ਤੋਂ ਵਿੱਦਿਆ ਦੇ ਚਾਨਣ ਮੁਨਾਰੇ ਵਜੋਂ ਕੰਮ ਕਰਕੇ ਵੱਡਾ ਨਾਮਨਾ ਖੱਟਣ ਵਾਲੀ ਸਿੱਖਿਆ ਸੰਸਥਾ ਸਤਿਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਦੇ ਵਿਦਿਆਰਥੀਆਂ ਵੱਲੋਂ ਬੀਤੇ ਦਿਨੀਂ ਜ਼ੋਨ ਪੱਧਰ 'ਤੇ ਕਰਵਾਏ ਗਏ ਮੁਕਾਬਲਿਆ 'ਚ ਵੱਡੀਆਂ ਮੱਲਾਂ ਮਾਰੀਆਂ। ਅੰਡਰ-19 ਨੈਸ਼ਨਲ ਕਬੱਡੀ (ਲੜਕਿਆਂ) ਦੇ ਮੁਕਾਬਲਿਆਂ ਵਿਚ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ।

ਅੰਡਰ-19 (ਲੜਕਿਆਂ) ਦੇ ਵਾਲੀਬਾਲ ਦੇ ਮੁਕਾਬਲਿਆਂ ਵਿਚ ਵੀ ਦੂਸਰੀਆਂ ਟੀਮਾਂ ਨਾਲ ਸਖਤ ਮੁਕਾਬਲਾ ਕਰਕੇ ਪੂਰੇ ਇਲਾਕੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।ਸਕੂਲ ਦੇ ਮੈਨੇਜਮੈਂਟ ਮੈਂਬਰ ਹਰਬੀਰ ਸਿੰਘ ਅਤੇ ਸਕੂਲ ਪ੍ਰਿੰ. ਰਾਜਬੀਰ ਕੌਰ, ਵਾਈਸ ਪ੍ਰਿੰ. ਮੈਡਮ ਦਲਬੀਰ ਕੌਰ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾ ਕੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਹਰਨੂਰ ਸਿੰਘ, ਪਰਮਿੰਦਰ ਕੌਰ ਆਦਿ ਸਮੇਤ ਸਕੂਲ ਸਟਾਫ ਹਾਜ਼ਰ ਸੀ।

## ਪਾਬੰਦੀ ਦੇ ਸਖ਼ਤ ਹੁਕਮਾਂ ਦੇ ਬਾਵਜੂਦ ਲੋਕਾਂ ਦੀ ਜਾਨ ਨਹੀਂ ਛੱਡ ਰਹੇ ਪਲਾਸਟਿਕ ਦੇ ਲਿਫਾਫੇ !

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਵੱਲੋਂ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦੇ ਬਾਵਜੂਦ ਇਨ੍ਹਾਂ ਦੀ ਵਿੱਕਰੀ 'ਤੇ ਵਰਤੋ ਧੜੱਲੇ ਨਾਲ ਹੋ ਰਹੀ ਹੈ। ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਕੌਂਸਲ ਗੁਰਦਾਸਪੁਰ ਦੀ ਅਣਗਹਿਲੀ ਕਾਰਨ ਇਹ ਧੰਦਾ ਚੱਲ ਰਿਹਾ ਹੈ। ਰੇਹੜੀਆਂ ਵਾਲੇ ਤਾਂ ਸ਼ਰੇਆਮ ਘਟੀਆ ਮਿਆਰ ਵਾਲੇ ਪਲਾਸਟਿਕ ਦੇ ਲਿਫਾਫਿਆਂ ਵਿਚ ਸ਼ਰੇਆਮ ਆਲੂ, ਪਿਆਜ ਤੇ ਸਬਜ਼ੀ, ਫਰੂਟ ਆਦਿ ਪਾ ਕੇ ਵੇਚਦੇ ਦੇਖੇ ਜਾਂਦੇ ਹਨ। ਜਦੋਂ ਵੀ ਕਿਸੇ ਅਧਿਕਾਰੀ ਵੱਲੋਂ ਇਨ੍ਹਾਂ ਖ਼ਿਲਾਫ਼ ਕਾਰਵਾਈ ਨਹੀਂ ਕੀਤੀ ਜਾਂਦੀ। ਦੂਜੇ ਪਾਸੇ ਨਾਲ ਲਗਦੇ ਸੂਬੇ ਹਿਮਾਚਲ ਵਿਚ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਬਿਲਕੁਲ ਵੀ ਨਹੀਂ ਹੁੰਦੀ ਕਿਉਂ ਜੋ ਇਥੇ ਇਨ੍ਹਾਂ ਦੀ ਵਰਤੋਂ ਅਤੇ ਵਿਕਰੀ 'ਤੇ ਪੂਰਨ ਤੌਰ 'ਤੇ ਪਾਬੰਦੀ ਦੇ ਸਖ਼ਤ ਹੁਕਮ ਹਨ। ਜਿਕਰਯੋਗ ਹੈ ਕਿ ਅੱਜ ਕੱਲ੍ਹ ਵਰਖਾ ਦੇ ਦਿਨਾਂ ਵਿਚ ਪਲਾਸਟਿਕ ਦੇ ਲਿਫਾਫਿਆਂ ਕਾਰਨ ਸੀਵਰੇਜ, ਨਾਲੀਆਂ ਆਦਿ ਵਿਚ ਬਲਾਕਜ਼ ਹੋ ਜਾਂਦੀ ਹੈ ਅਤੇ ਮੀਂਹ ਦਾ ਪਾਣੀ ਲੋਕਾਂ ਦੇ ਘਰਾਂ ਅੰਦਰ ਤੇ ਸੜਕਾਂ 'ਤੇ ਫਿਰਦਾ ਰਹਿੰਦਾ ਹੈ। ਪਲਾਸਟਿਕ ਦਾ ਲਿਫਾਫਾ ਇਕ ਨਾ ਗਲਣ ਯੋਗ ਵਸਤੂ ਹੈ। ਇਹ ਜ਼ਮੀਨ ਵਿਚ ਦਬੇ ਜਾਣ ਤੋਂ ਬਾਅਦ ਵੀ ਲੰਬੇ ਸਮੇਂ ਤੱਕ ਨਸ਼ਟ ਨਹੀਂ ਹੁੰਦਾ ਜਿਸ ਕਰਕੇ ਪ੍ਰਦੂਸ਼ਣ ਫੈਲਾਉਣ ਵਿਚ ਪਲਾਸਟਿਕ ਲਿਫਾਫਿਆਂ ਤਾ ਬਹੁਤ ਵੱਡਾ ਰੋਲ ਹੈ। ਲੋਕਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸ਼ਹਿਰ ਅੰਦਰ ਧੜੱਲੇ ਨਾਲ ਪਲਾਸਟਿਕ ਲਿਫਾਫਿਆਂ ਦੀ ਵਿਕਰੀ ਲਗਾਉਣ ਲਈ ਇਨ੍ਹਾਂ ਵੇਚਣ ਵਾਲਿਆਂ ਖਿਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

## ਟਰਾਮਾਡੋਲ ਸਪਲਾਈ ਚੇਨ ਦਾ ਪਰਦਾਫਾਸ਼; 6 ਵਿਅਕਤੀ ਕਾਬੂ

### * 74,000 ਗੋਲੀਆਂ; 325 ਕਿਲੋ ਕੱਚਾ ਮਾਲ, 7.6 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ


ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ/ਕਮਲੇਸ਼)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਵਿੱਢੀ ਨਸ਼ਾ ਵਿਰੋਧੀ ਜੰਗ ਦੌਰਾਨ ਗੈਰ-ਕਾਨੂੰਨੀ ਫਾਰਮਾ ਓਪੀਔਡ ਸਪਲਾਈ ਨੈੱਟਵਰਕ ਨੂੰ ਕਰਾਰਾ ਝਟਕਾ ਦਿੰਦਿਆਂ ਅੰਮ੍ਰਿਤਸਰ ਪੁਲਸ ਕਮਿਸ਼ਨਰੇਟ ਨੇ ਅੰਮ੍ਰਿਤਸਰ ਵਿੱਚ 35 ਗੋਲੀਆਂ ਦੀ ਛੋਟੀ ਜਿਹੀ ਬਰਾਮਦਗੀ ਤੋਂ ਲੈ ਕੇ ਉੱਤਰਾਖੰਡ ਦੇ ਹਰਿਦੁਆਰ ਸਥਿਤ ਨਿਰਮਾਣ ਯੂਨਿਟ ਤੱਕ ਫੈਲੀ ਟ੍ਰਾਮਾਡੋਲ ਸਪਲਾਈ ਚੇਨ ਦਾ ਪਰਦਾਫਾਸ਼ ਕੀਤਾ ਹੈ।ਇਹ ਕਾਰਵਾਈ ਟਰਾਮਾਡੋਲ ਦੀਆਂ 35 ਗੋਲੀਆਂ ਦੀ ਬਰਾਮਦਗੀ ਅਤੇ ਅੰਮ੍ਰਿਤਸਰ ਦੇ ਪੁਲਸ ਸਟੇਸ਼ਨ ਏ-ਡਵੀਜ਼ਨ ਵਿਖੇ ਦਰਜ ਐੱਫਆਈਆਰ ਵਿੱਚ ਸਥਾਨਕ ਤਸਕਰ ਰਵਿੰਦਰ ਸਿੰਘ ਉਰਫ਼ ਨਿੱਕਾ ਦੀ ਗ੍ਰਿਫ਼ਤਾਰੀ ਉਪਰੰਤ ਬਾਰੀਕੀ ਨਾਲ ਜਾਂਚ ਕਰਨ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ।ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧਾਂ ਦੀ ਜਾਂਚ ਕਰਦਿਆਂ, ਪੁਲਸ ਨੇ ਸਿਰਫ 15 ਦਿਨਾਂ ਦੇ ਅੰਦਰ ਟਰਾਮਾਡੋਲ ਦੀਆਂ 74,465 ਗੋਲੀਆਂ, ਅਲਪ੍ਰਾਜ਼ੋਲਮ ਦੀਆਂ 50 ਗੋਲੀਆਂ ਅਤੇ ਟਰਾਮਾਡੋਲ ਦਾ 325 ਕਿਲੋਗ੍ਰਾਮ ਕੱਚਾ ਮਾਲ ਬਰਾਮਦ ਕੀਤਾ ਹੈ।ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਹੋਏ ਖੁਲਾਸਿਆਂ ਅਤੇ ਛਾਪਿਆਂ ਦੇ ਆਧਾਰ 'ਤੇ ਕੈਮਿਸਟ, ਵਿਤਰਕ ਅਤੇ ਲੂਸੈਂਟ ਬਾਇਓਟੈਕ ਲਿਮਟਿਡ ਦੇ ਪਲਾਂਟ ਮੁਖੀ ਸਮੇਤ ਛੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਲੂਸੈਂਟ




ਬਾਇਓਟੈਕ ਲਿਮਟਿਡ, ਰੁੜਕੀ ਦੇ ਪਲਾਂਟ ਮੈਨੇਜਰ ਹਰੀ ਕਿਸ਼ੋਰ ਅਤੇ ਰਿਕਾਲ ਲਾਈਫਸਾਇੰਸਿਜ਼, ਰੁੜਕੀ ਦੇ ਮਾਲਕ-ਕਮ-ਪਾਰਟਨਰ ਬਿਕਰਮ ਵਜੋਂ ਹੋਈ ਹੈ।ਗ੍ਰਿਫ਼ਤਾਰ ਕੀਤੇ ਗਏ ਹੋਰ ਵਿਅਕਤੀਆਂ ਵਿੱਚ ਮਨੀਸ਼ ਕੁਮਾਰ ਅਰੋੜਾ, ਪੂਰਨ ਜਾਟਵ ਅਤੇ ਕਥੂਨੰਗਲ ਸਥਿਤ ਮੈਡੀਕਲ ਸਟੋਰ ਮਾਲਕ ਕੁਲਵਿੰਦਰ ਸਿੰਘ ਉਰਫ਼ ਕਿੰਦਾ ਸ਼ਾਮਲ ਹਨ।

## ਸੁਰ ਉਤਸਵ ਦਾ ਪੰਜਵਾਂ ਦਿਨ ਮੁਹੰਮਦ ਰਫੀ ਦੀ 45ਵੀਂ ਬਰਸੀ ਨੂੰ ਰਿਹਾ ਸਮਰਪਿਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਯੂ. ਐੱਨ. ਇੰਟਰਟੇਨਮੈਂਟ ਸੁਸਾਇਟੀ ਵੱਲੋਂ ਵਿਰਸਾ ਵਿਹਾਰ ਦੇ ਸਹਿਯੋਗ ਨਾਲ ਪੰਜਾਬੀ ਲੋਕ ਗਾਇਕ ਹਰਿੰਦਰ ਸੋਹਲ ਦੀ ਅਗਵਾਈ ਹੇਠ 27 ਜੁਲਾਈ ਤੋਂ 3 ਅਗਸਤ ਤੱਕ ਵਿਰਸਾ ਵਿਹਾਰ ਦੇ ਕਰਤਾਰ ਸਿੰਘ ਦੁੱਗਲ ਆਡੀਟੋਰੀਅਮ ਵਿਖੇ ਚੌਥੇ '8 ਦਿਨਾਂ ਸੁਰ ਉਤਸਵ' ਦੇ ਪੰਜਵੇਂ ਦਿਨ ਮੁੱਖ ਮਹਿਮਾਨ ਪ੍ਰਿੰ. ਆਂਚਲ ਮਹਾਜਨ ਸ਼ਾਮਿਲ ਹੋਏ ਅਤੇ ਖਾਸ ਮਹਿਮਾਨ ਵਜੋਂ ਆਸ਼ੀਸ਼ ਮਹਾਜਨ ਸ਼ਾਮਿਲ ਹੋਏ। ਸਮਾਗਮ ਤੋਂ ਪਹਿਲਾਂ ਵਿਰਸਾ ਵਿਹਾਰ ਦੇ ਵਿਹੜੇ ਵਿੱਚ ਲਗੇ ਮੁਹੰਮਦ ਰਫ਼ੀ ਸਾਹਿਬ ਦੇ ਬੁੱਤ ਤੇ ਫੁਲਾਂ ਦੇ ਹਾਰ ਪਾਏ। ਇਹ ਸੁਰ ਉਤਸਵ ਸ਼ਾਸਤਰੀ ਸੰਗੀਤ, ਸਾਹਿਤ ਸੰਗੀਤ ਸੂਫ਼ੀ ਸੰਗੀਤ, ਲੋਕ ਸੰਗੀਤ ਅਤੇ ਸਿਨੇਮਾ ਜਗਤ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਮਰਪਿਤ ਹੈ। ਸੁਰ ਉਤਸਵ ਦਾ ਪੰਜਵਾਂ ਦਿਨ ਮੁਹੰਮਦ ਰਫੀ ਦੀ 45ਵੀਂ ਬਰਸੀ ਨੂੰ ਸਮਰਪਿਤ ਕੀਤਾ ਗਿਆ। ਸ਼ਹਿਰ ਦੇ ਸ਼ੌਕੀਆ ਗਾਇਕ ਕਲਾਕਾਰਾਂ ਜੀਵਨ ਕੁਮਾਰ, ਦਮਨ ਖੁਰਾਨਾ, ਜਤਿੰਦਰ ਸਿੰਘ, ਭੁਪਿੰਦਰ ਸਿੰਘ, ਹਰਜੀਤ ਸਿੰਘ, ਪਵਨ ਕਪੂਰ, ਜਸਪਿੰਦਰ ਸਿੰਘ, ਡਾ. ਜਤਿੰਦਰ ਗੁੰਬਰ, ਗੁਰਮੀਤ ਰੇਡੀਓ, ਪ੍ਰਦੀਪ ਅਰੋੜਾ, ਰਿਧਮਾ ਅਰੋੜਾ, ਡਾ. ਭੁਪਿੰਦਰ ਸਿੰਘ, ਅਨਿਲ ਨਿਸ਼ਚਲ, ਡਾ. ਸੰਗੀਤਾ ਉਪਲ, ਮਨਜੀਤ ਇੰਦਰ, ਅਮਰਦੀਪ ਸਿੰਘ, ਕੁਲਵਿੰਦਰ ਸਿੰਘ, ਸੁਸ਼ੀਲ ਕੁਮਾਰ ਨੇ ਰਫੀ ਸਾਹਿਬ ਦੇ ਗੀਤ ਗਾ ਕੇ ਸ਼ਰਧਾਂਜਲੀ ਦਿੱਤੀ। ਮੰਚ-ਸੰਚਾਲਕ ਦੀ ਭੂਮਿਕਾ ਉਪਾਸਨਾ ਭਾਰਦਵਾਜ ਨੇ ਬਾਖੂਬੀ ਨਿਭਾਈ। ਇਸ ਮੌਕੇ ਡਾਕਟਰ ਐੱਸ. ਪੀ. ਅਰੋੜਾ, ਰਾਣਾ ਪ੍ਰਤਾਪ ਸ਼ਰਮਾ, ਪਰਮਜੀਤ ਸਿੰਘ ਗੰਡੀਵਿੰਡ, ਕੁਲਬੀਰ ਸੂਰੀ, ਡਾ. ਭੁਪਿੰਦਰ ਸਿੰਘ, ਗੁਰਪ੍ਰੀਤ ਸਿੰਘ, ਮਨਪ੍ਰੀਤ ਸੋਹਲ, ਜਸਕਰਨ ਸੋਹਲ, ਸਾਹਿਲ ਸ਼ਰਮਾ ਆਦਿ ਸਮੇਤ ਸੰਗੀਤ ਪ੍ਰੇਮੀ ਹਾਜ਼ਰ ਸਨ।



## ਫਤਿਹਾਬਾਦ ਵਿਖੇ ਮਨਾਇਆ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਦੇਸ਼ ਦੀ ਆਜ਼ਾਦੀ ਦੀ ਖਾਤਰ ਆਪਣੀ ਜਾਨ ਕੁਰਬਾਨ ਕਰਨ ਵਾਲੇ ਸੂਰਬੀਰ ਯੋਧੇ ਜਿਸ ਨੇ ਜਲਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦਾ ਬਦਲਾ ਇੰਗਲੈਂਡ ਦੀ ਧਰਤੀ ਤੇ ਜਾ ਕੇ ਲਿਆ ਸੀ ਉਸ ਮਹਾਨ ਸ਼ਹੀਦ ਊਧਮ ਸਿੰਘ ਕੰਬੋਜ ਦਾ ਸ਼ਹੀਦੀ ਦਿਹਾੜਾ ਕਸਬਾ ਫਤਿਹਾਬਾਦ ਵਿਖੇ ਮਨਾਇਆ ਗਿਆ।ਇਸ ਸਬੰਧੀ ਸ਼ਹੀਦ ਦੀ ਯਾਦ ਵਿਚ ਗੁਰਦੁਆਰਾ ਗੁਰੂ ਨਾਨਕ ਪੜਾਓ ਸਾਹਿਬ ਵਿਖੇ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਹੋਏ। ਉਪਰੰਤ ਧਾਰਮਿਕ ਦੀਵਾਨ ਵਿਚ ਹਜ਼ੂਰੀ ਰਾਗੀ ਕਰਮ ਸਿੰਘ ਸਾਹਨੀ ਦੇ ਜਥੇ ਵੱਲੋਂ ਸੰਗਤਾਂ ਨੂੰ ਗੁਰੂ ਜਸ ਸੁਣਾ ਕੇ ਨਿਹਾਲ ਕੀਤਾ ਗਿਆ।ਇਸ ਮੌਕੇ ਸੰਗਤਾਂ ਲਈ ਚਾਹ ਪਕੌੜੇ ਦੇ ਲੰਗਰ ਅਤੁੱਟ ਵਰਤਾਏ ਗਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਵਿੰਦਰ ਸਿੰਘ ਮਣਕੂ ਸਰਪੰਚ ਫਤਿਹਾਬਾਦ, ਭੁਪਿੰਦਰ ਸਿੰਘ ਭਿੰਦਾ ਸਾਬਕਾ ਸਰਪੰਚ, ਬੇਅੰਤ ਸਿੰਘ ਪੈਟਰੋਲ ਪੰਪ ਵਾਲੇ, ਸੁਖਦੇਵ ਸਿੰਘ ਨੰਬਰਦਾਰ, ਤਜਿੰਦਰ ਸਿੰਘ ਪ੍ਰਿੰਸ, ਭੁਪਿੰਦਰ ਸਿੰਘ ਟੀਟੂ, ਲਖਵਿੰਦਰ ਸਿੰਘ ਕੰਨੂਗੋ ਗੁਰਭੇਜ ਸਿੰਘ ਭੇਜੀ, ਉਂਕਾਰ ਸਿੰਘ ਸੰਧਾ, ਸੰਦੀਪ ਸਿੰਘ ਮੁੱਤੀ, ਕਸ਼ਮੀਰ ਸਿੰਘ ਸਹੋਤਾ, ਜੰਗਲੀ ਮਹਾਸ਼ਾ, ਬਲਕਾਰ ਸਿੰਘ ਠੇਕੇਦਾਰ, ਸਾਬੀ ਮੈਂਬਰ, ਸੁਖਪਾਲ ਸਿੰਘ ਆਦਿ ਹਾਜ਼ਰ ਸਨ।

## ਖਾਲਸਾ ਯੂਨੀਵਰਸਿਟੀ ਨੇ ਇੰਜੀਨੀਅਰਿੰਗ ਪ੍ਰੋਗਰਾਮਾਂ ਲਈ ਐੱਲ ਐਂਡ ਟੀ ਐਜੂਟੈੱਕ ਨਾਲ ਕੀਤਾ ਸਮਝੌਤਾ

ਅੰਮ੍ਰਿਤਸਰ (ਜਸਬੀਰ ਸਿੰਘ): ਖਾਲਸਾ ਯੂਨੀਵਰਸਿਟੀ, ਅੰਮ੍ਰਿਤਸਰ ਨੇ ਲਾਰਸਨ ਐਂਡ ਟੂਬਰੋ ਲਿਮਟਿਡ ਦੇ ਸਿੱਖਿਆ ਵਿੰਗ ਐਜੂਟੈਕ (ਇੰਡੀਆ) ਨਾਲ ਇੱਕ ਪ੍ਰਮੁੱਖ ਸਮਝੌਤਾ (ਐੱਮ ਓ ਯੂ) ਕੀਤਾ। ਯੂਨੀਵਰਸਿਟੀ ਕਨੈਕਟ ਇੰਟੀਗ੍ਰੇਟਿਡ ਪ੍ਰੋਗਰਾਮ ਦੇ ਤਹਿਤ ਇਹ ਸਮਝੌਤਾ ਵਿਸ਼ੇਸ਼ ਇੰਜੀਨੀਅਰਿੰਗ ਪ੍ਰੋਗਰਾਮਾਂ ਨੂੰ ਸ਼ੁਰੂ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਹੈ ਜੋ ਅਕਾਦਮਿਕ ਸਿੱਖਿਆ ਨੂੰ ਉਦਯੋਗ ਅਤੇ ਹੁਨਰ ਵਿਕਾਸ ਨਾਲ ਜੋੜਦੇ ਹੋਏ ਸਿੱਖਿਆ ਪ੍ਰਦਾਨ ਕਰਨ 'ਚ ਮਦਦ ਕਰੇਗਾ।

ਖਾਲਸਾ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਕਿਹਾ ਕਿ ਹੁਣ ਵਿਦਿਆਰਥੀ ਐੱਲ ਐਂਡ ਟੀ ਐਜੂਟੈੱਕ ਦੇ ਲਰਨ ਕਨੈਕਟ ਪਲੇਟਫਾਰਮ ਨੂੰ ਅਪਣਾ ਕੇ ਉਦਯੋਗ-ਵਿਸ਼ੇਸ਼ ਤਕਨਾਲੋਜੀਆਂ ਅਤੇ ਸਾਧਨਾਂ ਨਾਲ ਸੰਪਰਕ ਕਰ ਸਕਣਗੇ।

ਇਸ ਸਮਝੌਤੇ ਤੇ ਵਰਸਿਟੀ ਦੇ ਵਾਈਸ ਚਾਂਸਲਰ ਡਾ. ਮਹਿਲ ਸਿੰਘ ਅਤੇ ਐੱਲ ਐਂਡ ਟੀ ਵੱਲੋਂ ਸੰਜੀਵ ਸ਼ਰਮਾ, ਮੁਖੀ, ਮਾਰਕੀਟਿੰਗ ਨੈੱਟਵਰਕ, ਐਲ ਐਂਡ ਟੀ ਐਜੂਟੈਕ (ਇੰਡੀਆ) ਨੇ ਵੱਖ-ਵੱਖ ਡੀਨਾਂ ਅਤੇ ਡਾਇਰੈਕਟਰਾਂ ਦੀ ਮੌਜੂਦਗੀ ਵਿੱਚ ਹਸਤਾਖਰ ਕੀਤੇ। ਜਸਵੰਤ ਸਿੰਘ, ਬ੍ਰਾਂਚ ਮੈਨੇਜਰ, ਐੱਲ ਐਂਡ ਟੀ ਐਜੂਟੈੱਕ (ਚੰਡੀਗੜ੍ਹ), ਕੇਯੂ ਰਜਿਸਟਰਾਰ, ਡਾ. ਖੁਸ਼ਵਿੰਦਰ ਸਿੰਘ, ਡਾ. ਮੰਜੂ ਬਾਲਾ, ਡਾਇਰੈਕਟਰ, ਸਕੂਲ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਕੇਸੀਈਟੀ), ਡਾ. ਸੁਰਿੰਦਰ ਕੌਰ, ਡੀਨ, ਅਕਾਦਮਿਕ ਮਾਮਲੇ, ਇਸ ਸਮਾਰੋਹ ਦੌਰਾਨ ਮੌਜੂਦ ਸਨ। ਡਾ. ਮਹਿਲ ਸਿੰਘ ਨੇ ਕਿਹਾ ਕਿ ਇਹ ਮਹੱਤਵਪੂਰਨ ਗਠਜੋੜ ਹੋਇਆ ਹੈ ਜੋ ਵਿਦਿਆਰਥੀਆਂ ਅਤੇ ਫੈਕਲਟੀ ਦੋਵਾਂ ਲਈ ਲਾਹੇਵੰਦ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਐੱਲ ਐਂਡ ਟੀ ਐਜੂਟੈਕ ਨਾਲ ਸਾਂਝੇਦਾਰੀ, ਕਲਾਸ-ਰੂਮ ਸਿੱਖਿਆ ਅਤੇ ਉਦਯੋਗਿਕ ਅਭਿਆਸ ਵਿਚਕਾਰ ਪਾੜੇ ਨੂੰ ਪੂਰਾ ਕਰੇਗੀ ਅਤੇ ਵਿਦਿਆਰਥੀਆਂ ਨੂੰ ਮੌਜੂਦਾ ਸਮੇਂ ਦੀਆਂ ਲੋੜਾਂ ਅਨੁਸਾਰ ਸਿੱਖਿਆ ਗ੍ਰਹਿਣ ਕਰਨ ਦੇ ਕਾਬਲ ਬਣਾਵੇਗੀ ਤਾਂ ਜੋ ਉਹ ਰੁਜ਼ਗਾਰ ਪ੍ਰਾਪਤ ਕਰ ਸਕਣ।



ਡਾ. ਸੁਰਿੰਦਰ ਕੌਰ, ਡੀਨ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਪੇਸ਼ ਕੀਤੇ ਜਾ ਰਹੇ ਇਸ ਪ੍ਰੋਗਰਾਮ ਅਨੁਸਾਰ ਸਿਖਲਾਈ ਅਤੇ ਵਿਹਾਰਕ ਐਕਸਪੋਜ਼ਰ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਜੋ ਰਾਸ਼ਟਰੀ ਸਿੱਖਿਆ ਨੀਤੀ-2020 ਦੇ ਦ੍ਰਿਸ਼ਟੀਕੋਣ ਨਾਲ ਮੇਲ ਖਾਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਸਹਿਯੋਗ ਯੂਨੀਵਰਸਿਟੀ ਦੇ ਅਕਾਦਮਿਕ ਈਕੋਸਿਸਟਮ ਨੂੰ ਹੋਰ ਵਧਾਏਗਾ ਅਤੇ ਤਕਨੀਕੀ ਸਾਫਟ ਸਕਿੱਲਜ਼ ਅਤੇ ਉਦਯੋਗਿਕ ਜ਼ਰੂਰਤਾਂ ਨੂੰ ਪੂਰਾ ਕਰੇਗਾ।

## ਲਾਰਿਆਂ ਤੋਂ ਅੱਕੇ ਬੇਰੁਜ਼ਗਾਰ ਸਿਹਤ ਕਾਮੇ ਭਲਕੇ ਸਿਹਤ ਮੰਤਰੀ ਦੀ ਕੋਠੀ ਦਾ ਕਰਨਗੇ ਘਿਰਾਓ

ਵੇਰਕਾ (ਰਾਣਾ)-ਬੇਰੁਜ਼ਗਾਰ ਯੂਨੀਅਨ ਦੇ ਸੂਬਾ ਆਗੂ ਰਵਿੰਦਰ ਸਿੰਘ ਅਜਨਾਲਾ ਨੇ ਦੱਸਿਆ ਕਿ ਸਿਹਤ ਵਿਭਾਗ 'ਚ ਮਲਟੀਪਰਪਜ਼ ਹੈਲਥ ਵਰਕਰ (ਮੇਲ) ਦੀ ਭਰਤੀ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰਦੇ ਆ ਰਹੇ ਬੇਰੁਜ਼ਗਾਰਾਂ ਨੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਦੇ ਲਾਰਿਆਂ ਤੋਂ ਅੱਕ ਕੇ 3 ਅਗਸਤ ਦਿਨ ਐਤਵਾਰ ਨੂੰ ਪਟਿਆਲਾ ਵਿੱਚ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ।ਬਹੁਮੰਤਵੀ ਸਿਹਤ ਕਰਮਚਾਰੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਪੰਜਾਬ ਗਗਨਦੀਪ ਸਿੰਘ ਖਾਲਸਾ ਤੇ ਸੰਦੀਪ ਸਿੰਘ ਚੀਮਾ ਸਲਾਹਕਾਰ ਬਹੁਮੰਤਵੀ ਸਿਹਤ ਕਰਮਚਾਰੀ ਐਸੋਸੀਏਸ਼ਨ ਨੇ ਦੱਸਿਆ ਕਿ ਜਥੇਬੰਦੀ ਧਰਨੇ ਦਾ ਸਮਰਥਨ ਕਰਦੀ ਹੈ ਅਤੇ ਪੁਰਜ਼ੋਰ ਮੰਗ ਕਰਦੀ ਹੈ ਕਿ ਸਰਕਾਰ ਨੇ ਚੋਣ ਵਾਅਦਿਆਂ ਦੌਰਾਨ ਸਿਹਤ ਵਿਭਾਗ 'ਚ ਵਿਸ਼ੇਸ਼ ਤੌਰ ਤੇ ਭਰਤੀਆਂ ਕਰਨ ਦਾ ਵਾਅਦਾ ਕੀਤਾ ਸੀ। ਪ੍ਰੰਤੂ ਕਰੀਬ 4 ਸਾਲਾਂ 'ਚ ਸਿਹਤ ਵਿਭਾਗ ਅੰਦਰ ਮਲਟੀਪਰਪਜ਼ ਹੈਲਥ ਵਰਕਰ (ਮੇਲ) ਦੀ ਇੱਕ ਵੀ ਅਸਾਮੀ ਭਰਤੀ ਕਰਨੀ ਤਾਂ ਦੂਰ ਇਸ਼ਤਿਹਾਰ ਤੱਕ ਨਹੀਂ ਦਿੱਤਾ ਹੈ।ਜਦਕਿ ਸੂਬੇ ਅੰਦਰ ਡੇਂਗੂ ਅਤੇ ਚਿਕਨਗੁਨੀਆ ਸਮੇਤ ਅਨੇਕਾਂ ਬਿਮਾਰੀਆਂ ਕੀਮਤੀ ਜਾਨਾਂ ਲੈ ਰਹੀਆਂ ਹਨ।




ਉਨ੍ਹਾਂ ਕਿਹਾ ਕਿ ਦਰਜਨਾਂ ਮੀਟਿੰਗਾਂ ਵਿੱਚ ਸਿਹਤ ਮੰਤਰੀ ਨੇ ਭਾਵੇਂ ਭਰੋਸਾ ਦਿੱਤਾ ਸੀ।ਉਨ੍ਹਾਂ ਕਿਹਾ ਕਿ ਭਾਵੇਂ ਸਿਹਤ ਵਿਭਾਗ ਅੰਦਰ ਹੈਲਥ ਵਰਕਰ ਵਰਕਰ (ਮੇਲ) ਦੀਆਂ ਅੰਦਾਜ਼ਨ 270 ਅਸਾਮੀਆਂ ਪੰਜਾਬ ਕੈਬਨਿਟ ਫ਼ਰਵਰੀ 2025 ਦੀ ਮੀਟਿੰਗ ਵਿੱਚ ਮਨਜ਼ੂਰ ਹੋ ਚੁੱਕੀਆਂ ਹਨ, ਪ੍ਰੰਤੂ 5 ਮਹੀਨੇ ਲੰਘਣ ਤੋਂ ਬਾਅਦ ਵੀ ਅਜੇ ਤੱਕ ਇਸ਼ਤਿਹਾਰ ਜਾਰੀ ਨਹੀਂ ਕੀਤਾ ਗਿਆ।

## ਫਾਟਕ ਖੋਲ੍ਹਣ ਨੂੰ ਲੈ ਕੇ ਲੋਕਾਂ ਦਾ ਵਫਦ ਰੇਲਵੇ ਦੇ ਸੀਨੀਅਰ ਅਧਿਕਾਰੀਆਂ ਨੂੰ ਮਿਲਿਆ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਫਾਟਕ ਨੰਬਰ ਸੀ 60 ਪੱਕੇ ਤੌਰ 'ਤੇ ਬੰਦ ਕੀਤੇ ਜਾਣ ਕਰਕੇ ਸਥਾਨਕ ਲੋਕਾਂ ਦਾ ਵਫਦ ਸੁਖਵਿੰਦਰ ਸਿੰਘ ਪਹਾੜਾ ਦੀ ਅਗਵਾਈ ਵਿੱਚ ਡੀਆਰ ਐੱਮ ਦਫਤਰ ਜੰਮੂ ਵੱਲੋਂ ਆਏ ਸੀਨੀਅਰ ਡੀਸੀਐੱਮ ਉਚਿਤ ਸਿੰਗਲ, ਸੁਭਾਸ਼ ਸੀਨੀਅਰ ਡੀਈਐੱਨ ਅਤੇ ਸੁਖਜਿੰਦਰ ਕੁਮਾਰ ਸੀਐੱਮਆਈ ਨੂੰ ਦੀਨਾਨਗਰ ਰੇਲਵੇ ਸਟੇਸ਼ਨ 'ਤੇ ਮਿਲਿਆ ਜਿਸ ਵਿੱਚ ਰੇਨੂ ਕਸ਼ਿਅਪ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।ਉੱਚ ਅਧਿਕਾਰੀਆਂ ਨੂੰ ਦੱਸਿਆ ਕਿ ਸਕੂਲੀ ਬੱਚਿਆਂ ਤੇ ਪੈਦਲ ਜਾਣ ਵਾਲਿਆਂ ਨੂੰ ਰੇਲਵੇ ਲਾਈਨ ਨੂੰ ਆਰ ਪਾਰ ਕਰਨ ਸਮੇਂ ਦੋ ਤੋਂ ਤਿੰਨ ਕਿਲੋਮੀਟਰ ਵਾਧੂ ਸਫਰ ਕਰਨਾ ਪੈਂਦਾ ਹੈ।ਲੱਗਭੱਗ 150 ਤੋਂ ਵੱਧ ਦੁਕਾਨਦਾਰਾਂ ਦਾ ਕਾਰੋਬਾਰ ਰੁਕ ਚੁੱਕਿਆ ਹੈ ਅਤੇ 20 ਤੋਂ 25 ਹਜ਼ਾਰ ਲੋਕਾਂ ਦੀ ਆਬਾਦੀ ਪ੍ਰਭਾਵਿਤ ਹੈ।




ਉਨ੍ਹਾਂ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਪੈਦਲ, ਸਾਈਕਲ, ਸਕੂਟਰ ਅਤੇ ਮੋਟਰਸਾਈਕਲਾਂ ਲਈ ਫਾਟਕ ਦਾ ਰਸਤਾ ਖੋਲ੍ਹਿਆ ਜਾਵੇ।ਮੈਡਮ ਰੇਨੂ ਕਸ਼ਿਅਪ ਵੱਲੋਂ ਹਰਿਦੁਆਰ ਤੱਕ ਰੇਲ ਚਲਾਉਣ ਅਤੇ ਪਨਿਆੜ ਰੇਲਵੇ ਫਾਟਕ ਬਣਾਉਣ ਦੀ ਵੀ ਮੰਗ ਰੱਖੀ ਗਈ।ਇਸ ਮੌਕੇ ਉਕਤ ਅਧਿਕਾਰੀਆਂ ਨੇ ਬੜੇ ਗੌਰ ਨਾਲ ਸਮੱਸਿਆਵਾਂ ਸੁਣੀਆਂ ਅਤੇ ਜਲਦੀ ਤੋਂ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਗਿਰਧਾਰੀ ਲਾਲ ਐੱਮਸੀ, ਡਾਕਟਰ ਹਰੀਦੇਵ ਅਗਨੀਹੋਤਰੀ, ਓਮ ਪ੍ਰਕਾਸ਼ ਭਗਤ, ਸਵੇਰੇ ਸਾਹਿਲ ਮਹਾਜਨ, ਯਸ਼ਪਾਲ ਕੁੰਡਲ, ਵਿਕਾਸ ਕਸ਼ਿਅਪ, ਪੂਰਨ ਚੰਦ, ਉਂਕਾਰ ਸਿੰਘ ਫੌਜੀ, ਸੁਦਾਗਰ ਸਿੰਘ, ਪਵਨ ਕੁਮਾਰ, ਕਮਲਜੀਤ ਸਿੰਘ, ਲਵਪ੍ਰੀਤ, ਬਿੱਲਾ ਹਲਵਾਈ, ਰਾਮ ਸਰੂਪ, ਗੁਰਨਾਮ ਸਿੰਘ, ਸੋਨੂ ਕਰਿਆਨੇ ਵਾਲਾ, ਬਲਵਿੰਦਰ ਸਿੰਘ, ਸੁਖਦੇਵ ਸ਼ਰਮਾ, ਵੇਦ ਪ੍ਰਕਾਸ਼, ਅਜੈ ਮਹਾਜਨ, ਨਿਰਮਲ ਸਿੰਘ, ਪ੍ਰਦੀਪ ਬਾਜਵਾ, ਗੁਰਚਰਨ ਮਹਾਜਨ ਆਦੀ ਹਾਜ਼ਰ ਸਨ।

## ਵਧੀਕ ਡਿਪਟੀ ਕਮਿਸ਼ਨਰ ਨੇ ਦਿਵਿਆਂਗ ਵਿਅਕਤੀ ਨੂੰ ਦਿੱਤੀ ਵੀਲ੍ਹ ਚੇਅਰ ਦਿੱਤੀ



ਗੁਰਦਾਸਪੁਰ (ਜਨਕ ਮਹਾਜਨ)- ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਗੁਰਦਾਸਪੁਰ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਦਾ ਜਾਇਜ਼ਾ ਲਿਆ ਜਾ ਰਿਹਾ ਸੀ ਤਾਂ ਉਨ੍ਹਾਂ ਨੂੰ ਪੁਰਾਣੇ ਬੱਸ ਅੱਡੇ ਦੇ ਕੋਲ ਇੱਕ ਦਿਵਿਆਂਗ ਵਿਅਕਤੀ ਜਿਸ ਦਾ ਨਾਂਅ ਅਵਤਾਰ ਸਿੰਘ ਮਿਲੇ ਜੋ ਤੁਰਨ-ਫਿਰਨ ਤੋਂ ਅਸਮਰੱਥ ਸਨ। ਵਧੀਕ ਡਿਪਟੀ ਕਮਿਸ਼ਨਰ ਡਾ. ਬੇਦੀ ਨੇ ਜਦੋਂ ਰੁਕ ਕੇ ਉਸ ਦਿਵਿਆਂਗ ਵਿਅਕਤੀ ਦਾ ਹਾਲ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਚੱਲ ਫਿਰ ਨਹੀਂ ਸਕਦਾ, ਜਿਸ ਕਾਰਨ ਉਸ ਨੂੰ ਮੁਸ਼ਕਲ ਹੁੰਦੀ ਹੈ। ਜਦੋਂ ਡਾ. ਬੇਦੀ ਨੇ ਉਸ ਨੂੰ ਪੁੱਛਿਆ ਕਿ ਉਸ ਕੋਲ ਵੀਲ੍ਹ ਚੇਅਰ ਨਹੀਂ ਹੈ ਤਾਂ ਉਸ ਨੇ ਨਾਂਹ ਵਿਚ ਜੁਆਬ ਦਿੱਤਾ। ਇਸ ਤੋਂ ਬਾਅਦ ਵਧੀਕ ਡਿਪਟੀ ਕਮਿਸ਼ਨਰ ਨੇ ਉਸੇ ਸਮੇਂ ਜ਼ਿਲ੍ਹਾ ਰੈੱਡ ਕਰਾਸ ਦੇ ਸਕੱਤਰ ਰਾਜੀਵ ਸਿੰਘ ਨੂੰ ਕਾਲ ਕਰਕੇ ਬੁਲਾਇਆ ਅਤੇ ਮੌਕੇ 'ਤੇ ਉਸ ਦਿਵਿਆਂਗ ਵਿਅਕਤੀ ਨੂੰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਵੀਲ੍ਹ ਚੇਅਰ ਦੇ ਦਿੱਤੀ। ਡਾ. ਬੇਦੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਹਮੇਸ਼ਾ ਹੀ ਲੋੜਵੰਦਾਂ ਦੀ ਸੇਵਾ ਵਿੱਚ ਹਾਜ਼ਰ ਹੈ।

## ਯੂਰੀਆ ਖਾਦ ਦੀ ਕਿੱਲਤ ਨੂੰ ਲੈ ਕੇ ਕਿਸਾਨਾਂ ਸਰਕਾਰ 'ਤੇ ਕੀਤੇ ਤਿੱਖੇ ਸ਼ਬਦੀ ਹਮਲੇ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਇਕ ਮੀਟਿੰਗ ਗੁਰਦੁਆਰਾ ਨਾਨਕਸਰ ਭਿੱਟੇਵੱਢ ਵਿਖੇ ਹੋਈ ਜਿਸ ਵਿੱਚ ਵੱਡੀ ਗਿਣਤੀ 'ਚ ਕਿਸਾਨ ਆਗੂਆਂ ਅਤੇ ਕਿਸਾਨਾਂ ਨੇ ਭਾਗ ਲਿਆ! ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਯੂਰੀਆ ਖਾਦ ਦੀ ਕਿੱਲਤ ਨੂੰ ਲੈ ਕੇ ਪੰਜਾਬ ਸਰਕਾਰ ਤੇ ਸਬੰਧਤ ਖੇਤੀਬਾੜੀ ਅਧਿਕਾਰੀਆਂ ਅਤੇ ਦੁਕਾਨਦਾਰ ਵਿਕਰੇਤਾ ਨੂੰ ਕੋਸਦਿਆਂ ਕਿਹਾ ਕਿ ਇਸ ਵੇਲੇ ਪੰਜਾਬ ਦੇ ਕਿਸਾਨਾਂ ਨੂੰ ਝੋਨੇ ਦੀ ਪੈਦਾਵਾਰ ਲਈ ਯੂਰੀਆ ਖਾਦ ਦੀ ਜ਼ਰੂਰਤ ਹੈ।

ਕਿਸਾਨਾਂ ਨੇ ਪੰਜਾਬ ਸਰਕਾਰ ਵੱਲੋਂ ਪੰਜਾਬ ਸਰਕਾਰ ਦੀ ਲੈਂਡ ਪੂਰਨ ਨੀਤੀ ਦਾ ਸਖਤ ਵਿਰੋਧ ਕਰਦਿਆਂ ਕਿਹਾ ਕਿ ਕਿ ਇੱਕ ਪਾਸੇ ਭਗਵੰਤ ਮਾਨ ਸਰਕਾਰ ਕਿਸਾਨਾਂ ਦੀ ਲੈਂਡ ਪੋਲਿੰਗ ਨੀਤੀ ਦੇ ਬਹਾਨੇ ਕਿਸਾਨਾਂ ਦੀ ਉਪਜਾਊ ਜ਼ਮੀਨ ਖੋਹਣ ਜਾ ਰਹੀ ਹੈ ਪਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਸਰਕਾਰ ਦੇ ਇਸ ਸੂਬੇ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦੇਵੇਗੀ। ਇਸ ਲਈ ਭਾਵੇਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੂੰ ਕਿਸੇ ਵੀ ਤਰ੍ਹਾਂ ਦੀ ਕੁਰਬਾਨੀ ਕਿਉਂ ਨਾ ਦੇਣੀ ਪਵੇ। ਇਸ ਮੀਟਿੰਗ ਨੂੰ ਰਣਜੀਤ ਸਿੰਘ ਧੰਦਲ, ਲਖਵਿੰਦਰ ਸਿੰਘ ਕਾਲਾਬਾਲਾ, ਪਰਮਜੀਤ ਸਿੰਘ ਨਿਮਾਣੇ, ਗੁਰਪ੍ਰੀਤ ਸਿੰਘ ਕੋਟ ਟੋਡਰਮਲ, ਭਗਤ ਸਿੰਘ, ਜਸਵੰਤ ਸਿੰਘ, ਕਾਬੁਲ ਸਿੰਘ, ਗੁਰਦੇਵ ਸਿੰਘ, ਬਲਕਾਰ ਸਿੰਘ, ਬਲਵਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ।

## ਜਨਮ ਦਿਨ ਮੁਬਾਰਕ



ਭਾਵਿਕਾ ਬਾਂਗਾ
ਪਿਤਾ : ਪਰਦੀਪ ਬਾਂਗਾ
ਮਾਤਾ : ਹਰਪ੍ਰੀਤ
ਵਾਸੀ : ਨਾਭਾ



ਅਕਾਸ਼ਦੀਪ ਸਿੰਘ ਲਿੱਟ
ਪਿਤਾ : ਬਲਕਰਨ ਸਿੰਘ ਲਿੱਟ
ਮਾਤਾ : ਜਗਦੀਪ ਕੌਰ

# ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਨਿਤਿਨ ਗਡਕਰੀ ਨਾਲ ਮੁਲਾਕਾਤ

## ● ਗਡਕਰੀ ਵੱਲੋਂ ਹੁਸ਼ਿਆਰਪੁਰ-ਟਾਂਡਾ ਸੜਕ ਦਾ ਨਿਰਮਾਣ ਜਲਦ ਸ਼ੁਰੂ ਕਰਵਾਉਣ ਦਾ ਭਰੋਸਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)- ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਸੜਕੀ ਆਵਾਜਾਈ ਬਾਰੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕਰਕੇ ਹੁਸ਼ਿਆਰਪੁਰ ਤੋਂ ਟਾਂਡਾ ਰੋਡ ਦੇ ਨਿਰਮਾਣ ਕਾਰਜ ਨੂੰ ਜਲਦ ਸ਼ੁਰੂ ਕਰਵਾਉਣ ਲਈ ਮੰਗ ਪੱਤਰ ਦਿੱਤਾ ਜਿਸ 'ਤੇ ਕੇਂਦਰੀ ਮੰਤਰੀ ਨੇ ਭਰੋਸਾ ਦਿੱਤਾ ਕਿ ਜਲਦ ਹੀ ਸੜਕ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ ਜਾਵੇਗਾ। ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਸਮੇਤ ਡਾ. ਰਾਜ ਕੁਮਾਰ ਚੱਬੇਵਾਲ ਨੇ ਕੇਂਦਰੀ ਮੰਤਰੀ ਨਾਲ ਮੁਲਾਕਾਤ ਦੌਰਾਨ ਦੱਸਿਆ ਕਿ ਹੁਸ਼ਿਆਰਪੁਰ-ਟਾਂਡਾ ਸੜਕ, ਜਿਸ ਦੀ ਲੰਬਾਈ ਜਿਸਦੀ ਲੰਬਾਈ 27.9 ਕਿਲੋਮੀਟਰ ਹੈ, ਦੇ ਨਿਰਮਾਣ 'ਤੇ 28.86 ਕਰੋੜ ਦੀ ਲਾਗਤ ਹੋਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਕੇਂਦਰੀ ਮੰਤਰੀ ਨਾਲ ਮੁਲਾਕਾਤ ਮੌਕੇ ਹੁਸ਼ਿਆਰਪੁਰ-ਜਲੰਧਰ ਰੋਡ ਦੇ ਅਧੂਰੇ ਪਏ ਕੰਮ ਨੂੰ ਜਲਦ ਪੂਰਾ ਕਰਵਾਉਣ ਦੀ ਵੀ ਮੰਗ ਕੀਤੀ ਗਈ ਹੈ ਅਤੇ ਉਨ੍ਹਾਂ ਨੇ ਭਰੋਸਾ ਦਿਵਾਇਆ ਹੈ ਕਿ ਇਸ ਸੜਕ ਦਾ ਰੁਕਿਆ ਪਿਆ ਕੰਮ ਵੀ ਜਲਦ ਸ਼ੁਰੂ ਕਰਵਾਇਆ ਜਾਵੇਗਾ। ਡਾ. ਰਾਜ ਕੁਮਾਰ ਚੱਬੇਵਾਲ ਨੇ ਦੱਸਿਆ ਕਿ ਹੁਸ਼ਿਆਰਪੁਰ-ਜਲੰਧਰ ਰੋਡ ਵਿੱਚ ਜਿੱਥੇ-ਜਿੱਥੇ ਹਾਲੇ ਤੱਕ ਸੜਕ ਦਾ ਨਿਰਮਾਣ ਨਹੀਂ ਹੋ ਸਕਿਆ ਹੈ ਉਨ੍ਹਾਂ ਥਾਵਾਂ 'ਤੇ ਪ੍ਰਸ਼ਾਸਨ ਨੂੰ ਜ਼ਮੀਨ ਐਕਵਾਇਰ ਕਰਨ ਵਿੱਚ ਮੁਸ਼ਕਲ ਪੇਸ਼ ਆਈ ਸੀ ਜਿਸ ਕਾਰਨ ਕੰਮ ਰੁਕ ਗਿਆ ਪਰ ਹੁਣ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਆਉਣ ਵਾਲੇ ਸਮੇਂ ਦੌਰਾਨ ਜਲਦ ਹੀ ਜ਼ਮੀਨ ਐਕਵਾਇਰ ਕਰਨ ਦੀ ਪ੍ਰਕ੍ਰਿਆ ਨੂੰ ਪੂਰੀ ਕਰਨ ਦਾ ਭਰੋਸਾ ਦਿੱਤਾ ਹੈ, ਜਿਸ ਉਪਰੰਤ ਸੜਕ ਦਾ ਨਿਰਮਾਣ ਸ਼ੁਰੂ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਆਦਮਪੁਰ ਦੇ ਫਲਾਈਓਵਰ ਦਾ ਰੁਕਿਆ ਕੰਮ ਵੀ ਜਲਦ ਸ਼ੁਰੂ ਕਰਵਾਇਆ ਜਾ ਰਿਹਾ ਹੈ।



# ਬੇਕਾਬੂ ਥਾਰ ਦਰੱਖ਼ਤ ਨਾਲ ਟਕਰਾਈ, 2 ਨੌਜਵਾਨਾਂ ਦੀ ਮੌਤ





ਮਾਹਿਲਪੁਰ (ਸਹੋਤਾ)- ਮਾਹਿਲਪੁਰ ਤੋਂ ਫਗਵਾੜਾ ਜਾਣ ਵਾਲੇ ਮੁੱਖ ਮਾਰਗ ਤੇ ਪੈਂਦਾ ਪਿੰਡ ਪਾਲਦੀ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਥਾਰ ਦਰਖਤ ਨਾਲ ਟਕਰਾਉਣ ਤੇ ਭਿਆਨਕ ਹਾਦਸਾ ਵਾਪਰਿਆ। ਥਾਰ ਤੇ ਸਵਾਰ ਦੋਵੇਂ ਨੌਜਵਾਨਾਂ ਦੀ ਦਰਦਨਾਕ ਮੌਤ ਹੋ ਗਈ। ਮੌਕੇ ਤੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਹਰਸ਼ਦੀਪ ਪੁੱਤਰ ਕੁਲਦੀਪ ਸਿੰਘ ਸਰਪੰਚ ਪਿੰਡ ਢਾਡਾ ਖੁਰਦ ਅਤੇ ਹਰਸਿਮਰਨ ਸਿੰਘ ਪੁੱਤਰ ਪਵਿੱਤਰ ਪਵਿੱਤਰ ਸਿੰਘ ਪਿੰਡ ਮੁੱਖ ਮਜਾਰਾ ਦੋਵੇਂ +2 ਦੇ ਵਿਦਿਆਰਥੀ ਥਾਰ ਗੱਡੀ ਪੀ ਬੀ 08 ਐਚ ਸੀ 00 79 ਵਿੱਚ ਦੇਰ ਸ਼ਾਮ ਹਰਸ਼ਦੀਪ ਦੇ ਪਿੰਡ ਢਾਡਾ ਖੁਰਦ ਜਾ ਰਹੇ ਸਨ, ਜਿਸ ਨੂੰ ਹਰਸ਼ਦੀਪ ਚਲਾ ਰਿਹਾ ਸੀ ਤਾਂ ਗੱਡੀ ਬੇਕਾਬੂ ਹੋਣ ਨਾਲ ਇੱਕ ਦਰਖਤ ਨਾਲ ਜਾ ਟਕਰਾਈ। ਹਾਦਸਾ ਇਨਾਂ ਭਿਆਨਕ ਸੀ ਕਿ ਥਾਰ ਦੇ ਪਰਖੱਚੇ ਉਡ ਗਏ, ਜਿਸ ਨਾਲ ਹਰਸ਼ਦੀਪ ਦੀ ਮੌਕੇ ਤੇ ਹੀ ਮੌਤ ਹੋ ਗਈ ਤੇ ਸਿਮਰਨ ਦੀ ਹਾਲਤ ਗੰਭੀਰ ਹੋਣ ਤੇ ਹਸਪਤਾਲ ਲਿਜਾਇਆਂ ਗਸਤੇ ਵਿਚ ਮੌਤ ਹੋ ਗਈ। ਥਾਣਾ ਮਾਹਿਲਪੁਰ ਦੀ ਪੁਲਿਸ ਨੇ ਥਾਰ ਅਤੇ ਦੋਵੇਂ ਲਾਸ਼ਾਂ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਮਾਜਿਕ ਸਿੱਖਿਆ ਦੀ ਮਹੱਤਤਾ

ਸਮਾਜਿਕ ਸਿੱਖਿਆ ਵਿਦਿਆਰਥੀਆਂ ਦੇ ਸਮਾਜਿਕ ਅਤੇ ਬੌਧਿਕ ਵਿਕਾਸ ਵਿੱਚ ਕੇਂਦਰੀ ਭੂਮਿਕਾ ਅਦਾ ਕਰਦੀ ਹੈ। ਇਹ ਵਿਸ਼ਾ ਕੇਵਲ ਇਤਿਹਾਸ, ਭੂਗੋਲ, ਨਾਗਰਿਕ ਸ਼ਾਸਤਰ ਅਤੇ ਅਰਥਸ਼ਾਸਤਰ ਤੱਕ ਹੀ ਸੀਮਿਤ ਨਹੀਂ, ਸਗੋਂ ਅਜੋਕੇ ਯੁੱਗ ਵਿੱਚ ਜੀਵਨ ਜਿਊਣ ਦੀ ਕਲਾ ਬਣ ਚੁੱਕਾ ਹੈ। ਸਮਾਜਿਕ ਸਿੱਖਿਆ ਵਿਦਿਆਰਥੀਆਂ ਨੂੰ ਲੋਕ-ਵਿਹਾਰ ਅਤੇ ਸਮਾਜ ਨਾਲ ਸੰਬੰਧ ਬਣਾਉਣ ਦੀ ਸਮਝ ਦਿੰਦੀ ਹੈ। ਮੁੱਢਲੀਆਂ ਜਮਾਤਾਂ ਵਿੱਚ ਇਹ ਵਿਸ਼ਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ, ਕਿਉਂਕਿ ਇਹ ਉਹ ਸਮਾਂ ਹੁੰਦਾ ਹੈ ਜਦੋਂ ਬੱਚਿਆਂ ਦੀ ਸੋਚਣ ਦੀ ਯੋਗਤਾ, ਸਮਝਦਾਰੀ ਅਤੇ ਵਿਹਾਰਕ ਜੀਵਨ ਦੀ ਸ਼ੁਰੂਆਤ ਹੁੰਦੀ ਹੈ। ਇਸ ਵਿਸ਼ੇ ਰਾਹੀਂ ਵਿਦਿਆਰਥੀ ਆਪਣੀ ਸੰਸਕ੍ਰਿਤੀ, ਪੁਰਾਤਨ ਪਰੰਪਰਾਵਾਂ, ਤਿਆਗ ਅਤੇ ਸੇਵਾ ਭਾਵਨਾ ਵਰਗੇ ਮੂਲ ਮੁੱਲ ਸਿੱਖਦੇ ਹਨ। ਇਹ ਵਿਸ਼ਾ ਉਨ੍ਹਾਂ ਵਿੱਚ ਜਵਾਬਦੇਹੀ, ਸਹਿਯੋਗ ਅਤੇ ਬਰਾਬਰੀ ਦੀ ਭਾਵਨਾ ਪੈਦਾ ਕਰਦਾ ਹੈ। ਜੇਕਰ ਭਵਿੱਖ ਦੀ ਗੱਲ ਕੀਤੀ ਜਾਵੇ ਤਾਂ ਸਮਾਜਿਕ ਸਿੱਖਿਆ ਵਿਦਿਆਰਥੀਆਂ ਨੂੰ ਸੁਚੇਤ, ਸੁਝਵਾਨ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਣ ਵਿੱਚ ਅਹਿਮ ਯੋਗਦਾਨ ਪਾਉਂਦੀ ਹੈ। ਭਾਰਤ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਸਮਝਣ ਅਤੇ ਜੀਵਨ ਨੂੰ ਕਾਨੂੰਨੀ ਨਿਯਮਾਂ ਅਨੁਸਾਰ ਜਿਊਣ ਲਈ ਇਸ ਵਿਸ਼ੇ ਦੀ ਮਹੱਤਤਾ ਅਣਗੌਲਣਯੋਗ ਹੈ।ਸਮਾਜਿਕ ਸਿੱਖਿਆ ਰਾਹੀਂ ਵਿਦਿਆਰਥੀ ਆਪਣੇ ਫਰਜ਼, ਅਧਿਕਾਰ, ਵਾਤਾਵਰਣ, ਆਰਥਿਕ ਵਿਸ਼ੇ ਅਤੇ ਰਾਸ਼ਟਰ ਦੇ ਨਿਰਮਾਣਕਾਰੀ ਤੱਤਾਂ ਦੀ ਵੀ ਗਹਿਰੀ ਸਮਝ ਹਾਸਲ ਕਰਦੇ ਹਨ।ਸਮਾਜਿਕ ਸਿੱਖਿਆ ਨਾ ਸਿਰਫ਼ ਵਿਦਿਅਕ ਪੱਧਰ ਤੇ, ਸਗੋਂ ਰਾਸ਼ਟਰ ਨਿਰਮਾਣ ਅਤੇ ਪ੍ਰਯੋਗੀ ਪ੍ਰੀਖਿਆਵਾਂ ਲਈ ਵੀ ਇੱਕ ਅਣਮੁੱਲੀ ਤਿਆਰੀ ਹੈ। ਅੱਜ ਦਾ ਹਰ ਵਿਦਿਆਰਥੀ ਕਿਸੇ ਨਾ ਕਿਸੇ ਸਰਕਾਰੀ ਜਾਂ ਮੁਕਾਬਲੇ ਦੀ ਪ੍ਰੀਖਿਆ ਦੇਣ ਦਾ ਸੁਪਨਾ ਰੱਖਦਾ ਹੈ। ਇਨ੍ਹਾਂ ਪ੍ਰੀਖਿਆਵਾਂ ਵਿੱਚ ਸਮਾਜਿਕ ਸਿੱਖਿਆ ਵਿਸ਼ੇ ਦੀ ਅਹਿਮ ਭੂਮਿਕਾ ਸਾਫ਼-ਸਾਫ਼ ਨਜ਼ਰ ਆਉਂਦੀ ਹੈ।ਜੇਕਰ ਇੱਥ ਕਿਹਾ ਜਾਵੇ ਕਿ ਸਮਾਜਿਕ ਸਿੱਖਿਆ ਤੋਂ ਬਿਨਾਂ ਕੋਈ ਵੀ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਨੀ ਆਸਾਨ ਨਹੀਂ ਤਾਂ ਇਹ ਗਲਤ ਨਹੀਂ ਹੋਵੇਗਾ ਬੱਚਿਆਂ ਨੂੰ ਇਸ ਲਈ ਇਸ ਵਿਸ਼ੇ ਨੂੰ ਅਣਗੌਲਿਆ ਕਰਨਾ ਨਾਦਾਨੀ ਹੈ।



ਮਾਸਟਰ ਕਮਲ ਸਹਿਗਲ (ਸ.ਸ.ਮਾਸਟਰ)
ਮੋਬਾ: 941743568

# ਪੰਜਾਬ ਸਰਕਾਰ ਸਿਵਲ ਹਸਪਤਾਲਾਂ 'ਚ ਚਾਰ-ਪਰਤੀ ਬੈਕਅੱਪ ਸਿਸਟਮ ਲਾਗੂ ਕਰੇਗੀ : ਡਾ. ਬਲਬੀਰ ਸਿੰਘ

## ● ਦੁਖਾਂਤ ਦਾ ਸਿਆਸੀਕਰਨ ਕਰਨ ਲਈ ਵਿਰੋਧੀ ਧਿਰ ਦੇ ਵਿਧਾਇਕਾਂ ਦੀ ਕੀਤੀ ਨਿੰਦਾ

ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ)- ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਸੂਬਾ ਸਰਕਾਰ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਨਿਰਵਿਘਨ ਆਕਸੀਜਨ ਤੇ ਬਿਜਲੀ ਸਪਲਾਈ, ਅੱਗ ਬੁਝਾਊ ਪ੍ਰਣਾਲੀਆਂ, ਪਾਣੀ ਅਤੇ ਸੈਨੀਟੇਸ਼ਨ ਸੇਵਾਵਾਂ ਯਕੀਨੀ ਬਣਾਉਣ ਲਈ ਇਕ ਮਜ਼ਬੂਤ ਚਾਰ-ਪਰਤੀ ਬੈਕਅੱਪ ਸਿਸਟਮ ਸਥਾਪਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲ ਦਾ ਉਦੇਸ਼ ਭਵਿੱਖ ਵਿੱਚ ਮਰੀਜ਼ਾਂ ਦੀ ਸੁਰੱਖਿਆ ਵਿੱਚ ਹੋਣ ਵਾਲੀ ਕਿਸੇ ਵੀ ਗਲਤੀ ਨੂੰ ਰੋਕਣ ਲਈ ਕ੍ਰਿਟੀਕਲ ਕੇਅਰ ਸਬੰਧੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਕੈਬਨਿਟ ਮੰਤਰੀ ਜਲੰਧਰ ਦੇ ਸ਼ਹੀਦ ਬਾਬੂ ਲਾਭ ਸਿੰਘ ਸਿਵਲ ਹਸਪਤਾਲ ਦਾ ਦੌਰਾ ਕਰ ਰਹੇ ਸਨ, ਜਿੱਥੇ ਉਨ੍ਹਾਂ ਸਿਹਤ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਵਿਵਸਥਾ ਸਬੰਧੀ ਸੁਧਾਰਾਂ ਲਈ ਅਹਿਮ ਨਿਰਦੇਸ਼ ਦਿੱਤੇ। ਮੀਡੀਆ ਨਾਲ ਗੱਲਬਾਤ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਵਿਵਸਥਾ 'ਚ ਖਾਮੀਆਂ ਕਾਰਨ ਜਾਨਾਂ ਨੂੰ ਜੋਖਮ ਵਿੱਚ ਨਹੀਂ ਪਾਇਆ ਜਾ ਸਕਦਾ। ਜਲੰਧਰ ਸਿਵਲ ਹਸਪਤਾਲ ਵਿੱਚ ਤਿੰਨ ਮਰੀਜ਼ਾਂ ਦੀ ਦੁਖਦਾਈ ਮੌਤ ਦਾ ਜ਼ਿਕਰ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਖਾਮੀਆਂ ਦਾ ਵਿਸ਼ਲਥਾ ਨਾਲ ਪਤਾ ਲਗਾਉਣ ਲਈ ਇੱਕ ਫਾਲੋ-ਅੱਪ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਟਾਫਿੰਗ ਵਿੱਚ ਸੁਧਾਰਾਂ 'ਤੇ ਚਾਨਣਾ ਪਾਉਂਦਿਆਂ ਡਾ. ਸਿੰਘ ਨੇ ਦੱਸਿਆ ਕਿ ਹਾਊਸ ਸਰਜਨਾਂ ਨੂੰ ਹੁਣ ਪ੍ਰਤੀ ਮਹੀਨਾ 70,000 ਰੁਪਏ ਤੋਂ ਵੱਧ ਭੁਗਤਾਨ ਕੀਤਾ ਜਾ ਰਿਹਾ ਹੈ - ਜੋ ਕਿ ਪਿਛਲੇ ਸਟਾਈਪੰਡ ਨਾਲੋਂ ਦੁੱਗਣੇ ਤੋਂ ਵੀ ਵੱਧ ਹੈ, ਜਿਸ ਨਾਲ ਸਰਕਾਰੀ ਹਸਪਤਾਲਾਂ ਵਿੱਚ ਭਰਤੀਆਂ ਵਿੱਚ ਵਾਧਾ ਹੋਇਆ ਹੈ। ਡਾ. ਸਿੰਘ ਨੇ ਖ਼ੁਦ ਆਕਸੀਜਨ ਪਲਾਂਟ ਅਤੇ ਪਾਵਰ ਬੈਕਅੱਪ ਸਿਸਟਮ ਦਾ ਨਿਰੀਖਣ ਕੀਤਾ ਅਤੇ ਦੁਖੀ ਪਰਿਵਾਰਾਂ ਨੂੰ ਪੂਰੀ ਸਰਕਾਰੀ ਸਹਾਇਤਾ ਦਾ ਭਰੋਸਾ ਦਿੱਤਾ।



# ਡੇਰਾਬੱਸੀ-ਰਾਮਗੜ੍ਹ ਸੜਕ ਦੇ ਨਵੀਨੀਕਰਨ ਲਈ 11.29 ਕਰੋੜ ਮਨਜ਼ੂਰ

ਡੇਰਾ ਬੱਸੀ (ਵਿਨੈ ਕੁਮਾਰ ਜੈਨ)- ਡੇਰਾ ਬੱਸੀ ਰਾਮਗੜ੍ਹ ਸੜਕ ਤੇ ਮੁਬਾਰਕਪੁਰ-ਸੁੰਡਰਾਂ ਸੜਕ ਦੇ ਚੌੜਾਂ ਦੀ ਖਸਤਾ ਹਾਲਤ ਕਾਰਨ ਰਾਹਗੀਰਾਂ ਸਮੇਤ ਸਥਾਨਕ ਲੋਕਾਂ ਨੂੰ ਆ ਰਹੀ ਸਮੱਸਿਆ ਦੇ ਹੱਲ ਲਈ ਕੰਮ ਆਉਣ ਵਾਲੇ 20 ਦਿਨਾਂ ਵਿੱਚ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਲਈ ਪੰਜਾਬ ਸਰਕਾਰ ਵੱਲੋਂ 11 ਕਰੋੜ 29 ਲੱਖ 24 ਹਜ਼ਾਰ ਰੁਪਏ ਮਨਜ਼ੂਰ ਕੀਤੇ ਗਏ ਹਨ ਅਤੇ ਟੈਂਡਰ ਅਲਾਟ ਕੀਤੇ ਜਾ ਰਹੇ ਹਨ। ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਅੱਜ ਕਿਹਾ ਕਿ ਇਸ ਵੇਲੇ ਰਾਹਗੀਰਾਂ ਨੂੰ ਪੂਰੀ ਰਾਹਤ ਦੇਣ ਲਈ ਪਾਣੀ ਦੀ ਨਿਕਾਸੀ ਅਤੇ ਗਟਰ ਪਾ ਕੇ ਮੁੱਢਲੇ ਕੰਮ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਜੇਕਰ ਮੀਂਹ ਨਾ ਪਿਆ ਤਾਂ ਇਸ ਚੌੜਾਏ ਦਾ ਕੰਮ 2 ਮਹੀਨਿਆਂ ਵਿੱਚ ਪੂਰਾ ਕਰ ਲਿਆ ਜਾਵੇਗਾ। ਜਾਣਕਾਰੀ ਦਿੰਦੇ ਹੋਏ ਕੁਲਜੀਤ ਰੰਧਾਵਾ ਨੇ ਕਿਹਾ ਕਿ 11 ਕਰੋੜ 29 ਲੱਖ 24 ਹਜ਼ਾਰ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਮਿਲ ਗਈ ਹੈ, ਜਿਸ ਲਈ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਟੈਂਡਰ ਅਗਲੇ 7 ਦਿਨਾਂ ਦੇ ਅੰਦਰ ਖੋਲ੍ਹ ਦਿੱਤੇ ਜਾਣਗੇ ਅਤੇ ਅਗਲੇ 15 ਦਿਨਾਂ ਵਿੱਚ ਸਾਰੀਆਂ ਤਕਨੀਕੀ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਟੈਂਡਰ ਅਲਾਟ ਕਰ ਦਿੱਤੇ ਜਾਣਗੇ। ਲਗਭਗ ਇੱਕ ਕਿਲੋਮੀਟਰ ਦੇ ਬੁਰੀ ਤਰ੍ਹਾਂ ਨੁਕਸਾਨੇ ਗਏ ਹਿੱਸੇ ਨੂੰ 200 ਐੱਮ ਐੱਮ ਜੀ ਐੱਸ ਬੀ, 250 ਐੱਮ ਐੱਮ ਡਬਲਿਊ ਐੱਮ ਐੱਮ 100 ਐੱਮ ਐੱਮ ਡੀ ਬੀ ਐੱਮ ਅਤੇ 30 ਐੱਮ ਐੱਮ ਬੀ ਸੀ ਦੀ ਵਰਤੋਂ ਕਰਕੇ ਦੁਬਾਰਾ ਬਣਾਇਆ ਜਾਵੇਗਾ। 30 ਐੱਮ ਐੱਸ ਬਿਟੂਮਨ ਕੰਕਰੀਟ ਵਾਲੀ ਸੜਕ ਵਿਛਾਈ ਜਾਵੇਗੀ। ਇਸ ਤੋਂ ਇਲਾਵਾ, ਸੁੰਦਰਨ ਜੰਕਸ਼ਨ ਅਤੇ ਦਫ਼ਰਪੁਰ ਮੋੜ ਠੀਕਰੀ ਲਿੰਕ ਰੋਡ ਦੇ ਹਿੱਸੇ ਨੂੰ ਇੰਟਰਲਾਕਿੰਗ ਟਾਈਲਾਂ ਨਾਲ ਤਿਆਰ ਕੀਤਾ ਜਾਵੇਗਾ। ਸੜਕ ਦੇ ਦੋਵੇਂ ਪਾਸੇ ਲਗਭਗ 4 ਕਿਲੋਮੀਟਰ ਤੱਕ ਸੜਕ ਦੇ ਕਿਨਾਰੇ ਬਰਮ ਵੀ ਬਣਾਏ ਜਾਣਗੇ। ਇਸ ਦੇ ਨਾਲ ਹੀ ਸੜਕ ਦੀ ਫਿਨਿਸ਼ਿੰਗ ਲਾਈਨਾਂ ਅਤੇ ਸਾਈਨ ਬੋਰਡ ਵੀ ਲਗਾਏ ਜਾਣਗੇ। ਰੰਧਾਵਾ ਨੇ ਕਿਹਾ ਕਿ ਪਹਿਲੀ ਤਰਜੀਹ ਮੁਬਾਰਕਪੁਰ ਸੁੰਦਰਨ ਕਰਾਸਿੰਗ, ਮੁਬਾਰਕਪੁਰ ਅੰਡਰਪਾਸ ਕਰਾਸਿੰਗ ਅਤੇ ਦਫ਼ਰਪੁਰ ਨੇੜੇ ਕਰਾਸਿੰਗ ਦੀ ਮੁਰੰਮਤ ਹੋਵੇਗੀ। ਜੇਕਰ ਇਸ ਕੰਮ ਵਿੱਚ ਮੀਂਹ ਕਾਰਨ ਰੁਕਾਵਟ ਨਹੀਂ ਆਈ, ਤਾਂ ਇਹ ਕੰਮ ਦੋ ਮਹੀਨਿਆਂ ਵਿੱਚ ਪੂਰਾ ਹੋ ਜਾਵੇਗਾ, ਜਦੋਂ ਕਿ ਬਾਕੀ 7.2 ਕਿਲੋਮੀਟਰ ਲੰਬੀ ਸੜਕ ਨੂੰ ਅਗਲੇ 6 ਮਹੀਨਿਆਂ ਵਿੱਚ ਦੁਬਾਰਾ ਬਣਾਇਆ ਜਾਵੇਗਾ।



# ਤੀਆਂ ਦਾ ਤਿਉਹਾਰ ਮਨਾਇਆ



ਭਲਾਣ (ਹਰਭਜਨ ਢਿੱਲੋਂ)- ਸਾਵਣ ਮਹੀਨੇ ਨੂੰ ਸਮਰਪਿਤ ਮਾਤਾ ਨਾਨਕੀ ਜੀ ਮਹਿਲਾ ਮੰਡਲ ਭੱਲੜੀ ਨੇ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ। ਇਸ ਮੌਕੇ ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਨਾਲ ਜੋੜ ਕੇ ਰੱਖਣ ਲਈ ਗਿੱਧਾ, ਭੰਗੜਾ, ਲੋਕ ਬੋਲੀਆਂ ਅਤੇ ਪੀਘਾਂ ਝੂਟ ਕੇ, ਨੱਚ ਟੱਪ ਕੇ ਤੀਆਂ ਦਾ ਤਿਉਹਾਰ ਮਨਾਇਆ ਗਿਆ। ਪੰਜਾਬੀ ਵਿਰਸੇ ਨਾਲ ਜੁੜੇ, ਗਹਿਣਿਆਂ ਨਾਲ ਸੱਜੀਆਂ ਸੁਆਣੀਆਂ ਵਲੋਂ ਪੰਜਾਬੀ ਲੋਕ ਗੀਤ, ਸੱਭਿਆਚਾਰ ਨਾਲ ਜੁੜੀਆਂ ਬੋਲੀਆਂ, ਸੁਹਾਗ ਤੋਂ ਇਲਾਵਾ ਹੋਰ ਵੰਨਗੀਆਂ ਵੀ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਮਹਿਲਾ ਮੰਡਲ ਦੀ ਪ੍ਰਧਾਨ ਬਲਵਿੰਦਰ ਕੌਰ ਅਤੇ ਵਾਈਸ ਪ੍ਰਧਾਨ ਮਨਜੀਤ ਕੌਰ ਨੇ ਸਾਂਝੇ ਤੌਰ ਤੇ ਕਿਹਾ ਕਿ ਤੀਆਂ ਦਾ ਤਿਉਹਾਰ ਦਾ ਨਾਂ ਸੁਣਦਿਆਂ ਹੀ ਕੁੜੀਆਂ ਦੀਆਂ ਉਮੰਗਾਂ ਜਾਗ ਜਾਂਦੀਆਂ ਹਨ। ਇਸ ਮੌਕੇ ਪ੍ਰਧਾਨ ਬਲਵਿੰਦਰ ਕੌਰ, ਵਾਇਸ ਪ੍ਰਧਾਨ ਮਨਜੀਤ ਕੌਰ, ਕੇਸ਼ੀਅਰ ਸੁਰਿੰਦਰ ਕੌਰ, ਜਸਵਿੰਦਰ ਕੌਰ, ਸ਼ਮਾ ਸ਼ਰਮਾ, ਸਰਪੰਚ ਬਲਵੰਤ ਕੌਰ, ਅਮਰਜੀਤ ਕੌਰ, ਸੀਮਾ, ਪਰਮਜੀਤ ਕੌਰ, ਦੀਪ ਕੌਰ, ਪੁਸ਼ਵਾ ਦੇਵੀ, ਜੋਤੀ ਦੇਵੀ, ਹਰਸ਼, ਨਿਸ਼ਾ, ਚੰਚਲਾ ਦੇਵੀ, ਸਰੋਜ ਕੌਰ, ਪੰਚ ਚੰਚਲ ਕੌਰ, ਜਸਵਿੰਦਰ ਕੌਰ, ਜਰਨੈਲ ਕੌਰ, ਗੁਰਦੇਵ ਕੌਰ, ਹਰਜਿੰਦਰ ਕੌਰ, ਕਮਲਜੀਤ ਕੌਰ, ਨਰਿੰਦਰ ਕੌਰ, ਕਾਂਤਾ ਦੇਵੀ, ਗੁਰਪ੍ਰੀਤ ਕੌਰ, ਸ਼ਾਲੂ, ਭੋਲੀ, ਬਿੰਦਰ ਧਾਰੀਵਾਲ, ਸੀਮਾ, ਸੰਤੋਸ਼ ਕੌਰ ਅਤੇ ਕੁਲਦੀਪ ਕੌਰ ਰਾਮਗੜ੍ਹੀਆ ਤੋਂ ਇਲਾਵਾ ਔਰਤਾਂ ਦਾ ਵੱਡਾ ਇਕੱਠ ਸੀ।

# ਹਿਮਾਂਸ਼ੀ ਕੌਸ਼ਲ ਨੇ ਏਸ਼ੀਅਨ ਖੇਡਾਂ 'ਚ ਗੋਲਡ ਮੈਡਲ ਜਿੱਤ ਕੇ ਧੀਆਂ ਦਾ ਮਾਣ ਵਧਾਇਆ

ਕੁਰਾਲੀ (ਮੋਹਨ ਅਗਰਵਾਲ)- ਖਰੜ ਦੀ ਧੀ ਹਿਮਾਂਸ਼ੀ ਕੌਸ਼ਲ ਨੇ ਪਿਛਲੇ ਦਿਨੀਂ ਹੋਈ ਏਸ਼ੀਅਨ ਖੇਡਾਂ ਵਿੱਚ ਭਾਗ ਲੈਂਦੇ ਗੋਲਡ ਮੈਡਲ ਜਿੱਤਿਆ। ਜਿਸ ਦਾ ਖਰੜ ਪਹੁੰਚਣ ਤੇ ਖਰੜ ਵਾਸੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਕੱਤਰ ਕਿਸਾਨ ਪੰਜਾਬ ਕਾਂਗਰਸ ਨੇ ਦੱਸਿਆ ਹੈ ਕਿ ਖਰੜ ਦੀ ਧੀ ਹਿਮਾਂਸ਼ੀ ਖੁਰਾਨਾ ਦੇ ਇਸ ਪ੍ਰਾਪਤੀ ਨਾਲ ਹਲਕਾ ਖਰੜ ਹੀ ਨਹੀਂ ਸਗੋਂ ਪੰਜਾਬ ਅਤੇ ਭਾਰਤ ਦੇਸ਼ ਦੇ ਹਰ ਇੱਕ ਨਾਗਰਿਕ ਦਾ ਸਿਰ ਉੱਚਾ ਹੋਇਆ ਹੈ। ਉਹਨਾਂ ਦੱਸਿਆ ਕਿ ਰੋਲਰ ਸਕੇਟਿੰਗ ਹਾਕੀ ਦੀ ਟੀਮ ਵਿੱਚ ਹਿਮਾਂਸ਼ੀ ਕੌਸ਼ਲ ਵੱਲੋਂ ਗੋਲ ਕੀਪਰ ਦੀ ਭੂਮਿਕਾ ਅਦਾ ਕੀਤੀ ਗਈ। ਸਮੁੱਚੀ ਟੀਮ ਦੇ ਵਧੀਆ ਕਾਰਗੁਜ਼ਾਰੀ ਦੇ ਨਾਲ ਏਸ਼ੀਅਨ ਗੇਮ ਵਿੱਚ ਗੋਲਡ ਮੈਡਲ ਜਿੱਤ ਕੇ ਦੇਸ਼ ਦੀ ਝੋਲੀ ਦੇ ਵਿੱਚ ਪਾਇਆ ਗਿਆ। ਸ. ਪਡਿਆਲਾ ਨੇ ਕਿਹਾ ਕਿ ਹਿਮਾਂਸ਼ੀ ਕੌਸ਼ਲ ਦੇ ਪਿਤਾ ਦੀਪਕ ਕੌਸ਼ਲ ਜੋ ਕਿ ਕਾਂਗਰਸ ਪਾਰਟੀ ਦੇ ਸੀਨੀਅਰ ਮੈਂਬਰ ਹਨ ਸਮੁੱਚੇ ਪਰਿਵਾਰ ਨੂੰ ਧੀ ਰਾਣੀ ਦੀ ਇਸ ਪ੍ਰਾਪਤੀ ਤੇ ਵਧਾਈ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਬੇਟੀ ਦੀ ਇਸ ਪ੍ਰਾਪਤੀ ਨਾਲ ਜਿੱਥੇ ਕੌਸ਼ਲ ਪਰਿਵਾਰ ਬੇਹਦ ਮਾਣ ਮਹਿਸੂਸ ਕਰ ਰਿਹਾ ਹੈ ਉੱਥੇ ਪੂਰੇ ਦੇਸ਼ ਨੂੰ ਮਾਣ ਮਹਿਸੂਸ ਹੋ ਰਿਹਾ ਹੈ। ਹਿਮਾਂਸ਼ੀ ਕੌਸ਼ਲ ਨੇ ਦੱਸਿਆ ਹੈ ਕਿ ਏਸ਼ੀਅਨ ਗੇਮ ਦੇ ਵਿੱਚ ਰੋਲਰ ਸਕੇਟਿੰਗ ਹਾਕੀ ਦੇ ਵਿੱਚ ਸਾਰੀਆਂ ਟੀਮਾਂ ਨੂੰ ਪਛਾੜਦੇ ਹੋਏ ਜਿੱਤ ਪ੍ਰਾਪਤ ਕਰਦਿਆਂ ਗੋਲਡ ਮੈਡਲ ਦੇਸ਼ ਦੇ ਨਾਮ ਕੀਤਾ। ਹਿਮਾਂਸ਼ੀ ਕੌਸ਼ਲ ਦਾ ਸਵਾਗਤ ਕਰਨ ਲਈ ਸਾਥੀਆਂ ਸਮੇਤ ਵਿਸ਼ੇਸ਼ ਤੌਰ ਤੇ ਪਹੁੰਚੇ ਸੀਨੀਅਰ ਕਾਂਗਰਸੀ ਆਗੂ ਗੁਰਪ੍ਰਤਾਪ ਸਿੰਘ ਪਡਿਆਲਾ ਜਨਰਲ



# 15 ਨੂੰ ਸ਼ਹਿਰ 'ਚ ਕਾਲੇ ਝੰਡੇ ਲੈ ਕੇ ਵਿਸ਼ਾਲ ਮਾਰਚ ਕਰਨ ਦਾ ਐਲਾਨ



ਫਿਲੌਰ (ਨਿਰਮਲ)- ਲੋਕ ਇਨਸਾਫ਼ ਮੰਚ ਵਲੋਂ ਡੇਰਾ ਸਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫ਼ਤਰ ਫਿਲੌਰ ਸਾਹਮਣੇ ਪੱਕੇ ਧਰਨਾ ਪੱਚੀਵੇਂ ਦਿਨ ਵੀ ਜਾਰੀ ਰਿਹਾ।ਸ਼ਹੀਦ ਊਧਮ ਸਿੰਘ ਸੁਨਾਮ ਦਾ ਸ਼ਹੀਦੀ ਦਿਹਾੜਾ ਵੀ ਪੱਕੇ ਧਰਨੇ ਵਿੱਚ ਇਨਕਲਾਬੀ ਜੋਸ਼ ਖਰੋਸ਼ ਨਾਲ ਮਨਾਇਆ ਗਿਆ। ਵੱਖ ਵੱਖ ਪਿੰਡਾਂ ਦੇ ਲੋਕਾਂ ਵਲੋਂ ਵੱਡੀ ਸ਼ਮੂਲੀਅਤ ਕੀਤੀ ਗਈ।ਲੋਕ ਇਨਸਾਫ਼ ਮੰਚ ਅਤੇ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ 15 ਅਗਸਤ ਨੂੰ ਅਜ਼ਾਦੀ ਦਿਹਾੜੇ 'ਤੇ ਕਾਲ਼ੇ ਝੰਡੇ ਲੈ ਕੇ ਸ਼ਹਿਰ ਫਿਲੌਰ ਵਿੱਚ ਵਿਸ਼ਾਲ ਰੋਸ ਮਾਰਚ ਕਰਨ ਦਾ ਐਲਾਨ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਜਲਦੀ ਹੀ ਬੀ ਡੀ ਪੀ ਓ ਫਿਲੌਰ ਦੇ ਘਰ ਸਾਹਮਣੇ ਰਾਤ ਦਾ ਜਗਰਾਤਾ ਕੀਤਾ ਜਾਵੇਗਾ। ਧਰਨੇ ਵਿੱਚ ਖ਼ਾਸ ਤੌਰ 'ਤੇ ਭਾਰਤੀ ਕਿਸਾਨ ਯੂਨੀਅਨ ਦੋਆਬਾ, ਕਿਰਤੀ ਕਿਸਾਨ ਯੂਨੀਅਨ ਪੰਜਾਬ, ਪੇਂਡੂ ਮਜ਼ਦੂਰ ਯੂਨੀਅਨ, ਜਮਹੂਰੀ ਕਿਸਾਨ ਸਭਾ ਪੰਜਾਬ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਰਵਿਦਾਸਪੁਰਾ, ਗਜ਼ਟਿਡ ਟੀਚਰਜ਼ ਯੂਨੀਅਨ ਪੰਜਾਬ, ਜੇਂਗਲਾਤ ਮਜ਼ਦੂਰ ਯੂਨੀਅਨ, ਪੈਨਸ਼ਨਰ ਐਸੋਸੀਏਸ਼ਨ, ਪੰਜਾਬ ਸੀ ਡਬਲਿਊ ਡੀ ਐਂਡ ਵਰਕਸ਼ਾਪ ਯੂਨੀਅਨ, ਮਿਡ ਡੇ ਮੀਲ ਵਰਕਰਜ਼ ਯੂਨੀਅਨ, ਪਿੰਡਾਂ ਦੇ ਪੰਚ ਸਰਪੰਚ ਅਤੇ ਹੋਰ ਆਗੂ ਹਾਜ਼ਰ ਸਨ।

# ਨਗਰ ਨਿਗਮ ਨੇ ਓ ਟੀ ਐਸ ਸਕੀਮ ਤਹਿਤ 20 ਕਰੋੜ ਰੁਪਏ ਦੀ ਵਸੂਲੀ ਕੀਤੀ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਕ੍ਰਿਸ਼ਨ ਗਰਗ)- ਨਿਗਮ (ਐਮ ਸੀ) ਮੋਹਾਲੀ ਨੇ ਸਰਕਾਰ ਦੁਆਰਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਲਈ ਐਲਾਨੀ ਗਈ ਇੱਕਮੁਸ਼ਤ ਨਿਪਟਾਰਾ (ਓ ਟੀ ਐਸ) ਯੋਜਨਾ ਤਹਿਤ ਲਗਭਗ 20 ਕਰੋੜ ਰੁਪਏ ਸਫਲਤਾਪੂਰਵਕ ਵਸੂਲ ਕੀਤੇ ਹਨ।ਨਗਰ ਨਿਗਮ, ਮੋਹਾਲੀ ਦੇ ਕਮਿਸ਼ਨਰ ਪਰਮਿੰਦਰ ਪਾਲ ਸਿੰਘ ਸੰਧੂ ਨੇ ਕਿਹਾ ਕਿ ਪ੍ਰਾਪਰਟੀ ਟੈਕਸ ਬਕਾਏ 'ਤੇ ਆਇਆ ਮਾਲੀਆ ਪਿਛਲੇ ਸਾਲ ਦੀ ਉਗਰਾਹੀ ਨਾਲੋਂ ਤਿੰਨ ਗੁਣਾ ਵੱਧ ਹੈ।ਡਾ. ਸੰਜੀਵ ਕੰਬੋਜ, ਹੈਲਥ ਮੈਡੀਕਲ ਅਫ਼ਸਰ ਅਤੇ ਇੰਚਾਰਜ, ਨਗਰ ਨਿਗਮ ਮੋਹਾਲੀ ਪ੍ਰਾਪਰਟੀ ਟੈਕਸ ਸ਼ਾਖਾ ਨੇ ਕਿਹਾ ਕਿ ਟੈਕਸ ਬਕਾਏ ਵਿੱਚ ਇਹ ਅਸਾਧਾਰਨ ਉਗਰਾਹੀ ਨਗਰ ਨਿਗਮ ਸਟਾਫ਼ ਦੇ ਅਣਥੱਕ ਸਮਰਪਣ ਦਾ ਨਤੀਜਾ ਹੈ, ਜਿਨ੍ਹਾਂ ਨੇ ਟੈਕਸਦਾਤਾਵਾਂ ਲਈ ਸਮੇਂ ਸਿਰ ਪ੍ਰਕਿਰਿਆ ਅਤੇ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਦੇਰ ਰਾਤ ਤੱਕ (ਪਿਛਲੇ ਦੋ ਦਿਨਾਂ ਚ ਅੱਧੀ ਰਾਤ 12 ਵਜੇ ਤੱਕ) ਕੰਮ ਕੀਤਾ।ਉਨ੍ਹਾਂ ਕਿਹਾ ਕਿ ਮੋਹਾਲੀ ਦੇ ਇਹ ਸਾਰੇ ਵਪਾਰਕ ਜਾਇਦਾਦਾਂ ਦੇ ਮਾਲਕ ਜਿਨ੍ਹਾਂ ਦਾ ਹੋਲੇ ਸਮੇਂ ਤੋਂ ਬਕਾਇਆ ਟੈਕਸ ਖੜ੍ਹਾ ਸੀ, ਵੀ ਨਿਗਮ ਅਧਿਕਾਰੀਆਂ ਦੀ ਪ੍ਰੇਰਨਾ ਸਦਕਾ ਆਪਣੇ ਬਕਾਏ ਦਾ ਨਿਪਟਾਰਾ ਕਰਨ ਲਈ ਅੱਗੇ ਆਏ ਤੇ ਜ਼ਿੰਮੇਵਾਰ ਨਾਗਰਿਕ ਹੋਣ ਦਾ ਪ੍ਰਮਾਣ ਦਿੰਦਿਆਂ ਸਰਕਾਰ ਦੀ ਟੈਕਸ ਬਕਾਏ 'ਚ ਛੋਟ ਦੀ ਪਹਿਲਕਦਮੀ ਪ੍ਰਤੀ ਸਖ਼ਤ ਹੁੰਗਾਰਾ ਦਿਖਾਉਂਦੇ ਹੋਏ।

# ਭੀਖ ਮੰਗ ਰਹੇ ਬੱਚਿਆਂ ਦੇ ਪੁਨਰਵਾਸ ਲਈ ਕਾਰਵਾਈ ਦੇ ਹੁਕਮ



ਡੇਰਾ ਬੱਸੀ (ਵਿਨੈ ਕੁਮਾਰ ਜੈਨ)- ਭੀਖ ਮੰਗ ਰਹੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਬੇਹੱਦ ਮਾੜੀਆਂ ਹਾਲਤਾਂ ਬਾਰੇ ਸਾਹਮਣੇ ਆਈਆਂ ਰਿਪੋਰਟਾਂ ਤੋਂ ਬਾਅਦ, ਪੰਜਾਬ ਦੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਤੁਰੰਤ ਕਾਰਵਾਈ ਕਰਦਿਆਂ ਇਨ੍ਹਾਂ ਬੱਚਿਆਂ ਦੇ ਬਚਾਅ ਅਤੇ ਪੁਨਰਵਾਸ ਲਈ ਸਖ਼ਤ ਹੁਕਮ ਜਾਰੀ ਕੀਤੇ ਹਨ। ਇਹ ਬੱਚੇ ਅਤੇ ਉਨ੍ਹਾਂ ਦੇ ਪਰਿਵਾਰ ਖੁੱਲ੍ਹੀਆਂ ਥਾਵਾਂ 'ਤੇ ਰਹਿ ਰਹੇ ਹਨ ਜੋ ਕਿ ਅਸੁਰੱਖਿਅਤ ਅਤੇ ਗੰਦਗੀ ਭਰੀਆਂ ਹਾਲਤਾਂ ਵਿੱਚ ਹਨ। ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਬੱਚੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ ਅਤੇ ਉਨ੍ਹਾਂ ਦੀ ਸੁਰੱਖਿਆ ਸਰਕਾਰ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਨੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਅਧਿਕਾਰੀਆਂ, ਚਾਈਲਡ ਪ੍ਰੋਟੈਕਸ਼ਨ ਯੂਨਿਟਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਤੁਰੰਤ ਇਲਾਕੇ 'ਚ ਵਿਸ਼ੇਸ਼ ਬਚਾਅ ਮੁਹਿੰਮ ਚਲਾਉਣ ਦੇ ਹੁਕਮ ਦਿੱਤੇ ਹਨ। ਬਚਾਏ ਹੋਏ ਬੱਚਿਆਂ ਨੂੰ ਤੁਰੰਤ ਰਿਹਾਇਸ਼, ਭੋਜਨ, ਮੈਡੀਕਲ ਸਹੂਲਤ ਅਤੇ ਸਿੱਖਿਆ ਦੀ ਵਿਵਸਥਾ ਕੀਤੀ ਜਾਵੇਗੀ।ਡਾ. ਬਲਜੀਤ ਕੌਰ ਨੇ ਇਹ ਵੀ ਦੱਸਿਆ ਕਿ ਜੇਕਰ ਕਿਸੇ ਵੀ ਵਿਅਕਤੀ ਜਾਂ ਗਰੁੱਪ ਵੱਲੋਂ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕੀਤਾ ਗਿਆ ਹੋਵੇ ਤਾਂ ਉਨ੍ਹਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਸਾਈਂ ਪੂਰਨ ਸ਼ਾਹ ਦੀ ਯਾਦ 'ਚ ਸਾਲਾਨਾ ਮੇਲਾ ਮਨਾਇਆ

ਬੰਗਾ (ਅਵਤਾਰ ਕਲੇਰ)- ਦਰਬਾਰ ਹਜ਼ਰਤ ਪੀਰ ਬਾਬਾ ਹਾਕਮ ਸ਼ਾਹ ਨੌਸ਼ਾਹੀ ਕਾਦਰੀ ਪਿੰਡ ਕਟਾਰੀਆ ਵਿਖੇ ਸਾਈਂ ਪੂਰਨ ਸ਼ਾਹ ਦੀ ਯਾਦ 'ਚ ਸਾਲਾਨਾ ਮੇਲਾ ਪ੍ਰਬੰਧਕ ਕਮੇਟੀ ਗ੍ਰਾਮ ਪੰਚਾਇਤ, ਐਨ ਆਰ ਆਈ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦਰਬਾਰ ਦੀਆਂ ਧਾਰਮਿਕ ਰਸਮਾਂ ਚਿਰਾਗਾਂ ਦੀ ਰਸਮ, ਝੰਡੇ ਦੀ ਰਸਮ,ਚਾਦਰ ਦੀ ਰਸਮ ਅਦਾ ਕੀਤੀ ਗਈ। ਉਪਰੰਤ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਰਮੇਸ਼ ਚੌਹਾਨ, ਮਨਜਿੰਦਰ ਮਨੀ,ਹਰਮਨ-ਜਸ਼ਮਨ, ਕੌਰ ਸਿਸਟਰਜ਼ ਤੋਂ ਇਲਾਵਾ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਵੱਖ-ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਮੁੱਖ ਸੇਵਾਦਾਰ ਬਾਬਾ ਮੁਖਤਿਆਰ ਸਿੰਘ ਅਤੇ ਪ੍ਰਬੰਧਕਾਂ ਵੱਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਦਰਬਾਰ ਤੇ ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ।



# ਵਿਭਾਗੀ ਮਸਲਿਆਂ ਬਾਰੇ 5 ਨੂੰ ਵੱਜੇਗਾ ਸੰਘਰਸ਼ੀ ਬਿਗੁਲ : ਡੀ ਟੀ ਐੱਫ



ਮੋਹਾਲੀ (ਗੁਰਜੀਤ ਬਿੱਲਾ)— ਅਧਿਆਪਕਾਂ ਦੀਆਂ ਚੋਣਵੀਆਂ ਵਿਭਾਗੀ ਮੰਗਾਂ 'ਤੇ ਵਿੱਤ ਮੰਤਰੀ ਹਰਪਾਲ ਚੀਮਾ ਦੀ ਅਗਵਾਈ ਹੇਠਲੀ ਕੈਬਨਿਟ ਸਬ-ਕਮੇਟੀ ਅਤੇ ਸਿੱਖਿਆ ਸਕੱਤਰ ਸ੍ਰੀਮਤੀ ਅਨੰਦਿਤਾ ਮਿੱਤਰਾ ਦੇ ਭਰੋਸੇ ਪੂਰੇ ਨਾ ਹੋਣ ਕਰਕੇ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ ਟੀ ਐੱਫ) ਨੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ। ਜਿਸ ਤਹਿਤ 5 ਅਗਸਤ ਨੂੰ ਸੂਬਾ ਕਮੇਟੀ ਵੱਲੋਂ ਪੀੜਤ ਅਧਿਆਪਕਾਂ ਨੂੰ ਨਾਲ ਲੈ ਕੇ ਸਮੂਹਿਕ ਰੂਪ ਵਿੱਚ ਸਵੇਰੇ 10 ਵਜੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਤੋਂ ਸਿੱਖਿਆ ਡਾਇਰੈਕਟੋਰੇਟ ਮੋਹਾਲੀ ਤੱਕ 'ਰੋਸ ਮਾਰਚ' ਕਰਕੇ ਸਿੱਖਿਆ ਮੰਤਰੀ ਅਤੇ ਸਕੱਤਰ ਦੇ ਨਾਅ 5 ਸਤੰਬਰ 'ਅਧਿਆਪਕ ਦਿਵਸ' ਲਈ ਫੈਸਲਾਕੁੰਨ ਸੰਘਰਸ਼ ਦਾ 'ਨੋਟਿਸ ਕਮ ਮੰਗ ਪੱਤਰ' ਸੌਂਪਿਆ ਜਾਵੇਗਾ। ਉਦੋਂ ਤੱਕ ਬਦਲੀਆਂ ਦੇ ਸਟੇਸ਼ਨ ਚੋਣ ਦਾ ਪੋਰਟਲ ਨਾ ਖੁੱਲ੍ਹਣ ਦੀ ਹਾਲਤ 'ਚ ਰੋਸ ਪ੍ਰਗਟਾਉਂਦੇ ਹੋਏ ਤੁਰੰਤ ਪੋਰਟਲ ਖੋਲ੍ਹਣ ਦੀ ਮੰਗ ਕੀਤੀ ਜਾਵੇਗੀ। ਆਗੂਆਂ ਨੇ ਕਿਹਾ ਕਿ ਸਿੱਖਿਆ ਸਕੱਤਰ ਵੱਲੋਂ ਈ ਟੀ ਟੀ, ਐੱਚ ਟੀ, ਸੀ ਐੱਚ ਟੀ ਤੇ ਬੀ ਪੀ ਈ ਓ ਕਾਡਰ ਅਤੇ ਪ੍ਰਾਇਮਰੀ, ਓ ਸੀ ਟੀ, ਸੀ ਐਂਡ ਵੀ, ਨਾਨ-ਟੀਚਿੰਗ ਤੋਂ ਮਾਸਟਰ ਕਾਡਰ, ਮਾਸਟਰ ਤੋਂ ਲੈਕਚਰਾਰ/ ਹੈੱਡਮਾਸਟਰ ਅਤੇ ਵਾਈਸ ਪ੍ਰਿੰਸੀਪਲ ਤੱਕ ਦੀਆਂ ਸਾਰੀਆਂ ਪ੍ਰਮੋਸ਼ਨਾਂ 31 ਜੁਲਾਈ ਤੱਕ ਮੁਕੰਮਲ ਕਰਨ ਦਾ ਭਰੋਸਾ ਵੀ ਨਿਰਾ ਝੂਠ ਦਾ ਪੁਲੰਦਾ ਸਾਬਿਤ ਹੋਇਆ ਹੈ।

# ਮੁੱਖ ਮੰਤਰੀ ਸੈਣੀ ਨੇ ਰਾਜਸਵ ਸੇਵਾਵਾਂ ਦੀ ਨਵੀਂ ਵੈੱਬਸਾਈਟ ਕੀਤੀ ਲਾਂਚ

ਚੰਡੀਗੜ੍ਹ (ਕ੍ਰਿਸ਼ਨ ਗਰਗ) ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਰਾਜਸਵ ਅਤੇ ਆਪਦਾ ਪ੍ਰਬੰਧਨ ਵਿਭਾਗ ਦੀ ਨਵੀਂ ਅਧਿਕਾਰਕ ਵੈੱਬਸਾਈਟ ਦਾ ਉਦਘਾਟਨ ਕੀਤਾ। ਇਸ ਨਵੀਂ ਪਹਿਲ ਨਾਲ ਵਿਭਾਗ ਵਿੱਚ ਪਾਰਦਰਸ਼ਤਾ ਯਕੀਨੀ ਹੋਵੇਗੀ ਅਤੇ ਲੋਕੇਸ਼ ਦੀ ਗੁੰਜਾਇਸ਼ ਦੀ ਕੋਈ ਸੰਭਾਵਨਾ ਨਹੀਂ ਹੋਵੇਗੀ। ਇਹ ਵੈੱਬਸਾਈਟ ਨਾਗਰਿਕ ਸੁਵਿਧਾ, ਨਾਗਰਿਕ ਸੇਵਾ ਦਾ ਸਰੋਤ ਹੋਵੇਗਾ ਅਤੇ ਇਸ ਆਧਰਸ਼ ਡਿਜੀਟਲ ਪਲੇਟਫਾਰਮ ਨਾਲ ਆਮ ਜਨਤਾ ਵੀ ਵਿਭਾਗੀ ਸੇਵਾਵਾਂ ਦਾ ਲਾਭ ਲੈ ਸਕਣਗੇ।ਮੁੱਖ ਮੰਤਰੀ ਨੇ ਇਹ ਗੱਲ ਕਹਿੰਦਿਆਂ ਨਿਵਾਸ ਵਿੱਚ ਨਵੀਂ ਵੈੱਬਸਾਈਟ ਦੀ ਸ਼ੁਰੂਆਤ ਕਰਨ ਬਾਅਦ ਮੀਡੀਆ ਨੂੰ ਸੰਬੋਧਿਤ ਕਰਦੇ ਹੋਏ ਕਹੀ। ਉਨ੍ਹਾਂ ਨੇ ਵੈੱਬਸਾਈਟ ਤਿਆਰ ਕਰਨ ਲਈ ਰਾਜਸਵ ਵਿਭਾਗ ਦੇ ਅਧਿਕਾਰੀਆਂ ਅਤੇ ਉਨ੍ਹਾਂ ਦੀ ਆਈ ਟੀ ਟੀਮ ਦੇ ਅਣਥੱਕ ਯਤਨਾਂ ਲਈ ਮੁਬਾਰਕਬਾਦ ਦਿੱਤੀ ਅਤੇ ਵਿਅਕਤ ਕੀਤਾ ਅਤੇ ਉਨ੍ਹਾਂ ਦੀ ਸ਼ਲਾਘਾ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਰਲ ਪੋਰਟਲ 'ਤੇ ਮਿਲ ਰਹੀ ਨਾਗਰਿਕ ਸੇਵਾਵਾਂ ਲਈ ਮਾਸਟਰ ਪੋਰਟਲ ਵਜੋਂ ਕੰਮ ਕਰੇਗਾ ਅਤੇ ਰਾਜਸਵ ਵਿਭਾਗ ਦੀ 26 ਨਾਗਰਿਕ ਸੇਵਾਵਾਂ ਦੀ ਉਪਲਬਧਤਾ ਆਨਲਾਈਨ ਰਹੇਗੀ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਜ਼ਿਲ੍ਹਾ ਹਸਪਤਾਲ ਦੀ ਕੀਤੀ ਅਚਨਚੇਤ ਚੈਕਿੰਗ





ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਨੇ ਵੀਰਵਾਰ ਨੂੰ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦਾ ਅਚਨਚੇਤ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਓ.ਪੀ.ਡੀ. ਵਾਰਡ ਅਤੇ ਆਈ.ਪੀ.ਡੀ. ਵਾਰਡ ਵਿੱਚ ਮਰੀਜ਼ਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹਾਲਚਾਲ ਪੁੱਛਿਆ ਅਤੇ ਹਸਪਤਾਲ ਵਿੱਚ ਦਿੱਤੀਆਂ ਜਾ ਰਹੀਆਂ ਸਿਹਤ ਸੁਵਿਧਾਵਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਤੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸਤਵਿੰਦਰਪਾਲ ਸਿੰਘ ਨਾਲ ਗੱਲਬਾਤ ਕੀਤੀ ਅਤੇ ਜ਼ਿਲ੍ਹਾ ਹਸਪਤਾਲ ਵਿੱਚ ਮਰੀਜ਼ਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੀਤੇ ਗਏ ਪ੍ਰਬੰਧਾਂ ਤੇ ਤਸੱਲੀ ਪ੍ਰਗਟ ਕੀਤੀ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹਸਪਤਾਲ ਵਿੱਚ ਐਮਰਜੈਂਸੀ ਸੇਵਾਵਾਂ ਸਮੇਤ ਸਾਰੀਆਂ ਮਹੱਤਵਪੂਰਨ ਦੇਖਭਾਲ ਇਕਾਈਆਂ ਵਿੱਚ ਨਿਰਵਿਘਨ ਆਕਸੀਜਨ ਸਪਲਾਈ ਅਤੇ ਬਿਜਲੀ ਬੈਕਅੱਪ ਨੂੰ ਯਕੀਨੀ ਬਣਾਇਆ ਜਾਏ। ਡਾ. ਬਲਬੀਰ ਸਿੰਘ ਨੇ ਜੀਵਨ ਰੱਖਿਅਕ ਡਾਕਟਰੀ ਸੇਵਾਵਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨੂੰ ਰੋਕਣ ਲਈ ਦਿਨ-ਰਾਤ ਆਕਸੀਜਨ ਦੀ ਉਪਲੱਬਧਤਾ, ਕਾਰਜਸ਼ੀਲ ਯੂ.ਪੀ.ਐਸ. ਪ੍ਰਣਾਲੀ ਅਤੇ ਮੁਕੰਮਲ ਤੌਰ 'ਤੇ ਕਾਰਜਸ਼ੀਲ ਜਨਰੇਟਰ ਸੈੱਟਾਂ ਦੀ ਲੋੜ ਤੇ ਜ਼ੋਰ ਵੀ ਦਿੱਤਾ। ਸਿਹਤ ਮੰਤਰੀ ਨੇ ਪੱਤਰਕਾਰਾਂ ਦੇ ਇਕ ਹੋਰ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਸ਼ਹੀਦ ਭਗਤ ਸਿੰਘ ਸਰਕਾਰੀ ਮੈਡੀਕਲ ਕਾਲਜ ਦੇ ਨਿਰਮਾਣ ਕੰਮ ਇਸ ਸਾਲ ਅੰਦਰ ਸ਼ੁਰੂ ਹੋਣ ਦੀ ਉਮੀਦ ਹੈ ਜੋ ਕਿ ਸ਼ਹੀਦ ਭਗਤ ਸਿੰਘ ਨਗਰ ਅਤੇ ਆਲੇ-ਦੁਆਲੇ ਦੇ ਖੇਤਰ ਦੇ ਲੋਕਾਂ ਨੂੰ ਅਤਿ-ਆਧੁਨਿਕ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਰਦਾਨ ਸਾਬਿਤ ਹੋਵੇਗਾ। ਉਨ੍ਹਾਂ ਸਰਕਾਰੀ ਹਸਪਤਾਲਾਂ ਵਿੱਚ ਸਟਾਫ ਦੀ ਕਮੀ ਸਬੰਧੀ ਪੱਤਰਕਾਰਾਂ ਦੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਸਰਕਾਰੀ ਹਸਪਤਾਲਾਂ ਦੀ ਕਾਰਗੁਜ਼ਾਰੀ ਤੇ ਸਮਰਥਾ ਵਧਾਉਣ ਲਈ ਸਟਾਫ਼ ਭਰਤੀ ਪ੍ਰਕਿਰਿਆ ਚੱਲ ਰਹੀ ਹੈ, ਜਿਸ ਤਹਿਤ 1000 ਡਾਕਟਰ ਭਰਤੀ ਜਲਦ ਹੀ ਮੁਕੰਮਲ ਹੋਣ ਦੀ ਉਮੀਦ ਹੈ।

# ਯੂਨੀਵਰਸਿਟੀ ਕਾਲਜ 'ਚ 'ਗੁਰੂ ਨਾਨਕ ਬਗੀਚੀ' ਕਾਇਮ ਕੀਤੀ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਜੰਗਲਾਤ ਵਿਭਾਗ ਵਲੋਂ ਸ਼ੁਰੂ ਕੀਤੀ ਗਈ 'ਨਾਨਕ ਬਗੀਚੀ' ਸਕੀਮ ਅਧੀਨ ਅੱਜ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਮੰਜਕੀ ਵਿੱਚ ਵੱਡੀ ਗਿਣਤੀ ਵਿੱਚ ਫਲਦਾਰ ਅਤੇ ਜਲਵਾਯੂ ਬੂਟੇ ਲਗਾਏ ਗਏ।ਕਾਲਜ ਦੇ ਸੈਂਟਰਲ ਪਾਰਕ ਵਿੱਚ ਤਕਰੀਬਨ 2500 ਵਰਗ ਫੁੱਟ ਏਰੀਏ ਵਿੱਚ ਵੱਖ-ਵੱਖ ਕਿਸਮਾਂ ਦੇ ਬਹੁਤ ਸੰਘਣੇ ਬੂਟੇ ਲਗਾ ਕੇ 'ਜੰਗਲ' ਦਾ ਸੰਕਲਪ ਸਿਰਜਿਆ ਗਿਆ ਹੈ।ਜੰਗਲਾਤ ਵਿਭਾਗ ਜਲੰਧਰ ਦੇ ਡੀ.ਐਫ.ਓ. ਜਰਨੈਲ ਸਿੰਘ ਬਾਠ ਅਤੇ ਵਣ ਰੇਂਜ ਅਫ਼ਸਰ ਵਿਨੋਦ ਕੁਮਾਰ ਦੀ ਨਿਗਰਾਨੀ ਹੇਠ ਕਾਲਜ ਵਿੱਚ 'ਨਾਨਕ ਬਗੀਚੀ' ਲਗਾਉਣ ਦਾ ਉਪਰਾਲਾ ਕੀਤਾ ਗਿਆ ਹੈ।ਕਾਲਜ ਦੇ ਪ੍ਰਿੰਸੀਪਲ ਡਾ. ਜਗਸੀਰ ਸਿੰਘ ਬਰਾੜ ਨੇ ਇਸ ਮੌਕੇ ਕਿਹਾ ਕਿ ਹਵਾ ਦੀ ਕੁਆਲਟੀ ਦੇ ਸੁਧਾਰ,ਵਾਧੂ ਪਾਣੀ ਨੂੰ ਜ਼ਮੀਨ ਵਿੱਚ ਰੀਚਾਰਜ ਕਰਨ ਅਤੇ ਮਿੱਟੀ ਦੀ ਸਿਹਤ ਵਿੱਚ ਸੁਧਾਰ ਲਈ ਜੰਗਲਾਂ ਦਾ ਹੋਣਾ ਬਹੁਤ ਜ਼ਰੂਰੀ ਹੈ।ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਕਾਲਜ ਦੇ ਅਹਾਤੇ ਵਿੱਚ ਮਿੰਨੀ ਜੰਗਲ ਲਗਾਇਆ ਜਾ ਰਿਹਾ ਹੈ।ਜੰਡਿਆਲਾ ਮੰਜਕੀ ਦੇ ਸਰਪੰਚ ਕਮਲਜੀਤ ਸਿੰਘ ਸਹੋਤਾ, ਜੰਡਿਆਲਾ ਲੋਕ ਭਲਾਈ ਮੰਚ ਦੇ ਸਕੱਤਰ ਪਰਮਜੀਤ ਸਿੰਘ ਅਤੇ ਬਲਕਾਰ ਸਿੰਘ ਪੰਚ ਵਿਸ਼ੇਸ਼ ਤੌਰ ਤੇ ਪਹੁੰਚੇ ਜਿਨ੍ਹਾਂ ਨੇ ਹੱਥੀਂ ਬਗੀਚੀ ਵਿੱਚ ਬੂਟੇ ਲਗਵਾਏ ਗਏ।



# ਬੱਚਿਆਂ ਦੇ ਖੇਡ ਮੇਲੇ ਕਰਵਾਏ

ਕਾਲਾ ਸੰਘਿਆਂ (ਮਨਜੀਤ ਮਾਨ)- ਸਿੱਖਿਆ ਵਿਭਾਗ ਪੰਜਾਬ ਵੱਲੋਂ ਸਕੂਲਾਂ ਵਿੱਚ ਕਰਵਾਈਆਂ ਜਾ ਰਹੀਆਂ ਖੇਡ ਗਤੀਵਿਧੀਆਂ ਦੇ ਮੱਦੇਨਜ਼ਰ ਜ਼ਿਲ੍ਹਾ ਜਲੰਧਰ ਦੇ ਬਲਾਕ ਨਕੋਦਰ-2 (ਜੋਨ ਨੰਬਰ.14) ਦੇ ਸਮੂਹ ਸਰਕਾਰੀ/ਪ੍ਰਾਈਵੇਟ ਸਕੂਲਾਂ ਦੀਆਂ ਖੇਡਾਂ ਦੇ ਬਲਾਕ ਦੇ ਸਕੂਲਾਂ ਦੇ ਵਿੱਚੋਂ ਅਧਿਕਾਰੀਆਂ ਅਤੇ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਖੇਡਾਂ ਦੇ ਜੇਤੂਆਂ ਵਿੱਚ ਕਬੱਡੀ ਸਰਕਲ ਸਟਾਈਲ ਵਿੱਚ (ਅੰਡਰ-14, ਅੰਡਰ -17, ਅੰਡਰ-19) ਸ ਹ ਸ ਕਾਲਾ ਸੰਘਿਆਂ, ਸ ਸ ਸ ਸ ਚੱਕ ਕਲ੍ਹਾਂ ਅਤੇ ਸ ਸ ਸ ਸ ਲਿੱਤਰਾਂ ਦੇ ਬੱਚਿਆਂ ਨੇ ਪਹਿਲੇ ਸਥਾਨ ਹਾਸਲ ਕੀਤੇ।ਇਸੇ ਤਰ੍ਹਾਂ ਕ੍ਰਿਕਟ ਮੁਕਾਬਲੇ ਵਿੱਚ ਸਰਸ ਚੱਕ ਵੱਡਾਲ, ਸਮਿਸ ਟਾਹਲੀ ਅਤੇ ਐਮ.ਡੀ ਦਿਆਨੰਦ ਮਾਡਲ ਸਕੂਲ ਨਕੋਦਰ ਨੇ ਪੁਜ਼ੀਸ਼ਨਾਂ ਪ੍ਰਾਪਤ ਕੀਤੀਆਂ।ਇਸ ਮੌਕੇ 'ਤੇ ਸ.ਕਮਲਜੀਤ ਸਿੰਘ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਇਹਨਾਂ ਮੁਕਾਬਲਿਆਂ ਨੂੰ ਸ਼ੁਰੂ ਕਰਦਿਆਂ ਬਲਾਕ ਇੰਚਾਰਜ ਦਮਨਜੀਤ ਕੌਰ ਵੱਲੋਂ ਸਮੂਹ ਵਿਦਿਆਰਥੀਆਂ ਨੂੰ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਅਤੇ ਚੰਗੀ ਖੇਡ ਦਾ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਕੀਤਾ। ਜ਼ੋਨ ਨੰਬਰ.14 ਦੀ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਸ੍ਰੀ ਕਮਲ ਗੁਪਤਾ (ਪ੍ਰਿੰਸੀਪਲ, ਸ ਸ ਸ ਸ ਮੱਲ੍ਹੀਆਂ ਕਲ੍ਹਾਂ) ਵੱਲੋਂ ਇਹਨਾਂ ਖੇਡਾਂ ਵਿੱਚ ਵੱਖ-ਵੱਖ ਮੁਕਾਬਲਿਆਂ ਲਈ (ਹੈੱਡਮਾਸਟਰ), ਰਾਜ ਰਾਣੀ (ਪੰਜਾਬੀ ਮਿਸਟ੍ਰੈਸ),ਵਿਪਨ ਕੁਮਾਰ (ਮੈਥ ਮਾਸਟਰ),ਨੀਲਮ ਕੁਮਾਰੀ (ਪੀ.ਟੀ.ਆਈ), ਰਵਿੰਦਰ ਸਿੰਘ (ਪੰਜਾਬੀ ਮਾਸਟਰ), ਸੰਧਿਆ ਯਾਦਵ (ਲੈਕਚਰਾਰ ਫਿਜ਼ੀਕਲ ਐਜੂਕੇਸ਼ਨ), ਰਮਲਾ ਦੇਵੀ (ਪੀ.ਟੀ.ਆਈ),ਨੀਰੋਕਾ (ਪੰਜਾਬੀ ਮਿਸਟ੍ਰੈਸ), ਗੁਰਮੀਤ ਸਿੰਘ (ਮਿਸਟ੍ਰੈਸ), ਜਰਨੈਲ ਸਿੰਘ (ਪ੍ਰਿੰਸੀਪਲ ਸੇਂਟ ਸੋਲਜਰ ਫਾਊਂਡੇਸ਼ਨ ਪਬਲਿਕ ਸਕੂਲ ਨਕੋਦਰ) ਆਦਿ ਵੱਲੋਂ ਖੇਡਾਂ ਦੇ ਮੁਕਾਬਲਿਆਂ ਵਿੱਚ ਡਿਊਟੀ ਨਿਭਾਈ ਗਈ।



# ਸੰਤ ਬਾਬਾ ਦਿਲਾਵਰ ਸਿੰਘ ਦੇ ਜਨਮ ਦਿਹਾੜੇ ਸੰਬੰਧੀ ਗੁਰਮਤਿ ਸਮਾਗਮ

ਆਦਮਪੁਰ (ਪਰਮਜੀਤ ਸਿੰਘ)- ਬ੍ਰਹਮ ਗਿਆਨੀ ਸੰਤ ਬਾਬਾ ਦਿਲਾਵਰ ਸਿੰਘ ਬ੍ਰਹਮ ਜੀ ਦੇ ਜਨਮ ਦਿਹਾੜੇ ਸੰਬੰਧੀ ਗੁਰਮਤਿ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਹਰਿ ਸਹਾਏ ਡਰੋਲੀ ਕਲ੍ਹਾਂ ਵਿਖੇ ਸਮੂਹ ਗਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਾਣਕਾਰੀ ਦਿੰਦੇ ਸਥੋਦਾਰ ਮਨੋਹਰ ਸਿੰਘ ਪ੍ਰਧਾਨ ਗੁਰਦੁਆਰਾ ਸ਼ਹੀਦ ਬਾਬਾ ਮਤੀ ਵੱਲੋਂ ਦੱਸਿਆ ਗਿਆ ਕਿ ਬ੍ਰਹਮ ਗਿਆਨੀ 108 ਸ੍ਰੀਮਾਨ ਸੰਤ ਬਾਬਾ ਮਲਕੀਤ ਸਿੰਘ ਡੇਰਾ ਜਬੜ ਸਾਹਿਬ ਤੋਂ ਵਰੋਸਾਏ ਸ੍ਰੀਮਾਨ 108 ਬ੍ਰਹਮ ਗਿਆਨ ਸੰਤ ਬਾਬਾ ਦਿਲਾਵਰ ਸਿੰਘ ਬ੍ਰਹਮ ਜੀ ਜੀ ਵਿਦਾਨ ਸਭਾ ਹਲਕਾ ਆਦਮਪੁਰ ਵਿੱਚ ਪਹਿਲੀ ਸੰਤ ਬਾਬਾ ਗੁਰਮਤਿ ਸਿੰਘ ਯੂਨੀਵਰਸਿਟੀ ਸਥਾਪਿਤ ਕਰਕੇ ਸਿੱਖਿਆ ਦਾ ਚਾਨਣ ਕਰਨ ਵਜੋਂ ਜਾਣੇ ਜਾਂਦੇ ਸੰਤ ਬਾਬਾ ਦਿਲਾਵਰ ਸਿੰਘ ਬ੍ਰਹਮ ਜੀ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਵਿੱਚ ਸੰਤ ਸਰਵਣ ਸਿੰਘ ਡੇਰਾ ਸੰਤਪੁਰਾ ਜਬੜ ਵਾਲਿਆਂ ਵੱਲੋਂ ਕੀਰਤਨ ਰਾਹੀਂ ਸੰਤਾਂ ਦੀ ਜੀਵਨੀ 'ਤੇ ਚਾਨਣਾ ਪਾਉਂਦਿਆਂ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਦਿਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸਥੋਦਾਰ ਮਨੋਹਰ ਸਿੰਘ, ਸੰਦੀਪ ਸਿੰਘ ਸੰਨੀ ਘੁੜਿਆਲ, ਕਮਲਜੀਤ ਸਿੰਘ ਲੱਕੀ, ਗੁਰਦਿਆਲ ਸਿੰਘ, ਸਰਪੰਚ ਰਸ਼ਪਾਲ ਸਿੰਘ, ਜਰਨੈਲ ਸਿੰਘ, ਬਲਵੀਰ ਸਿੰਘ, ਅਮਰਜੀਤ ਸਿੰਘ ਸੰਮਤੀ ਮੈਂਬਰ, ਰਵਿੰਦਰ ਸਿੰਘ ਮਦਰਾਣਾ, ਸਤਨਾਮ ਸਿੰਘ ਸਾਬਕਾ ਇੰਸਪੈਕਟਰ, ਅਮਰਦੀਪ ਸਿੰਘ, ਮਨਦੀਪ ਸਿੰਘ, ਸੁਖਦੇਵ ਸਿੰਘ ਸਮੇਤ ਪਿੰਡ ਵਾਸੀ ਹਾਜ਼ਰ ਹੋਏ।



# ਪ੍ਰਵਾਸੀ ਮਜ਼ਦੂਰ ਨੇ ਕੀਤੀ ਆਤਮ ਹੱਤਿਆ



ਗੁਰਾਇਆ (ਬਿੰਦਰ ਸੁੰਮਨ)- ਸਥਾਨਕ ਦਿਲਬਾਗ ਕਲੋਨੀ ਵਿਖੇ ਇੱਕ ਨੌਜਵਾਨ ਵਲੋਂ ਪੱਖੇ ਨਾਲ ਲਟਕ ਕੇ ਆਪਣੀ ਜੀਵਨ ਲੀਲਾ ਖਤਮ ਕਰਨ ਦਾ ਸਮਾਚਾਰ ਮਿਲਿਆ, ਇਸ ਸਬੰਧੀ ਜਾਣਕਾਰੀ ਦਿੰਦਿਆ ਮੌਕੇ ਤੇ ਪੁੱਜੇ ਥਾਣਾ ਗੁਰਾਇਆ ਦੇ ਏ.ਐਸ.ਆਈ ਸੁਰਿੰਦਰ ਮੋਹਨ ਨੇ ਦੱਸਿਆ ਸੁਮੀਤ ਕੁਮਾਰ (28 ਸਾਲ) ਪੁੱਤਰ ਸ਼ਿਵ ਕੁਮਾਰ ਵਾਸੀ ਸੀਤਾਪੁਰ ਯੂ ਪੀ ਜੋ ਮਿੱਠੂ ਲਾਲ ਨਾਮ ਦੇ ਘਰ ਦਿਲਬਾਗ ਕਲੋਨੀ ਗੁਰਾਇਆ ਵਿਖੇ ਕਿਰਾਏ ਤੇ ਇੱਕ ਮਹੀਨੇ ਤੋਂ ਇੱਕਲਾ ਹੀ ਰਹਿ ਰਿਹਾ ਸੀ।ਦਿਮਾਗੀ ਪਰੇਸ਼ਾਨੀ ਦੇ ਚੱਲਦਿਆਂ ਉਸ ਨੇ ਪੱਖੇ ਨਾਲ ਲਟਕ ਕੇ ਆਤਮ ਹੱਤਿਆ ਕਰ ਲਈ। ਪੁਲਿਸ ਨੇ ਲਾਸ਼ ਨੂੰ ਕਬਜੇ ਵਿੱਚ ਲੈ ਸਿਵਲ ਹਸਪਤਾਲ ਫਿਲੌਰ ਵਿੱਚ ਸਮ੍ਹਾ ਕਰਵਾ ਦਿੱਤਾ।ਉਨ੍ਹਾਂ ਕਿਹਾ ਕਿ ਸੁਮੀਤ ਕੁਮਾਰ ਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ, ਉਨ੍ਹਾਂ ਦੇ ਬਿਆਨਾ ਦੇ ਕਾਰਵਾਈ ਕੀਤੀ ਜਾਵੇਗੀ।

# ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀਆਂ ਭੇਟ

ਮਾਹਿਲਪੁਰ (ਸਹੋਤਾ)- ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਸੂਬੇ ਤੇ ਕੇਂਦਰ ਦੀਆਂ ਮੌਜੂਦਾ ਸਰਕਾਰਾਂ ਨੂੰ ਲਾਹਨਤਾਂ ਪਾਉਂਦਿਆਂ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਨੂੰ ਮਿੱਟੀ ਵਿੱਚ ਨਾ ਮਿਲਾਓ।ਦੇਸ਼ ਨੂੰ ਲੁਟੇਰੇ ਸਰਮਾਏਦਾਰਾਂ ਕੋਲ ਗਹਿਣੇ ਨਾ ਧਰੋ।ਰੱਖਿਆਂ ਨੂੰ ਧੱਕ ਕੇ ਨੌਜਵਾਨਾਂ ਨੂੰ ਭੁਗਤਾਨ ਦਿਓ।ਸਵਿੰਧਾਨ ਅਨੁਸਾਰ ਦੇਸ਼ ਚਲਾਓ। ਇਸ ਮੌਕੇ ਤੇ ਰਵੀ ਕੁਮਾਰ, ਮਦਨ ਲਾਲ, ਧੀਰਜ ਕੁਮਾਰ, ਮਨੂ ਭਾਰਗਵ, ਦਿਨੇਸ਼ ਚੌਂਧਾ, ਜਸਵਿੰਦਰ ਸਿੰਘ, ਮੋਹਣ ਲਾਲ, ਵਿਨੇ ਕੁਮਾਰ, ਮਨਿੰਦਰ ਬੈਂਸ, ਮਲਕੀਤ ਸਿੰਘ, ਕੁਲਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ ਤੇ ਦੇਸ਼ ਦੀ ਆਜ਼ਾਦੀ,ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਅਹਿਦ ਕੀਤਾ।



# ਸ਼ੋਕ ਸਮਾਚਾਰ

ਕਿਸ਼ਨਗੜ੍ਹ (ਸੁਖਜੀਤ ਕੁਮਾਰ)- ਸਮਾਜ ਸੇਵਕ ਸੱਤਪਾਲ ਵਿਰਦੀ ਵਾਸੀ ਰਾਏਪੁਰ ਰਸੂਲਪੁਰ ਜਲੰਧਰ ਦੀ ਮਾਤਾ ਪ੍ਰਕਾਸ਼ ਕੌਰ ਸੁਪਤਨੀ ਸਵ. ਤੋਤਾ ਰਾਮ ਦੀ ਅੰਤਿਮ ਅਰਦਾਸ 3 ਅਗਸਤ ਨੂੰ ਬਾਅਦ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਡੇਰਾ ਸੰਤ ਬਾਬਾ ਪ੍ਰੀਤਮ ਦਾਸ ਬਾਬੇ ਜੌੜੇ ਰਾਏਪੁਰ ਰਸੂਲਪੁਰ ਵਿਖੇ ਹੋਵੇਗੀ।